ਅਕਤੂਬਰ 2025

# ਗੁਰਮਤਿ ਵਿਰਸਾ

# GURMAT VIRSA गुरमति विरसा

Year-7, Issue-3, October 2025, Ludhiana gurmatvirsa@gmail.com Multilingual Price 25/-



# ਪੰਜਾਬ ਵਿਚ ਹੜ੍ਹਾਂ ਦੀ ਤਬਾਹੀ

# ਪੰਜਾਬ ਅਤੇ ਭਾਰਤ ਦੇ ਹੋਰ ਪਿੰਡ/ਸ਼ਹਿਰਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਵੱਡੀ ਗਿਣਤੀ ਵਿਚ ਕੈਂਪ ਲਗਾਏ ਗਏ ਜਿਸ ਵਿਚ ਸੈਂਕੜੇ ਬੱਚਿਆਂ ਨੇ ਭਾਗ ਲਿਆ।



ਕੇਂਦਰ ਅੱਪਰਾ ਦੇ ਪਿੰਡ ਸ਼ੰਕਰ ਵਿਖੇ ਸੈਂਟ ਜੌਨ ਅਕੈਡਮੀ ਵਿਚ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਅੱਪਰਾ ਦੇ ਪਿੰਡ ਥਲਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਖਨਾਲ ਖੁਰਦ ਵਿਖੇ ਲੱਗ ਰਹੀ ਵੀਰਾਂ ਦੀ ਗੁਰਬਾਣੀ ਸੰਥਿਆ ਦੀ ਕਲਾਸ।



ਕੇਂਦਰ ਖਨਾਲ ਖੁਰਦ ਦੇ ਪਿੰਡ ਮੁਨਸ਼ੀਵਾਲਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਨਵਾਂਸ਼ਹਿਰ ਦੇ ਪਿੰਡ ਦੇਨੋਵਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਬੁਗਰਾ ਵਿਖੇ ਦਸਤਾਰ ਮੁਕਾਬਲੇ ਉਪਰੰਤ ਬੱਚਿਆਂ ਅਤੇ ਪ੍ਰਬੰਧਕ ਵੀਰਾਂ ਦੀ ਸਾਂਝੀ ਤਸਵੀਰ



ਕੇਂਦਰ ਬੁਗਰਾ ਦੇ ਸਕੂਲ ਵਿਚ ਲੋੜਵੰਦ ਬੱਚਿਆਂ ਨੂੰ ਐਜੂਏਡ ਸਹਾਇਤਾ ਰਾਸ਼ੀ ਵੰਡੀ ਗਈ।

# ਗੁਰਮਤਿ ਵਿਰਸਾ

**ਅਕਤੂਬਰ 2025** **(ਮਾਸਿਕ ਮੈਗਜ਼ੀਨ)**

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਢੁੱਘ


## ਭਾਦੋਂ-ਅੱਸੂ ਮਹੀਨੇ ਦੇ ਖਾਸ ਦਿਹਾੜੇ

- ਮੇਲਾ ਬੀੜ ਬਾਬਾ ਬੁੱਢਾ ਜੀ : 21 ਅੱਸੂ (5 ਅਕਤੂਬਰ)
- ਪ੍ਰਕਾਸ਼ ਪਾਤਸ਼ਾਹੀ ਚੌਥੀ : 25 ਅੱਸੂ (9 ਅਕਤੂਬਰ)
- ਗੁਰਗੱਦੀ ਪਾਤਸ਼ਾਹੀ ਅੱਠਵੀਂ : 6 ਕੱਤਕ (20 ਅਕਤੂਬਰ)
- ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : 6 ਕੱਤਕ (20 ਅਕਤੂਬਰ)
- ਜੋਤੀ-ਜੋਤਿ ਪਾਤਸ਼ਾਹੀ ਸੱਤਵੀਂ : 6 ਕੱਤਕ (20 ਅਕਤੂਬਰ)
- ਜੋਤੀ-ਜੋਤਿ ਗੁਰੂ ਗੋਬਿੰਦ ਸਿੰਘ ਜੀ : 7 ਕੱਤਕ (21 ਅਕਤੂਬਰ)
- ਸਾਕਾ ਪੰਜਾ ਸਾਹਿਬ : 14 ਕੱਤਕ (28 ਅਕਤੂਬਰ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
Responsible for collection of all Printed matter as per PRB Act
**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


ਸੰਪਾਦਕੀ 4
ਸਵਾਲ ਜਵਾਬ 8
ਸ਼ਬਦ ਵਿਚਾਰ 9
ਸੁਖਮਨੀ: ਚੜ੍ਹਦੀ-ਕਲਾ ਦਾ ਮਾਰਗ 10
ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ 14
ਸਾਡੇ ਬੰਦੀ ਸਿੰਘਾਂ ਲਈ 'ਸਮਰੱਥ ਅਥਾਰਿਟੀ' ਕਦੋਂ ਬੋਹੜੂ? 17
ਚੜ੍ਹਦੀ ਕਲਾ ਦੀ ਪ੍ਰਾਪਤੀ 19
ਕਿਤਾਬ ਸਮੀਖਿਆ: ਗੁਰਬਾਣੀ ਦੇ ਚਾਨਣ ਵਿਚ ਮਨੁੱਖੀ ਮਨ 21
ਨੰਨੇ ਵਾਰਸ 22
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ... (ਲੜੀਵਾਰ) 24
ਫੌਜੀਆਂ ਨੂੰ ਆਪਣੀ ਹੀ ਸਰਕਾਰ ਖਿਲਾਫ਼ ਕਿਉਂ ਲੜਨਾ ਪਵੇ? 28
ਪੰਜਾਬੀ ਸਾਹਿਤ ਦਾ ਇੱਕ ਅਹਿਮ ਸ਼ਾਹਕਾਰ, ਨਜ਼ਾਬਤ ਦੀ ਵਾਰ 30
ਕਾਵਿ ਕਿਆਰੀ 32
ਪਾਣੀ ਦਾ ਪਲੀਤ ਹੋਣਾ: ਦਰਿਆਈ ਪਾਣੀਆਂ ਵਿਚ ਮਲ... 33
**मानवता और जात-पात 34**
Guru Har Rai Sahib Ji 36
ਸਿਹਤ ਸੰਭਾਲ 38
ਸਾਡੀ ਖੇਤੀ 39
ਗੁਰਮਤਿ ਸੰਜੋਗ 40
ਅਗਸਤ ਮਹੀਨੇ ਦੀਆਂ ਸਰਗਰਮੀਆਂ 41





## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਪੰਜਾਬ ਵਿਚ ਹੜ੍ਹਾਂ ਦੀ ਤਬਾਹੀ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਰਾਜਿਆ ਰਾਜ ਕਰੇਂਦਿਆਂ, ਉੱਠ ਤੱਕ ਆਪਣਾ ਪੰਜਾਬ।
ਘੁੱਗ ਵੱਸਦੇ ਲੋਕੀਂ ਉਜੜੇ ਚੜ੍ਹ ਆਇਆ ਇੰਝ ਸੈਲਾਬ।
ਜੋ ਪੁੱਤਾਂ ਵਾਙੂੰ ਪਾਲੀਆਂ, ਉਹ ਫਸਲਾਂ ਗਈਆਂ ਡੁੱਬ।
ਗਾਵਾਂ ਮੱਝਾਂ ਰੁੜ੍ਹ ਗਈਆਂ, ਤੱਕ ਦਿੱਲ ਚੋਂ ਨਿਕਲੇ ਭੁੱਬ।
ਹਰ ਖੇਤ ਚ ਦਰਿਆਵੀ ਸੁਕਦਾ, ਇਹ ਕੇਹੀ ਆਈ ਰੁੱਤ।
ਪਰ ਚੜ੍ਹਦੀ ਕਲਾ ਵਿੱਚ ਰਹਿਣਗੇ, ਪੰਜਾਬ ਸਿੰਆਂ ਤੇਰੇ ਪੁੱਤ।
ਜਿੰਨ੍ਹਾਂ ਲਈ ਲੰਗਰ ਲਾਏ ਤੂੰ, ਵੱਟ ਪਾਸਾ ਹੋਏ ਗੈਰ।
ਫਿਰ ਆਪਣੇ ਹੀ ਕੰਮ ਆਏ ਨੇ, ਜਿੰਨਾਂ ਪੁੱਛੀ ਤੇਰੀ ਖੈਰ।
ਇਹ ਧਰਤ ਫਿਰ ਹਰੀ ਹੋਏਗੀ, ਬੱਸ ਏਦ੍ਹੇ ਵਿੱਚ ਧਰਵਾਸ।
ਸਭ ਸੁੱਖੀ ਵੱਸਣ ਦਾਤਿਆ, ਤੇਰੇ ਚਰਨਾਂ ਵਿੱਚ ਅਰਦਾਸ।

ਸਤਿੰਦਰ ਸਿੰਘ ਓਠੀ

ਮਨੁੱਖੀ ਇਤਿਹਾਸ ਵਿੱਚ ਨਿਗਾਹ ਮਾਰਦੇ ਹਾਂ ਮਨੁੱਖੀ ਸਭਿਅਤਾ ਦਰਿਆਵਾਂ ਨਦੀਆਂ ਦੇ ਕਿਨਾਰਿਆਂ ਤੇ ਹੀ ਅਬਾਦ ਹੋਈ ਹੈ। ਜਿੱਥੇ ਪਾਣੀ ਹੋਵੇਗਾ ਓੱਥੇ ਹੀ ਜ਼ਿੰਦਗੀ ਚਲਦੀ ਹੈ। ਸਿੰਧ ਘਾਟੀ ਦੀ ਸਭਿਅਤਾ ਦਰਿਆ ਸਿੰਧ 'ਤੇ ਵੱਸੀ ਹੈ। ਮਿਸਰ ਦੀ ਸਭਿਅਤਾ ਨੀਲ ਦਰਿਆ ਦੇ ਨੇੜੇ ਪ੍ਰਫੁੱਲਿਤ ਹੋਈ ਹੈ। ਮੈਸੋਪਟਾਮੀਅਮ ਦੀ ਸਭਿਅਤਾ ਦਜ਼ਲਾ ਤੇ ਫਰਾਤ ਦਰਿਆਵਾਂ ਦੇ ਨੇੜੇ ਵੱਸੀ ਹੈ। ਇਨ੍ਹਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਪ੍ਰਾਚੀਨ ਸਭਿਆਤਾਵਾਂ ਦਰਿਆਵਾਂ ਦੇ ਕਿਨਾਰਿਆਂ ਜਾਂ ਦਰਿਆਵਾਂ ਦੇ ਨੇੜੇ ਵਿਕਸਤ ਹੋਈਆਂ ਹਨ। ਦਰਿਆ ਮਨੁੱਖੀ ਲੋੜਾਂ ਨੂੰ ਪੂਰਾ ਕਰਦੇ ਹਨ। ਖੇਤੀ, ਪਸ਼ੂ, ਪੰਛੀ ਆਦਿ ਸਭ ਪਾਣੀਆਂ ਦੇ ਨੇੜੇ ਹੀ ਜ਼ਿਉਂਦੇ ਰਹਿ ਸਕਦੇ ਹਨ। ਦਰਿਆਵਾਂ ਰਾਹੀਂ ਬੇੜੀਆਂ ਦੁਆਰਾ ਵਪਾਰ ਵਿੱਚ ਵਾਧਾ ਹੋਇਆ।

ਹੜ੍ਹ, ਕੁਦਰਤੀ ਵਹਿਣਾਂ ਦੇ ਪਾਣੀ ਦੀ ਸਤ੍ਹਾ ਜਦ ਜ਼ਿਆਦਾ ਬਾਰਸ਼ਾਂ ਹੋਣ ਕਾਰਨ ਉੱਚੀ ਹੋ ਜਾਏ ਅਤੇ ਇਸ ਪਾਣੀ ਨਾਲ ਨੁਕਸਾਨ ਹੋਣਾ ਸ਼ੁਰੂ ਹੋ ਜਾਏ ਉਸ ਹਾਲਾਤ ਨੂੰ ਹੜ੍ਹ ਕਿਹਾ ਜਾਂਦਾ ਹੈ। ਹੜ੍ਹ ਪਹਾੜੀਆਂ ਤੋਂ ਸ਼ੁਰੂ ਹੁੰਦਾ ਹੋਇਆ ਮੈਦਾਨੀ ਇਲਾਕਿਆਂ ਨੂੰ ਆਪਣੀ ਪਕੜ ਵਿੱਚ ਲੈਂਦਾ ਹੈ।

ਇਤਿਹਾਸ ਦੇ ਪੰਨਿਆਂ ਨੂੰ ਫੋਲੀਏ ਤਾਂ 1658 ਤੇ ਫਿਰ 1910 ਨੂੰ ਪੈਰਿਸ ਵਿੱਚ ਹੜ੍ਹ ਆਇਆ ਸੀ। ਵਾਰਸਾ ਵਿੱਚ 1861 ਤੇ ਫਿਰ 1934 ਨੂੰ ਹੜ੍ਹ ਆਇਆ ਸੀ। ਫਰੈਂਕਟਫਰਟ ਦੇ ਮੇਨ ਦਰਿਆ ਵਿੱਚ 1854 ਤੇ 1930 ਵਿੱਚ, ਰੋਮ ਵਿੱਚ 1530 ਤੇ 1557 ਵਿੱਚ ਹੜ੍ਹ ਆਏ ਸਨ। ਆਸਟ੍ਰੇਲੀਆ ਵਿੱਚ ਡਾਰਲਿੰਗ ਦਰਿਆ ਵਿੱਚ 1864, 1866 ਨੂੰ ਹੜ੍ਹ ਆਇਆ ਸੀ । 1927 ਨੂੰ ਭਾਰਤ ਦੇ ਸਾਰੇ ਦਰਿਆਵਾਂ ਵਿੱਚ ਹੜ੍ਹ ਆਏ ਸਨ।

1009 ਵਿੱਚ ਇੰਗਲੈਂਡ ਅਤੇ ਹਾਲੈਂਡ ਵਿੱਚ ਜ਼ਬਰਦਸਤ ਸਮੁੰਦਰੀ ਤੂਫ਼ਾਨ ਉੱਠਿਆ ਸੀ, ਜਿਸ ਨਾਲ 10000 ਲੋਕ ਮਾਰੇ ਗਏ ਸਨ। ਜੇ ਭਾਰਤ ਦੀ ਗੱਲ ਕਰੀਏ ਤਾਂ ਇਸ ਦੇ ਕੁਝ ਖਾਸ ਹਿੱਸਿਆਂ ਵਿੱਚ ਹੜ੍ਹ ਅਕਸਰ ਆਉਂਦੇ ਰਹਿੰਦੇ ਹਨ। 1952 ਤੋਂ 56 ਤਕ ਬ੍ਰਹਮਪੁੱਤਰ ਦਰਿਆ ਤੇ ਉਸ ਦੀਆਂ ਸਹਾਇਕ ਨਦੀਆਂ ਵਿੱਚ ਹੜ੍ਹਾਂ ਨੇ ਬਹੁਤ ਜਾਨੀ ਤੇ ਮਾਲੀ ਨੁਕਸਾਨ ਕੀਤਾ। 1953 ਨੂੰ ਗੋਦਾਵਰੀ ਨਦੀ ਵਿੱਚ ਤਕੜਾ ਹੜ੍ਹ ਆਇਆ ਤੇ ਭਾਰੀ ਨੁਕਸਾਨ ਹੋਇਆ। 1855 ਵਿੱਚ ਬਿਆਸ, ਸਤਲੁਜ, ਰਾਵੀ ਤੇ ਜਮਨਾ ਦਰਿਆ ਹੜ੍ਹਾਂ ਦੀ ਮਾਰ ਹੇਠ ਆਏ।

1974 ਨੂੰ ਬ੍ਰਹਮਪੁੱਤਰ ਵਾਦੀ ਅਸਾਮ, ਬਿਹਾਰ, ਯੂ. ਪੀ. ਅਤੇ ਉੱਤਰੀ ਬੰਗਾਲ ਵਿੱਚ ਜ਼ਬਰਦਸਤ ਹੜ੍ਹ ਆਏ। ਇਨ੍ਹਾਂ ਹੜ੍ਹਾਂ ਕਾਰਨ ਅੰਦਾਜ਼ਨ 569 ਕਰੋੜ ਦਾ ਨੁਕਸਾਨ ਹੋਇਆ। ਏਸੇ ਸਾਲ ਕੇਰਲਾ ਤੇ ਕਰਨਾਟਕਾ ਵਿੱਚ ਵੀ ਹੜ੍ਹ ਆਏ। 1975 ਨੂੰ ਬਿਹਾਰ ਵਿੱਚ ਹੜ੍ਹ ਆਇਆ ਪਟਨੇ ਦੇ ਤਿੰਨ ਹਿੱਸਿਆਂ ਵਿੱਚ ਪਾਣੀ ਭਰ ਗਿਆ ਸੀ।

1956 ਵਿੱਚ ਹੜ੍ਹ ਕੰਟਰੋਲ ਤੇ ਸੇਮ ਰੋਕੂ ਸਕੀਮਾਂ ਸ਼ੁਰੂ ਕੀਤੀਆਂ ਗਈਆਂ। ਫਲੱਡ ਕੰਟਰੋਲ ਬੋਰਡ ਰਾਜ ਪੱਧਰ ਦੀਆਂ ਨੀਤੀਆਂ ਤਿਆਰ ਕਰਦੇ ਹਨ ਅਤੇ ਰਿਵਰ ਕਮਿਸ਼ਨ ਇਨ੍ਹਾਂ ਨੀਤੀਆਂ ਨੂੰ ਅੰਤਰਰਾਜੀ ਪੱਧਰ 'ਤੇ ਲਾਗੂ ਕਰਦੇ ਹਨ। ਕੌਮੀ ਪੱਧਰ 'ਤੇ ਕੇਂਦਰੀ ਹੜ੍ਹ ਕੰਟਰੋਲ ਬੋਰਡ, ਰਾਜ ਪੱਧਰ ਦੇ ਬੋਰਡਾਂ ਅਤੇ ਰਿਵਰ ਕਮਿਸ਼ਨ ਦੇ ਕੰਮ ਵਿਚਕਾਰ ਤਾਲਮੇਲ ਰੱਖਦਾ ਹੈ।

ਸੰਨ 1954 ਵਿੱਚ ਕੇਂਦਰੀ ਹੜ੍ਹ ਕੰਟਰੋਲ ਪ੍ਰੋਗਰਾਮ ਦੇ ਸ਼ੁਰੂ ਕਰਨ ਨਾਲ 31 ਮਾਰਚ 1975 ਤਕ 7880 ਬੰਨ੍ਹ, 134000 ਕਿਲੋਮੀਟਰ ਲੰਮੀਆਂ ਨਿਕਾਸ ਨਾਲੀਆਂ, 215 ਸ਼ਹਿਰ ਬਚਾਊ ਸਕੀਮਾਂ ਮੁਕੰਮਲ ਹੋ ਚੁੱਕੀਆਂ ਹਨ। 4700 ਪਿੰਡ ਹੜ੍ਹਾਂ ਦੀ ਮਾਰ ਤੋਂ ਉੱਚੇ ਬਣਾਏ ਗਏ ਹਨ। ਇਸ ਸਕੀਮ 'ਤੇ 394 ਕਰੋੜ ਰੁਪਇਆ ਖਰਚ ਆਇਆ। ਇਨ੍ਹਾਂ ਬੰਨ੍ਹਾਂ ਕਰਕੇ 80 ਲੱਖ ਹੈਕਟੇਅਰ ਜ਼ਮੀਨ ਨੂੰ ਲਾਭ ਪਹੁੰਚਿਆ। ਹੜ੍ਹ ਕੰਟਰੋਲ ਕੇਂਦਰ ਭੁਵਨੇਸ਼ਰ, ਦਿੱਲੀ ਗੁਹਾਟੀ, ਜਲਪਾਈਗੁੜ੍ਹੀ, ਲਖਨਊ, ਪਟਨਾ ਤੇ ਸੂਰਤ ਕਾਇਮ ਕੀਤੇ ਗਏ।

ਇਹ ਤੇ ਕੇਂਦਰ ਦੀਆਂ ਨੀਤੀਆਂ ਸਨ ਪਰ ਪੰਜਾਬ ਨੂੰ ਕੀ ਮਿਲਿਆ ਦੇਖਣ ਵਾਲਾ ਮੁੱਦਾ ਹੈ? ਅੱਜ ਵਾਲੇ ਹਾਲਾਤ ਦੇਖ ਕੇ ਤਾਂ ਕਿਹਾ ਜਾ ਸਕਦਾ ਹੈ ਕੇਂਦਰ ਤੇ ਸੂਬਾ ਸਰਕਾਰਾਂ ਦੀ ਬਦਨੀਤੀ ਕਰਕੇ ਪੰਜਾਬ ਹੜ੍ਹਾਂ ਦਾ ਜ਼ਿਆਦਾ ਸ਼ਿਕਾਰ ਹੁੰਦਾ ਆਇਆ ਹੈ।

ਬਜ਼ੁਰਗ ਦਸਦੇ ਹਨ ਕਿ 1947 ਨੂੰ ਜਦੋਂ ਕੇਂਦਰੀ ਸਕੀਮ ਤਹਿਤ ਨੂੰ ਹੱਸਦੇ ਵੱਸਦੇ ਪੰਜਾਬ ਨੂੰ ਉਜਾੜਿਆ ਗਿਆ ਤਾਂ ਓਦੋਂ ਕਹਿਰਾਂ ਦਾ ਮੀਂਹ ਪੈ ਰਿਹਾ ਸੀ। ਛੋਟੇ ਮੋਟੇ ਨਾਲਿਆਂ ਵਿੱਚ ਹੜ੍ਹ ਆਇਆ ਹੋਇਆ ਸੀ। ਚਾਰ ਚੁਫੇਰੇ ਪਾਣੀ ਹੀ ਪਾਣੀ ਨਜ਼ਰ ਆਉਂਦਾ ਸੀ। ਮਨੁੱਖੀ ਸਰੀਰ ਤੇ ਸਰੀਰਾਂ ਦੇ ਟੁਕੜੇ ਪਾਣੀਆਂ ਵਿੱਚ ਤਰਦੇ ਦਿਖਾਈ ਦਿੰਦੇ ਸਨ।

**ਅੱਜ ਬੇਲੇ ਲਾਸ਼ਾਂ ਵਿੱਛੀਆਂ ਤੇ ਲਹੂ ਦੀ ਭਰੀ ਚਨਾਬ**

1955 ਤੇ 1960 ਵਿੱਚ ਵੀ ਪੰਜਾਬ ਵਿੱਚ ਖੌਫਨਾਕ ਹੜ੍ਹ ਆਏ ਸਨ ਓਦੋਂ ਸਾਂਝਾ ਪੰਜਾਬ ਹੁੰਦਾ ਸੀ। ਐਨਾ ਮੀਂਹ ਪਿਆ ਕਿ ਪੰਜਾਬ ਵਿੱਚ ਸੇਮ ਪੈ ਗਈ ਸੀ, ਜਿਸ ਕਰਕੇ ਸੇਮ ਨਾਲੀਆਂ ਪੁੱਟਣੀਆਂ ਪਈਆਂ ਸਨ। ਇਨ੍ਹਾਂ ਸੇਮ ਨਾਲੀਆਂ ਦੀ ਮੈਨੂੰ ਪੂਰੀ ਸੰਭਾਲ਼ ਹੈ। 1978 ਵਿੱਚ ਹੜ੍ਹ ਨੇ ਹਿਮਾਚਲ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ ਵਿੱਚ ਪੂਰੀ ਤਬਾਹੀ ਮਚਾਈ ਸੀ। 1988 ਵਿੱਚ ਫਿਰ ਇਸ ਸਦੀ ਦਾ ਸਭ ਤੋਂ ਭਿਆਨਕ ਹੜ੍ਹ ਆਇਆ ਜਿਹੜਾ ਪੰਜਾਬ ਨੂੰ ਇੱਕ ਤਰ੍ਹਾਂ ਨਾਲ ਤਬਾਹ ਕਰ ਗਿਆ। ਓਦੋਂ ਮੀਡੀਆ ਏਨਾ ਨਹੀਂ ਸੀ ਫਿਰ ਵੀ ਫੋਟੋਆ ਆਦਿ ਦੇਖੀਆਂ ਸਨ ਕਿ ਕਿਸ ਤਰ੍ਹਾਂ ਕਾਰਾਂ ਰੁੜਦੀਆਂ ਜਾਂਦੀਆਂ ਸਨ।

ਹੜ੍ਹ ਜਿੱਥੇ ਕੁਦਰਤੀ ਹਨ ਓੱਥੇ ਮਨੁੱਖੀ ਗਲਤੀਆਂ ਨਾਲ ਵੀ ਵੱਧ ਨੁਕਸਾਨ ਹੁੰਦਾ ਹੈ। ਹੜ੍ਹਾਂ ਦੇ ਮੂਲ ਕਾਰਨ ਕੀ ਹਨ ਇਹ ਸਮਝਣ ਵਾਲਾ ਵਿਸ਼ਾ ਹੈ--

ਪੰਜਾਬ ਸਰਕਾਰ ਦੀ ਖਾਨਾ ਪੂਰਤੀ ਤੇ ਕੇਂਦਰੀ ਸਰਕਾਰ ਵਲੋਂ ਪੰਜਾਬ ਨਾਲ

ਮਤਰੇਈ ਮਾਂ ਵਰਗਾ ਸਲੂਕ ਹੋਣ ਕਰਕੇ ਪੰਜਾਬ ਨਾਲ ਹਰ ਕਿਸਮ ਦਾ ਧੱਕਾ ਹੁੰਦਾ ਆਇਆ ਹੈ ਇਹ ਕੋਈ ਨਵੀਂ ਗੱਲ ਨਹੀਂ ਹੈ।

**1. ਪਹਾੜਾਂ 'ਤੇ ਲਗਾਤਾਰ ਮੀਂਹ ਪੈਣਾ–**

ਹੜ੍ਹਾਂ ਦਾ ਮੁੱਖ ਅਤੇ ਮੁੱਢਲਾ ਕਾਰਨ ਲਗਾਤਾਰ ਮੀਂਹ ਪੈਣਾ ਹੈ। ਲਗਾਤਾਰ ਮੀਂਹ ਪੈਣ ਨਾਲ ਨਦੀਆਂ ਤੇ ਨਾਲਿਆਂ ਦੇ ਕਿਨਾਰੇ ਵੱਧ ਪਾਣੀ ਨੂੰ ਸੰਭਾਲ਼ ਨਹੀਂ ਸਕੇ ਕਿਉਂ ਕਿ ਲੋੜ ਨਾਲੋਂ ਵੱਧ ਪਾਣੀ ਆਇਆ ਹੈ। ਪਾਣੀ ਜਦੋਂ ਆਪਣੇ ਅਸਲੀ ਰੂਪ ਆ ਜਾਏ ਤਾਂ ਉਹ ਹਰ ਰੁਕਾਵਟ ਨੂੰ ਤੋੜਦਾ ਸੂਕਦਾ, ਖੇਰ ਪਾਉਂਦਾ, ਠਾਠਾ ਮਾਰਦਾ ਵਿਸ਼ਾਲ ਹੋਈ ਜਾਂਦਾ ਹੈ।

**2. ਬਿਜਲੀ ਪੈਦਾ ਕਰਨ ਲਈ ਬਣਾਏ ਡੈਮ–**

ਬਿਜਲੀ ਪੈਦਾ ਕਰਨ ਲਈ ਬਣਾਏ ਡੈਮ ਵੀ ਹੜ੍ਹਾਂ ਦਾ ਕਾਰਨ ਬਣਦੇ ਹਨ। ਅਸਲ ਵਿੱਚ ਦੇਖਿਆ ਜਾਏ ਤਾਂ ਡੈਮਾਂ ਦਾ ਜਿੱਥੇ ਫਾਇਦਾ ਹੈ ਉੱਥੇ ਮਾੜੇ ਪ੍ਰਬੰਧਾਂ ਕਰਕੇ ਤਬਾਹੀ ਦਾ ਵੀ ਕਾਰਨ ਬਣਦੇ ਹਨ। ਪੰਜਾਬ ਦੇ ਇੱਕ ਪਾਸੇ ਮੈਦਾਨੀ ਇਲਾਕਾ ਹੈ ਦੂਜੇ ਪਾਸੇ ਪਹਾੜੀਆਂ ਹਨ। ਪਹਾੜੀਆਂ ਤੇ ਬਰਫ ਜੰਮੀ ਹੁੰਦੀ ਹੈ ਜਦੋਂ ਗਰਮੀਆਂ ਆਉਂਦੀਆਂ ਹਨ ਤਾਂ ਓਦੋਂ ਬਰਫ ਪਿਘਲਣੀ ਸ਼ੁਰੂ ਹੁੰਦੀ ਹੈ ਤੇ ਨਾਲ ਹੀ ਮੌਨਸੂਨ ਦੀ ਰੁੱਤ ਆਉਣ ਕਰਕੇ ਮੀਂਹ ਪੈਣੇ ਸ਼ੁਰੂ ਹੋ ਜਾਂਦੇ ਹਨ। ਇੰਝ ਪਾਣੀ ਦਾ ਵਹਿਣ ਤੇਜ਼ ਹੋ ਜਾਂਦਾ ਹੈ ਤੇ ਪਾਣੀ ਦੀ ਮਿਕਦਾਰ ਇੱਕ ਦਮ ਵੱਧ ਜਾਂਦੀ ਹੈ।

ਪੰਜਾਬ ਦੀ ਬਦਕਿਸਮਤੀ ਹੈ ਕਿ ਭਾਖੜਾ ਡੈਮ ਪੰਜਾਬ ਲਈ ਬਣਾਇਆ ਗਿਆ ਸੀ ਪਰ ਇਸ 'ਤੇ ਕਬਜ਼ਾ ਕੇਂਦਰ ਸਰਕਾਰ ਨੇ ਆਪਣਾ ਕਰ ਲਿਆ ਹੈ। ਭਾਖੜਾ ਡੈਮ ਬਣਾਉਣ ਵਾਲਿਆਂ ਦੀ ਭਾਵਨਾ ਸੀ ਕਿ ਭਾਖੜੇ ਤੇ ਬੰਨ੍ਹ ਮਾਰ ਕੇ ਪਾਣੀ ਨੂੰ ਇਕੱਠਾ ਕੀਤਾ ਜਾਏ ਤੇ ਸਾਰਾ ਸਾਲ ਪੰਜਾਬ ਤੇ ਵਾਧੂ ਪਾਣੀ ਹੋਰ ਸੂਬਿਆਂ ਨੂੰ ਵੀ ਦਿੱਤਾ ਜਾਏ। ਪਾਣੀ ਤੇ ਬਿਜਲੀ ਪੰਜਾਬ ਨਾਲੋਂ ਵੱਧ ਦੂਜੇ ਸੂਬੇ ਵਰਤਦੇ ਹਨ ਪਰ ਇਹ ਸੂਬੇ, ਪੰਜਾਬ ਨੂੰ ਕੋਈ ਮੁਆਮਲਾ ਨਹੀਂ ਦਿੰਦੇ ਹਨ ਪਰ ਬਿਜਲੀ ਪਾਣੀ ਪੂਰੀ ਤਰ੍ਹਾਂ ਵਰਤਦੇ ਹਨ। ਪੰਜਾਬ ਕੋਲ ਰਹਿ ਜਾਂਦੀ ਹੈ ਹੜ੍ਹਾਂ ਦੀ ਮਾਰ।

ਸਭ ਤੋਂ ਵੱਡੀ ਬੇ-ਇਨਸਾਫ਼ੀ ਪੰਜਾਬ ਦੀ ਇਥੋਂ ਹੀ ਸ਼ੁਰੂ ਹੁੰਦੀ ਹੈ। ਭਾਖੜੇ ਨਾਲ ਦਿੱਲੀ, ਹਿਮਾਚਲ, ਹਰਿਆਣੇ ਤੇ ਧੱਕੇ ਨਾਲ ਰਾਜਸਥਾਨ ਨੂੰ ਵੀ ਜੋੜ ਦਿੱਤਾ ਗਿਆ। ਭਾਖੜਾ ਡੈਮ ਦੀ ਵੱਧ ਤੋਂ ਵੱਧ 1680 ਫੁੱਟ ਤੇ ਐਮਰਜੈਂਸੀ ਸਮੇਂ 1685 ਫੁੱਟ ਤੱਕ ਪਾਣੀ ਜਮ੍ਹਾ ਕੀਤਾ ਜਾ ਸਕਦਾ ਹੈ। ਭਾਖੜਾ ਡੈਮ ਤੋਂ ਵਾਧੂ ਪਾਣੀ ਸਮੇਂ ਸਮੇਂ ਛੱਡਿਆ ਜਾਂਦਾ ਹੈ।

ਇਸ ਵਾਰੀ ਭਾਖੜਾ ਡੈਮ ਦਾ ਸਾਰਾ ਕੰਟਰੋਲ ਕੇਂਦਰ ਦੀਆਂ ਕੱਠ-ਪੁੱਤਲੀਆਂ ਨੇ ਆਪਣੇ ਹੱਥਾਂ ਵਿੱਚ ਕਰ ਲਿਆ ਹੈ। ਮੌਸਮ ਵਿਭਾਗ ਨੂੰ ਸਾਰਾ ਪਤਾ ਹੁੰਦਾ ਹੈ ਕਿ ਇਸ ਵਾਰੀ ਕਿੰਨੀ ਮਿਕਦਾਰ ਤੇ ਕਦੋਂ ਕਦੋਂ ਮੀਂਹ ਪੈਣਾ ਹੈ। ਪੂਰੀਆਂ ਭਵਿੱਖ ਬਾਣੀਆਂ ਕਰਦੇ ਹਨ। ਪੰਜਾਬ ਨੂੰ ਛੱਡ ਕੇ ਬਾਕੀ ਸਾਰੇ ਸੂਬੇ ਹਮੇਸ਼ਾਂ ਇਹ ਚਾਹੁੰਦੇ ਹਨ ਕਿ ਪਹਿਲਾਂ ਭਾਖੜਾ ਡੈਮ ਦੀ ਝੀਲ ਨੂੰ ਪੂਰੀ ਤਰ੍ਹਾਂ ਭਰ ਲਿਆ ਜਾਏ ਫਿਰ ਵਾਧੂ ਪਾਣੀ ਛੱਡਿਆ ਜਾਏ। ਆਮ ਹਾਲਤਾਂ ਵਿੱਚ ਭਾਖੜਾ ਡੈਮ ਨੂੰ ਪੂਰਾ ਭਰਨ ਲਈ 30 ਸਤੰਬਰ ਤੱਕ ਹੱਦ ਮਿੱਥੀ ਹੁੰਦੀ ਹੈ। ਮੌਸਮ ਵਿਭਾਗ ਦੀ ਸਲਾਹ ਨਾਲ ਪਹਿਲਾਂ ਨਾਲ ਦੀ ਨਾਲ ਪਾਣੀ ਛੱਡਿਆ ਜਾਂਦਾ ਹੈ। 30 ਸਤੰਬਰ ਤੱਕ ਓਨਾ ਕੁ ਪਾਣੀ ਜਮ੍ਹਾ ਹੋ ਜਾਂਦਾ ਸੀ ਜਿੰਨਾ ਭਾਖੜਾ ਡੈਮ ਚਾਹੀਦਾ ਹੁੰਦਾ ਹੈ।

ਇਸ ਵਾਰੀ ਡੈਮ ਵਿੱਚ ਪਾਣੀ ਤਾਂ ਆਉਂਦਾ ਰਿਹਾ ਪਰ ਡੈਮ ਵਿਚੋਂ ਵਾਧੂ ਪਾਣੀ ਬਹੁਤ ਘੱਟ ਘੱਟ ਮਿਕਦਾਰ 'ਤੇ ਛੱਡਿਆ ਜਾਂਦਾ ਰਿਹਾ। ਨੀਤੀ ਇਹ ਸੀ ਕਿ ਪਹਿਲਾਂ ਪੂਰੀ ਤਰ੍ਹਾਂ ਡੈਮ ਭਰ ਲਿਆ ਜਾਏ।

ਦੂਸਰਾ ਹਿਮਾਚਲ ਵਿੱਚ ਬੱਦਲ ਫੱਟਣ ਨਾਲ ਮੀਂਹ ਵੱਧ ਪੈਣਾ ਸ਼ੁਰੂ ਹੋ ਗਿਆ। ਭਾਖੜਾ ਡੈਮ ਦੇ ਪ੍ਰਬੰਧਕਾਂ ਨੇ ਪਾਣੀ ਦਾ ਨਿਕਾਸ ਇੱਕ ਦਮ ਵਧਾ ਦਿੱਤਾ। ਪਹਾੜੀਆਂ 'ਤੇ ਮੋਹਲ਼ੇਧਾਰ ਮੀਂਹ ਪੈਣ ਨਾਲ ਭਾਖੜਾ ਡੈਮ ਵਿੱਚ ਪਾਣੀ ਵੱਧ ਆ ਗਿਆ। ਵੱਧ ਪਾਣੀ ਨੇ ਤਾਂ ਮੈਦਾਨੀ ਇਲਾਕੇ ਵਿੱਚ ਹੀ ਆਉਣਾ ਸੀ।

ਅਗਲੇ ਪਾਸੇ ਜਿਹੜੇ ਪੈਸੇ ਬੰਨ੍ਹਾਂ ਦੀ ਮੁਰੰਮਤ ਕਰਨ ਲਈ ਜਾਂ ਨਾਲਿਆਂ ਦੀ ਸਫ਼ਾਈ ਕਰਨ ਲਈ ਆਏ ਸਨ ਉਹ ਪਤਾ ਹੀ ਨਹੀਂ ਕਿਹੜੇ ਪਾਸੇ ਚਲੇ ਗਏ। ਇਰੀਗੇਸ਼ਨ ਮਹਿਕਮੇ ਵਿੱਚ ਕਈ ਸਾਲ ਪਹਿਲਾਂ ਵੀ ਘੁਟਾਲੇ ਹੋਏ, ਪਰ ਉਹ ਕਿਸੇ ਵੀ ਤਣ ਪੱਤਰ ਨਹੀਂ ਲੱਗੇ। ਭਾਖੜਾ ਡੈਮ ਤੋਂ ਛੱਡਿਆ ਪਾਣੀ ਤੇ ਲਗਾਤਾਰ ਮੋਲ਼ੇਧਾਰ ਮੀਂਹ ਨੇ ਪੰਜਾਬ ਵਿੱਚ ਤਬਾਹੀ ਮਚਾ ਦਿੱਤਾ। ਪਾਣੀ ਦੀ ਰਫ਼ਤਾਰ ਬਹੁਤ ਜ਼ਿਆਦਾ ਸੀ। ਇਕ ਤਰ੍ਹਾਂ ਪਾਣੀ ਸਲੈਬ ਦੇ ਰੂਪ ਵਿੱਚ ਆਇਆ। ਲੋਕਾਂ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਮਿਲਿਆ। ਦੇਖਦਿਆਂ ਦੇਖਦਿਆਂ ਪਿੰਡਾਂ ਦੇ ਪਿੰਡ ਡੁੱਬ ਗਏ।

**3. ਦਰਖੱਤਾਂ ਦੀ ਕਟਾਈ–**

ਜਦੋਂ ਰਾਜਨੀਤਿਕ ਲੋਕ ਰਿਸ਼ਵਤਖੋਰ ਹੋ ਜਾਣ ਤਾਂ ਅਹਿਲਕਾਰ ਆਪਣੇ ਆਪ ਹੀ ਰਿਸ਼ਵਤਖੋਰ ਹੋ ਜਾਂਦੇ ਹਨ। ਅਜਿਹੇ ਹਾਲਾਤਾਂ ਵਿੱਚ ਸੂਬੇ ਦਾ ਭਲਾ ਕਰਨ ਦੀ ਥਾਂ 'ਤੇ ਇਹ ਲੋਕ ਆਪਣੇ ਹੀ ਘਰ ਭਰਨ ਲੱਗ ਜਾਂਦੇ ਹਨ। ਇਸ ਤਾਣੇ ਬਾਣੇ ਦੇ ਲਾਲਚ ਨੇ ਜੰਗਲਾਂ ਦੀ ਬਹੁਤ ਵੱਡੀ ਪੱਧਰ 'ਤੇ ਕਟਾਈ ਕੀਤੀ ਹੈ, ਪਰ ਅਗਾਂਹ ਨਵੇਂ ਦਰੱਖਤ ਓਨੇ ਨਹੀਂ ਲਗਾਏ ਹਨ। ਪਹਾੜਾਂ 'ਤੇ ਜੰਗਲਾਂ ਦੀ ਘਾਟ ਕਰਕੇ ਪਾਣੀ ਦਾ ਵਹਾ ਤੇਜ਼ ਹੁੰਦਾ ਹੈ ਜੋ ਮੈਦਾਨੀ ਇਲਾਕੇ ਲਈ ਮੁਸੀਬਤ ਦਾ ਕਾਰਨ ਬਣਦੇ ਹਨ।

**4. ਕੁਦਰਤੀ ਵਹਾ ਨੂੰ ਅੱਖੋਂ ਪਰੋਖੇ ਕਰਨਾ—**

ਬਹੁਤ ਵੱਡੀ ਸਮੱਸਿਆ ਹੈ ਕਿ ਸਾਡੀਆਂ ਰਲਵੇ ਲਾਈਨਾਂ ਜਾਂ ਸੜਕਾਂ ਬਣਦੀਆਂ ਹਨ ਪਰ ਬਰਸਾਤੀ ਪਾਣੀ ਦੇ ਨਿਕਾਸ ਲਈ ਪੁੱਲ਼ੀਆਂ ਬਹੁਤ ਛੋਟੀਆਂ ਬਣਾਈਆਂ ਜਾਂਦੀਆਂ ਹਨ ਜਿਸ ਕਰਕੇ ਪਾਣੀ ਆਲੇ ਦੁਆਲੇ ਇਕੱਠਾ ਹੋ ਕੇ ਹੜ੍ਹ ਦਾ ਰੂਪ ਧਾਰਨ ਕਰ ਲੈਂਦਾ ਹੈ।

**5. ਧੁੱਸੀ ਬੰਨ੍ਹ ਦੀ ਸਮੇਂ ਸਿਰ ਮੁਰੰਮਤ ਨਾ ਕਰਨੀ–**

ਦਰਿਆ ਦੇ ਹੜ੍ਹ ਨੂੰ ਰੋਕਣ ਲਈ ਜਿੱਥੇ ਦਰਿਆਵਾਂ ਦੇ ਕੰਢੇ ਉੱਚੇ ਕੀਤੇ ਜਾਂਦੇ ਓੱਥੇ ਨੇੜੇ ਧੁੱਸੀ ਬੰਨ੍ਹ ਬਣਾਏ ਜਾਂਦੇ ਹਨ ਜਿਹੜੇ ਮੀਹਾਂ ਕਾਰਨ ਅਕਸਰ ਖੁਰਦੇ ਰਹਿੰਦੇ ਹਨ ਉਨ੍ਹਾਂ ਦੀ ਢੁੱਕਵੀਂ ਦੇਖ ਭਾਲ਼ ਨਹੀਂ ਹੁੰਦੀ। ਦੂਜਾ ਲੋਕਲ ਰਹਿਣ ਵਾਲੇ ਲੋਕ ਆਪਣੇ ਸੌਖ ਲਈ ਧੁੱਸੀ ਬੰਨ੍ਹ ਨਾਲ ਛੇੜ-ਛਾੜ ਵੀ ਕਰ ਲੈਂਦੇ ਹਨ ਜਿਵੇਂ ਟ੍ਰੈਕਟਰ ਲੰਘਾਉਣ ਲਈ ਧੱਕੇ ਨਾਲ ਲਾਂਘਾ ਬਣਾ ਲੈਣਾ ਉਂਝ ਵੀ ਮੁਰੰਮਤ ਨਾ ਹੋਣ ਕਰਕੇ ਧੁੱਸੀ ਕਈ ਥਾਂਵਾਂ ਤੋਂ ਕੰਮਜ਼ੋਰ ਪੈ ਜਾਂਦੀ ਹੈ ਜੋ ਤੇਜ਼ ਵਹਾ ਵਾਲੇ ਪਾਣੀ ਦਾ ਮੁਕਾਬਲਾ ਨਹੀਂ ਕਰ ਸਕਦੀ। ਇਸ ਵਾਰੀ ਧੁੱਸੀ ਬੰਨਾਂ ਵਿੱਚ ਬਹੁਤ ਵੱਡਾ ਪਾੜ ਪੈਣ ਨਾਲ ਹੀ ਜ਼ਿਆਦਾ ਨੁਕਸਾਨ ਹੋਇਆ ਹੈ।

**6. ਪਾਣੀ ਦੇ ਕੁਦਰਤੀ ਵਹਾ ਵਿੱਚ ਰੁਕਾਵਟਾਂ ਖੜੀਆਂ ਕਰਨੀਆਂ–**

ਹੜ੍ਹ ਤਾਂ ਕਦੇ ਕਦੇ ਹੀ ਆਉਂਦੇ ਹਨ ਪਰ ਜਦੋਂ ਆਉਂਦੇ ਹਨ ਤਾਂ ਨਾਨੀ ਚੇਤੇ ਕਰਾ ਦਿੰਦੇ ਹਨ। ਜਦੋਂ ਮੀਂਹ ਪੈਂਦਾ ਹੈ ਤਾਂ ਪਾਣੀ ਆਪਣੇ ਕੁਦਰਤੀ ਵਹਾ 'ਤੇ ਚੱਲਦਾ ਹੈ। ਵਪਾਰੀ ਬਿਰਤੀ ਨੇ ਕੁਦਰਤੀ ਵਹਾ ਵਾਲੇ ਰਸਤਿਆਂ 'ਤੇ ਕਲੋਨੀਆਂ ਕੱਟ ਲਈਆਂ ਜਾਂ ਆਪਣੇ ਖੇਤਾਂ ਨਾਲ ਮਿਲਾ ਲਿਆ। ਪਾਣੀ ਦੇ ਕੁਦਰਤੀ ਰਸਤਿਆਂ ਵਿੱਚ ਮਨੁਖਾਂ ਵਲੋਂ ਰੁਕਾਵਟਾਂ ਖੜੀਆਂ ਕਰਨੀਆਂ ਹੜ੍ਹਾਂ ਦਾ ਕਾਰਨ ਬਣਦੀਆਂ। ਉਂਝ ਕਾਨੂੰਨ ਹੈ ਕਿ ਕਿਸੇ ਵੀ ਦਰਿਆ ਦੇ ਆਲ਼ੇ ਦੁਆਲੇ 20 ਤੋਂ 30 ਪ੍ਰਤੀਸ਼ੱਤ ਹਿੱਸਾ ਕੁਦਰਤੀ ਵਾਤਾਵਰਨ ਲਈ ਰਾਖਵਾਂ ਰੱਖਣਾ ਜ਼ਰੂਰੀ ਹੈ। ਇਹ ਵਾਤਾਵਰਨ ਮਹਿਕਮੇ ਦਾ ਕਾਨੂੰਨ ਹੈ ਪਰ ਸਾਡਾ ਖ਼ਿਆਲ ਹੈ ਕਿ ਪੰਜਾਬ ਸਰਕਾਰ ਨੇ ਸ਼ਾਇਦ ਹੀ ਇਸ ਦੀ ਕਦੇ ਘੋਖ ਕੀਤੀ ਹੋਵੇ।

**7. ਹੜ੍ਹਾਂ ਦੇ ਲਈ ਪ੍ਰਬੰਧ ਅਗਾਊਂ ਨਾ ਕਰਨੇ–**

ਹੜ੍ਹਾਂ ਵਾਲਾ ਮਹਿਕਮਾ ਹੀ ਵੱਖਰਾ ਹੈ ਤਾਂ ਫਿਰ ਇਸ ਮਹਿਕਮੇ ਦੀ ਪੂਰੀ ਜ਼ਿੰਮੇਵਾਰੀ ਹੈ ਕਿ ਬਰਸਾਤੀ ਰੁੱਤ ਆਉਣ ਤੋਂ ਪਹਿਲਾਂ ਉਚੇਚੇ ਪ੍ਰਬੰਧ ਕੀਤੇ ਜਾਣ। ਅਸਲ ਵਿੱਚ ਚਾਹੀਦਾ ਤਾਂ ਇਹ ਸੀ 1988 ਦੇ ਹੜ੍ਹ ਨੂੰ ਮੁੱਖ ਰੱਖਦਿਆਂ ਉਸ ਤੋਂ ਕਿਤੇ ਜ਼ਿਆਦਾ ਪੁਖਤਾ ਪ੍ਰਬੰਧ ਕੀਤੇ ਜਾਂਦੇ। ਪਰ ਅਜੇਹੀ ਹੜ੍ਹਾਂ ਦੀ ਹਾਲਤ ਦੇਖਕੇ ਤਾਂ ਲਗਦਾ ਹੈ ਹੜ੍ਹਾਂ ਵਾਲਾ ਮਹਿਕਮਾ ਕੋਈ ਹੈ ਹੀ ਨਹੀਂ।

**8. ਭਾਰਤ ਮਾਲਾ ਅਧੀਨ ਸੜਕਾਂ ਦਾ ਨਿਰਮਾਣ–**

ਆਵਾਜਾਈ ਦੇ ਸਾਧਨਾ ਲਈ ਸੜਕਾਂ ਦਾ ਨਿਰਮਾਣ ਹੋਣਾ ਬੜਾ ਜ਼ਰੂਰੀ ਹੈ ਪਰ ਠੇਕੇਦਾਰ ਪੈਸੇ ਬਚਾਉਣ ਲਈ ਪੁਲ਼ਾਂ ਦਾ ਪੂਰਾ ਨਿਰਮਾਣ ਨਹੀਂ ਕਰਦੇ। ਨਹਿਰਾਂ ਤੇ ਸੜਕਾਂ ਬਣਾਉਣ ਸਮੇਂ ਪਾਣੀ ਦੀ ਢਲਾਣ ਦਾ ਧਿਆਨ ਰੱਖਣਾ ਜ਼ਰੂਰੀ ਹੈ। ਨਵੀਆਂ ਕਲੋਨੀਆਂ ਵੀ ਕੱਟਣੀਆਂ ਹਨ ਤਾਂ ਪਾਣੀ ਦੇ ਕੁਦਰਤੀ ਨਿਕਾਸ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ।

**9. ਬੇ-ਤਰਤੀਬੀ ਨਾਲ ਰੇਤਾ ਕੱਢਣਾ-**

ਪੰਜਾਬ ਵਿੱਚ ਰੇਤ ਮਾਫੀਆ ਪੂਰੀ ਤਰ੍ਹਾਂ ਸਰਗਰਮ ਹੈ ਜਿੰਨੀ ਲੁੱਟ ਰੇਤ ਮਾਫੀਏ ਨੇ ਮਚਾਈ ਹੈ ਓਨੀ ਸ਼ਾਇਦ ਹੀ ਹੋਰ ਕਿਸੇ ਮਹਿਕਮੇ ਵਿੱਚ ਹੋਵੇ। ਇਸ ਹਮਾਮ ਵਿੱਚ ਸਾਰੇ ਹੀ ਨੰਗੇ ਹਨ। ਬੇਤਰਤੀਬੀ ਨਾਲ ਰੇਤਾ ਕੱਢਿਆ ਗਿਆ ਹੈ ਜਿਸ ਨਾਲ ਦਰਿਆ ਦੇ ਕੰਢਿਆਂ ਤੇ ਬੁਰਾ ਅਸਰ ਪਿਆ। ਰੇਤ ਮਾਫੀਆ ਨੇ ਦਰਿਆਵਾਂ ਦੇ ਕੁਦਰਤੀ ਵਹਿਣ ਵਿੱਚ ਵੱਡੀਆਂ ਰੁਕਾਵਟਾਂ ਖੜੀਆਂ ਕੀਤੀਆਂ ਹਨ। ਪਾਣੀ ਨੇ ਆਪਣਾ ਰਾਹ ਬਣਾਉਣ ਲਈ ਕੰਮਜ਼ੋਰ ਕੰਢਿਆਂ ਨੂੰ ਤੋੜਨਾ ਹੀ ਸੀ।

**ਹੜ੍ਹਾਂ ਦੇ ਬਚਾ ਲਈ ਉਪਰਾਲੇ ਕੀ ਹੋਣੇ ਚਾਹੀਦੇ ਹਨ-**

**1. ਹੜ੍ਹਾਂ ਸਬੰਧੀ ਸਦਾ ਬਹਾਰ ਨੀਤੀ ਬਣਾਉਣੀ-**

ਜਦੋਂ ਪਤਾ ਹੈ ਪੰਜਾਬ ਨੂੰ ਹਰ ਸਾਲ ਹੜ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਸਰਕਾਰ ਕਿਉਂ ਨਹੀਂ ਹੜ੍ਹ ਨੂੰ ਰੋਕਣ ਲਈ ਮਜ਼ਬੂਤ ਨੀਤੀ ਬਣਾਉਂਦੀ ? ਇੰਝ ਸਮਝ ਆਉਂਦਾ ਹੈ ਕਿ ਸਰਕਾਰ ਤੇ ਅਫ਼ਸਰਸ਼ਾਹੀ ਡੰਗ ਟਪਾਊ ਹੀ ਨੀਤੀ ਬਣਾਉਂਦੇ ਹਨ। ਹੜ੍ਹ ਕੁਦਰਤੀ ਆਫਤਾਂ ਵਿਚੋਂ ਇੱਕ ਹੈ ਜਿਸ ਨਾਲ ਜਾਨੀ ਅਤੇ ਮਾਲੀ ਨੁਕਸਾਨ ਬਹੁਤ ਵੱਡੀ ਪੱਧਰ 'ਤੇ ਹੁੰਦਾ ਹੈ। ਫਸਲਾਂ ਤਬਾਹ ਹੋ ਜਾਂਦੀਆਂ ਹਨ, ਨਵੀਆਂ ਨਵੀਆਂ ਬਿਮਾਰੀਆਂ ਜਨਮ ਲੈਂਦੀਆਂ ਹਨ। ਕੀ ਸਰਕਾਰ ਅਗਾਊਂ ਨੀਤੀ ਬਣਾਉਣ ਵਿੱਚ ਫੇਲ੍ਹ ਹੈ?

**2. ਹੜ੍ਹਾਂ ਵਾਲਾ ਮਹਿਕਮਾ ਜੁਆਬ ਦੇਹ ਹੋਵੇ-**

ਹੜ੍ਹਾਂ ਦੀ ਸਥਿੱਤੀ ਨਾਲ ਨਜਿੱਠਣ ਲਈ ਮਹਿਕਮੇ ਨੂੰ ਜੁਆਬ ਦੇਹ ਬਣਾਉਣ ਦੀ ਲੋੜ ਹੈ। ਸਾਰਾ ਸਾਲ ਮਹਿਕਮਾ ਸੁੱਤਾ ਰਹਿੰਦਾ ਹੈ ਅਖਬਾਰਾਂ ਵਿੱਚ ਬਿਆਨ ਆਉਂਦੇ ਹਨ ਜੀ ਅਸੀਂ ਇਸ ਵਾਰੀ ਬਹੁਤ ਪੁਖਤਾ ਪ੍ਰਬੰਧ ਕੀਤੇ ਹਨ ਜਦ ਕਿ ਮੌਕਾ ਆਉਣ 'ਤੇ ਸਰਕਾਰ ਵਲੋਂ ਕੋਈ ਵੀ ਤਿਆਰੀ ਨਜ਼ਰ ਨਹੀਂ ਆਉਂਦੀ।

**3. ਪਾਣੀ ਦੇ ਕੁਦਰਤੀ ਵਹਿਣਾਂ-**

ਦਰਿਆਵਾਂ ਦੇ ਕੁਦਰਤੀ ਵਹਿਣ ਦੀ ਨਿਸ਼ਾਨ ਦੇਹੀ ਕਰਕੇ ਉਹ ਥਾਂ ਖਾਲੀ ਕਰਾਏ ਜਾਣੇ। ਵਾਤਾਵਰਨ ਨੂੰ ਮੁੱਖ ਰੱਖਦਿਆਂ ਦਰਿਆਵਾਂ ਦੇ ਕਿਨਾਰਿਆਂ ਜਿਨ੍ਹੀ ਜਗ੍ਹਾਂ ਛੱਡਣੀ ਚਾਹੀਦੀ ਹੈ, ਉਹ ਛੱਡੀ ਜਾਏ।

4. ਸਮੇਂ ਸਮੇਂ ਮਹਿਕਮੇ ਵਲੋਂ ਨਦੀਆਂ ਨਾਲਿਆਂ ਦੀ ਪੂਰੀ ਸਫਾਈ ਕੀਤੀ ਜਾਣੀ ਚਾਹੀਦੀ ਹੈ। ਇੰਝ ਲੱਗਦਾ ਹੈ ਕਿ 1988 ਬਾਅਦ ਸ਼ਾਇਦ ਹੀ ਕਿਸੇ ਬਰਸਾਤੀ ਨਾਲੇ ਵਿਚੋਂ ਘਾਹ ਆਦਿ ਕੱਢਿਆ ਗਿਆ ਹੋਵੇ। ਲੰਮਾ ਸਮਾਂ ਸਫ਼ਾਈ ਨਾ ਕਰਨ ਕਰਕੇ ਪਾਣੀ ਦੇ ਵਹਾ ਵਾਲੇ ਰਸਤੇ ਮਿੱਟੀ ਨਾਲ ਭਰ ਹੋਏ ਹਨ।

**5. ਦਰੱਖਤ ਲਗਾਉਣ ਦੀ ਸ਼ੁਰੂਆਤ ਕਰਨੀ-**

ਵੱਧ ਤੋਂ ਵੱਧ ਦਰਖੱਤ ਲਗਾਏ ਜਾਣੇ ਚਾਹੀਦੇ ਹਨ। ਨਿਰੇ ਦਰੱਖਤ ਲਗਾਉਣੇ ਹੀ ਨਹੀਂ ਚਾਹੀਦੇ ਸਗੋਂ ਜਿੰਨ੍ਹਾਂ ਚਿਰ ਤੱਕ ਦਰੱਖਤ ਤਿਆਰ ਨਹੀਂ ਹੋ ਜਾਂਦਾ ਓਨਾਂ ਚਿਰ ਉਸ ਦੀ ਪੂਰੀ ਸੰਭਾਲ ਹੋਣੀ ਚਾਹੀਦੀ ਹੈ। ਸਰਕਾਰੀ ਦਰੱਖਤ ਕੱਟਣ ਵਾਲੇ 'ਤੇ ਪੂਰੀ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਜੇ ਕੱਟਣ ਵਾਲੇ ਹੀ ਮੰਤਰੀ ਸੰਤਰੀ ਹੋਣ ਤਾਂ ਕਾਰਵਾਈ ਕਿਹਦੇ 'ਤੇ ਹੋਵੇਗੀ?

**6. ਡੈਮਾਂ ਦਾ ਪ੍ਰਬੰਧ-**

ਭਾਖੜਾ ਡੈਮ 'ਤੇ ਪੰਜਾਬ ਨੂੰ ਆਪਣਾ ਹੱਕ ਜਿਤਾ ਕੇ ਆਪਣੇ ਇੰਜਨੀਅਰਾਂ ਦੀ ਟੀਮ ਬਿਠਾਉਣੀ ਚਾਹੀਦੀ ਹੈ। ਮੌਸਮ ਵਿਭਾਗ ਨੂੰ ਜੁਆਬ ਦੇਹੀ ਬਣਾ ਕਿ ਪਾਣੀ ਦੇ ਨਿਕਾਸ ਲਈ ਸਮੇਂ ਸਮੇਂ ਪ੍ਰਬੰਧ ਹੋਣੇ ਚਾਹੀਦੇ ਹਨ।

**7. ਧੁੱਸੀ ਪਰਬੰਧ-**

ਧੁੱਸੀ ਬੰਨ੍ਹ 'ਤੇ ਪੱਕੀ ਸੜਕ ਬਣਨੀ ਚਾਹੀਦੀ ਹੈ।

**8. ਸਰਕਾਰੀ ਤੰਤਰ-**

ਹੜ੍ਹ ਆਉਣ ਦੀ ਸੂਰਤ ਵਿੱਚ ਪ੍ਰਸਾਸ਼ਨ ਨੂੰ ਹੜ੍ਹਾਂ ਤੋਂ ਪ੍ਰਭਾਵਤ ਇਲਾਕਿਆਂ ਨੂੰ ਪਹਿਲਾਂ ਸੂਚਿਤ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਪਸ਼ੂਆਂ ਤੇ ਮਨੁੱਖਾਂ ਲਈ ਰਹਿਣ ਤੇ ਖਾਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

**ਨਵੀਂਆਂ ਸਮੱਸਿਆਵਾਂ ਦੇ ਢੁਕਵੇਂ ਹੱਲ ਕਰਨੇ-**

ਕੁਝ ਥਾਵਾਂ 'ਤੇ ਹੜ੍ਹਾਂ ਨੇ ਪੂਰੀ ਤਬਾਹੀ ਮਚਾਈ ਹੈ। ਵਰਤਮਾਨ ਯੁੱਗ ਵਿੱਚ ਮੀਡੀਏ ਰਾਹੀਂ ਬਹੁਤ ਸਾਰੀਆਂ ਤਸਵੀਰਾਂ ਦੇਖੀਆਂ ਗਈਆਂ ਹਨ।

1. ਸਭ ਤੋਂ ਪਹਿਲਾ ਕੰਮ ਹੈ ਹੜ੍ਹਾਂ ਤੋਂ ਮਗਰੋਂ ਬਿਮਾਰੀਆਂ ਫੈਲਣ ਦੇ ਡਰ ਨੂੰ ਮੁੱਖ ਰੱਖਦਿਆਂ ਮੈਡੀਕਲ ਟੀਮਾਂ ਬਣਾ ਕੇ ਤਰਤੀਬ ਨਾਲ ਕੰਮ ਕੀਤਾ ਜਾਏ।

2. ਮਰੇ ਪਸ਼ੂਆਂ, ਕੁਕੜੀਆਂ ਤੇ ਹੋਰ ਜਾਨਵਰਾਂ ਨੂੰ ਜ਼ਮੀਨ ਵਿੱਚ ਦੱਬ ਕੇ ਉਨ੍ਹਾਂ ਦੀ ਸੰਭਾਲ ਕੀਤੀ ਜਾਏ ਨਹੀਂ ਤਾਂ ਬਿਮਾਰੀਆਂ ਹੋਰ ਫੈਲਣਗੀਆਂ।

3. ਅੱਗੇ ਸਿਆਲੀ ਰੁੱਤ ਆ ਰਹੀ ਹੈ, ਜਿੰਨ੍ਹਾਂ ਕੋਲ ਮਕਾਨ ਨਹੀਂ ਰਹੇ ਉਨ੍ਹਾਂ ਦਾ ਤੁਰੰਤ ਪ੍ਰਬੰਧ ਕੀਤਾ ਜਾਏ ਤੰਬੂ ਤਰਪਾਲਾਂ ਆਦਿ ਦਿੱਤੀਆਂ ਜਾਣ। ਜਿੰਨ੍ਹਾਂ ਕੋਲ ਕੁਝ ਵੀ ਨਹੀਂ ਬਚਿਆ ਉਨ੍ਹਾਂ ਨੂੰ ਤੁਰੰਤ ਮੁੱਢਲੀਆਂ ਸਹੂਲਤਾਂ ਦਿੱਤੀਆਂ ਜਾਣ।

4. ਜਿੰਨਾਂ ਬੱਚਿਆਂ ਦੀਆਂ ਪਸਤਕਾਂ ਰੁੜ ਗਈਆਂ ਹਨ ਉਨ੍ਹਾਂ ਨੂੰ ਪੁਸਤਕਾਂ ਆਦਿ ਲੈ ਕੇ ਦਿੱਤੀਆਂ ਜਾਣ।

5. ਪਹਿਲ ਦੇ ਅਧਾਰ 'ਤੇ ਪਿੰਡਾਂ ਦੀ ਸ਼ਨਾਖਤ ਕਰਕੇ ਜ਼ਿਆਦਾ ਜ਼ਰੂਰਤ ਮੰਦਾਂ ਦੀ ਪਹਿਲਾਂ ਸੰਭਾਲ ਕੀਤੀ ਜਾਏ।

6. ਜਿੰਨ੍ਹਾਂ ਕਿਰਸਾਨਾਂ ਦੀਆਂ ਜ਼ਮੀਨਾਂ ਰੇਤੇ-ਗਾਰ ਨਾਲ ਭਰ ਗਈਆਂ ਹਨ ਉਨ੍ਹਾਂ ਨੂੰ ਫਸਲਾਂ ਬੀਜਣ ਦੇ ਕਾਬਲ ਕੀਤਾ ਜਾਏ।

7. ਜਿਨ੍ਹਾਂ ਕਿਰਸਾਨਾਂ ਦੇ ਬੋਰਾਂ ਵਿੱਚ ਗਾਰ ਬੈਠ ਗਈ ਹੈ ਉਨ੍ਹਾਂ ਦਾ ਪਰਬੰਧ ਕੀਤਾ ਜਾਏ।

8. ਅਗਲੀ ਫਸਲ ਬੀਜਣ ਲਈ ਕਿਰਸਨਾਂ ਨੂੰ ਮੁਫਤ ਬੀਜ ਤੇ ਖਾਦ ਮਹੱਈਆ ਕਰਾਈ ਜਾਏ।

9. ਜਿਹੜੇ ਕੇਵਲ ਦੁਧ ਵੇਚ ਕੇ ਗੁਜ਼ਾਰਾ ਕਰਦੇ ਸਨ ਉਨ੍ਹਾਂ ਨੂੰ ਪਸ਼ੂ ਲੈ ਕੇ ਤੁਰੰਤ ਦਿੱਤੇ ਜਾਣ ਤਾਂ ਕਿ ਆਪਣੀ ਜ਼ਿੰਦਗੀ ਨੂੰ ਲੀਹ 'ਤੇ ਪਾ ਸਕਣ।

10. ਸੜਕਾਂ, ਪੁਲ਼ਾਂ ਦੀ ਜੰਗੀ ਪੱਧਰ 'ਤੇ ਮੁਰੰਮਤ ਕਰਾਈ ਜਾਏ।

11. ਮੁੜ ਵਸੇਬੇ ਲਈ ਨਿਰਪੱਖਤਾ ਨਾਲ ਕੰਮ ਕੀਤਾ ਜਾਏ।

12. ਜਿੰਨ੍ਹਾਂ ਕਿਸ਼ਤਾਂ ਦੇਣੀਆਂ ਹਨ ਉਨ੍ਹਾਂ ਦੀਆਂ ਕਿਸ਼ਤਾਂ ਮੁਆਫ ਕੀਤੀਆਂ ਜਾਣ।

13. ਸਰਕਾਰ ਤੁਰੰਤ ਪ੍ਰਭਾਵ ਨਾਲ ਨੁਕਸਾਨ ਦੇ ਅੰਕੜੇ ਕੁਝ ਹੀ ਦਿਨਾਂ ਵਿੱਚ ਦੇਣ ਦਾ ਪ੍ਰਬੰਧ ਕਰੇ।

14. ਪੰਜਾਬ ਦੇ ਸਾਰੇ ਐਮ. ਪੀ. ਪਾਰਟੀ ਸਮੱਸਿਆ ਤੋਂ ਉਪਰ ਉੱਠ ਕੇ ਪ੍ਰਧਾਨ ਮੰਤਰੀ ਕੋਲੋਂ ਪੰਜਾਬ ਲਈ ਵਿਸ਼ੇਸ਼ ਪੈਕਜ਼ ਦੀ ਮੰਗ ਕਰਨ।

15. ਪੰਜਾਬ ਸਰਕਾਰ ਦਿੱਲੀ ਵਾਲੀ ਟੀਮ ਤੋਂ ਮੁਆਫੀ ਮੰਗ ਕੇ ਪੰਜਾਬ ਦੇ ਪੁੱਤ ਬਣ ਕੇ ਪੰਜਾਬ ਦੇ ਭਲੇ ਲਈ ਸੋਚਣ।

16. ਅਜਿਹੇ ਸਮੇਂ ਨਹਿਰੀ ਵਿਭਾਗ ਵਿਚੋਂ ਸੇਵਾ ਮੁਕਤ ਹੋਏ ਸਿਆਣੇ ਅਫ਼ਸਰਾਂ ਦੀ ਟੀਮ ਬਣਾ ਕੇ ਨਵੇਂ ਸਿਰੇ ਤੋਂ ਪੰਜਾਬ ਲਈ ਨੀਤੀ ਬਣਵਾਈ ਜਾਏ।

**ਪੰਜਾਬ ਸਰਕਾਰ**

ਪੰਜਾਬ ਨੂੰ ਨਿੱਤ ਨਵੀਆਂ ਲੜਾਈਆਂ ਲੜਨੀਆਂ ਪੈ ਰਹੀਆਂ ਹਨ। ਲੰਮੇਰਾ ਸਮਾਂ ਕੇਂਦਰ ਵਿੱਚ ਕਾਂਗਰਸ ਸਰਕਾਰ ਰਹੀ ਕਾਂਗਰਸ ਨੈਸ਼ਨਲ ਪਾਰਟੀ ਹੋਣ ਕਰਕੇ ਹਮੇਸ਼ਾਂ ਪੰਜਾਬ ਦਾ ਪੱਤਾ ਵਰਤ ਕੇ ਦੂਜੇ ਰਾਜਾਂ ਵਿੱਚ ਕਾਂਗਰਸੀਏ

ਆਪਣੀਆਂ ਸਰਕਾਰਾਂ ਬਣਾਉਂਦੇ ਰਹੇ ਹਨ। ਭਾਰਤੀ ਜਨਤਾ ਪਾਰਟੀ ਵੀ ਏਸੇ ਰਾਹ ਤੁਰੀ ਹੋਈ ਹੈ ਇਹ ਕੇਂਦਰ ਵਿੱਚ ਤੀਜੀ ਵਾਰੀ ਰਾਜ ਭਾਗ ਦੀ ਮਾਲਕ ਬਣੀ ਹੈ ਪਰ ਪੰਜਾਬ ਲਈ ਉਨ੍ਹਾਂ ਕੋਲ ਨੀਤੀ ਨਹੀਂ ਹੈ। ਸਭ ਤੋਂ ਮਾੜੀ ਗੱਲ ਕਿ ਪੰਜਾਬੀ ਚਿਹਰੇ ਭਾਰਤੀ ਜਨਤੀ ਪਾਰਟੀ ਵਿੱਚ ਹੁੰਦੇ ਹੋਏ ਵੋਟਾਂ ਤਾਂ ਜ਼ਰੂਰ ਮੰਗਦੇ ਹਨ ਪਰ ਪੰਜਾਬ ਦੀਆਂ ਮੰਗਾਂ ਵਾਰੀ ਮੂੰਹ ਵਿੱਚ ਘੁੰਙਣੀਆਂ ਪਾ ਲੈਂਦੇ ਹਨ। ਹੁਣ ਤਾਂ ਇੰਝ ਮਹਿਸੂਸ ਹੁੰਦਾ ਹੈ ਕਿ ਪੰਜਾਬ ਦੇ ਭਲੇ ਲਈ ਸੋਚਣ ਵਾਲਾ ਕੋਈ ਕਦਾਵਰ ਨੇਤਾ ਨਹੀਂ ਰਿਹਾ ਹੈ।

ਕਾਂਗਰਸੀਏ ਤੇ ਅਕਾਲੀ ਦਲ ਵਲੋਂ ਮੂੰਹ ਮੋੜਦਿਆਂ ਆਪਣੇ ਆਪ ਪੰਜਾਬੀਆਂ ਨੇ ਆਪ ਅਦਮੀ ਪਾਰਟੀ ਨੂੰ ਸਰਕਾਰ ਬਣਾਉਣ ਦਾ ਮੌਕਾ ਦਿੱਤਾ। ਆਮ ਆਦਮੀ ਪਾਰਟੀ ਦਾ ਬੇੜਾ ਬਹਿਜੇ ਇਸ ਕੋਲ ਪੰਜਾਬ ਨੂੰ ਸਵਾਏ ਲੁੱਟਣ ਦੇ ਹੋਰ ਸਕੀਮ ਹੀ ਕੋਈ ਨਹੀ ਬਚੀ। ਆਮ ਆਦਮੀ ਪਾਰਟੀ ਨੇ ਬਿਆਨਾਂ ਤੋਂ ਬਿਨਾਂ ਕੱਖ ਨਹੀਂ ਕੀਤਾ।

**ਸਮਾਜ ਸੇਵੀ ਜੱਥੇਬੰਦੀਆਂ ਦਾ ਬਹੁਤ ਵੱਡਾ ਯੋਗਦਾਨ ਹੈ–**

ਜਦੋਂ ਕਿਤੇ ਕੁਦਰਤੀ ਆਫਤ ਆਉਂਦੀ ਹੈ ਤਾਂ ਸਭ ਤੋਂ ਪਹਿਲਾਂ ਸਿੱਖ ਕੌਮ ਪਹੁੰਚਦੀ ਹੈ। ਇਹ ਗੁਰੂ ਦੇ ਲਾਲ ਮੌਤ ਨੂੰ ਮਖੌਲਾਂ ਕਰਦੇ ਡੂੰਘੇ ਪਾਣੀਆਂ ਵਿੱਚ ਸਿਰ ਧੜ ਦੀ ਬਾਜ਼ੀ ਲਾ ਦਿੰਦੇ ਹਨ। ਨਿਰਸੰਦੇਹ ਸਮਾਜ ਸੇਵੀ ਜੱਥੇਬੰਦੀਆਂ ਨੇ ਜਾਨ ਹੀਲ ਕੇ ਹੜ੍ਹਾਂ ਦੀ ਆਫ਼ਤ ਦਾ ਮੋਰਚਾ ਸੰਭਾਲਿਆ ਹੋਇਆ ਹੈ। ਸਮਾਜ ਸੇਵੀ ਜੱਥੇਬੰਦੀਆਂ ਨੂੰ ਜ਼ਰੂਰ ਇੱਕ ਤਰਤੀਬ ਵਿੱਚ ਬੱਝਣਾ ਚਾਹੀਦਾ ਹੈ ਤਾਂ ਕਿ ਤੁਹਾਡੀ ਵਲੋਂ ਕੀਤੀ ਮਦਦ ਸਹੀ ਜਗ੍ਹਾ ਪਹੁੰਚ ਸਕੇ।

ਅਜਿਹੇ ਸਮੇਂ ਸਮਾਜ ਵਿਰੋਧੀ ਅੰਸਰ ਵੀ ਗਰਮ ਹੋ ਜਾਂਦੇ ਹਨ।

ਦੇਖਣ ਵਿੱਚ ਆਇਆ ਹੈ ਕਿ ਮੁਸੀਬਤ ਵਿੱਚ ਫਸੇ ਲੋਕ ਸਬਰ ਸੰਤੋਖ ਵਿੱਚ ਬੈਠੇ ਹੋਏ ਹਨ। ਪਰ ਹੋਰ ਪਿੰਡਾਂ ਵਿਚੋਂ ਆ ਕੇ ਸੜਕਾਂ ਦੇ ਦੋਹਾਂ ਕਿਨਾਰਿਆਂ 'ਤੇ ਵਾਧੂ ਦੇ ਲੋਕ ਬੈਠ ਜਾਂਦੇ ਹਨ ਜਿਹੜੇ ਇਹ ਕਹਿੰਦੇ ਹਨ ਜੀ ਸਾਡਾ ਬਹੁਤ ਨੁਕਸਾਨ ਹੋਇਆ ਹੈ। ਇਹ ਪ੍ਰਸ਼ਾਸ਼ਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਜੇਹੇ ਲੋਕਾਂ 'ਤੇ ਕਾਨੂੰਨੀ ਸਕੰਜਾ ਕੱਸਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਟੀਮ ਬਣਾਈ ਜਾਏ ਜੋ ਅਕਸਰ ਅਜਿਹੇ ਵਾਧੂ ਦੇ ਲੋਕਾਂ 'ਤੇ ਨਜ਼ਰ ਰੱਖੇ।

ਅੱਜ ਪੰਜਾਬ ਦੇ ਮੁੱਖ ਮੰਤਰੀ ਨੇ ਕੁਝ ਐਲਾਨ ਤਾਂ ਜ਼ਰੂਰ ਕੀਤੇ ਹਨ।

ਖਾਲਸਾ ਏਡ, ਯੂਨਾਈਟਿਡ ਸਿੱਖ ਤੇ ਗਲੋਬ ਸਿੱਖ ਅਤੇ ਹੋਰ ਬਹੁਤ ਸਾਰੀਆਂ ਨਿਸ਼ਕਾਮ ਸੇਵਕ ਜੱਥੇਬੰਦੀਆਂ ਸੇਵਾਵਾਂ ਨਿਭਾਅ ਰਹੀਆਂ ਹਨ ਇਨ੍ਹਾਂ ਸਾਰਿਆਂ ਨੂੰ ਇੱਕ ਕੇਂਦਰੀ ਪੂਲ ਬਣਾ ਕੇ ਸਾਂਝੇ ਤੌਰ 'ਤੇ ਹਰੇਕ ਪ੍ਰਵਾਰ ਕੋਲ ਮਦਦ ਪਹੁੰਚਣੀ ਚਾਹੀਦੀ ਹੈ। ਪਾਰਦਰਸ਼ਤਾ ਜ਼ਰੂਰੀ ਹੋਣੀ ਚਾਹੀਦੀ ਹੈ।

**ਜਿਉਂਦੀ ਰਹਿ ਧੀਏ !**

**ਧਰਤੀ ਦੀ ਧੀ-ਸਾਕਸ਼ੀ ਸਾਹਨੀ – ਵਰਿਆਮ ਸਿੰਘ ਸੰਧੂ**

ਪੰਜਾਬ ਪਾਣੀ ਵਿੱਚ ਡੁੱਬਿਆ ਪਿਆ ਹੈ। ਧਰਤੀ ਦੇ ਪੁੱਤਰ ਲੋੜੀਂਦੇ ਸਮਾਨ ਤੇ ਰਾਸ਼ਨ ਦੀਆਂ ਟਰਾਲੀਆਂ ਭਰ ਕੇ ਜੈਕਾਰੇ ਬੁਲਾਉਂਦੇ, ਡੁੱਬੇ ਪੰਜਾਬ ਦੀ ਬਾਂਹ ਫੜਨ ਲਈ ਦਿਨ-ਰਾਤ ਜੁਝ ਰਹੇ ਨੇ।

ਪਰ ਮੈਂ ਏਥੇ ਧਰਤੀ ਦੀ ਧੀ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਬੀਬੀ ਸਾਕਸ਼ੀ ਸਾਹਨੀ ਦੀ ਗੱਲ ਕਰਨੀ ਹੈ।

ਮੈਂ ਕੌਣ ਹਾਂ! ਉਹਦੀ ਗੱਲ ਤਾਂ, ਡੁੱਲ੍ਹ ਡੁੱਲ੍ਹ ਪੈਂਦੀ ਮੁਹੱਬਤ ਨਾਲ, ਹਰ ਇੱਕ ਪੰਜਾਬੀ ਕਰ ਰਿਹਾ ਹੈ।

ਮੇਰਾ ਪਾਠਕ ਕਹਿੰਦਾ ਹੈ, "ਇਸ ਡੀ ਸੀ ਭੈਣ ਲਈ ਸੌ ਸਫ਼ੇ ਦੀ ਕਹਾਣੀ ਲਿਖਣ ਨੂੰ ਜੀ ਕਰਦਾ ਹੈ!"

ਉਹਦੀ ਕਹਾਣੀ ਤਾਂ ਘਰ ਘਰ ਪਾਈ ਜਾ ਰਹੀ ਹੈ। ਅਸਾਂ ਉਹਦੀ ਕਹਾਣੀ ਕੀ ਲਿਖਣੀ ਹੈ!

ਉਹ ਤਾਂ ਖ਼ੁਦ-ਬ-ਖ਼ੁਦ ਪਾਣੀਆਂ 'ਚ ਤੁਰੀ ਫਿਰਦੀ ਕਵਿਤਾ ਹੈ।

ਸਾਕਸ਼ੀ ਸਾਹਨੀ—ਇੱਕ ਨਾਂ ਨਹੀਂ, ਇੱਕ ਜਜ਼ਬਾ ਹੈ।

ਸਾਕਸ਼ੀ ਸਾਹਨੀ—ਨਾਮ ਜਿਵੇਂ ਚਾਨਣ ਦੀ ਲਕੀਰ ਹੋਵੇ!

ਜਿਸ ਨੇ ਅਹੁਦੇ ਨੂੰ ਨਹੀਂ, ਇਨਸਾਨੀਅਤ ਨੂੰ ਨਵੀਂ ਪਛਾਣ ਦਿੱਤੀ ਹੈ। ਪਾਣੀ 'ਚ ਜਦ ਲੋਕ ਡੁੱਬ ਰਹੇ ਹਨ, ਸਾਕਸ਼ੀ ਨੇ ਆਪਣੇ ਹੱਥਾਂ ਨਾਲ ਉਮੀਦਾਂ ਦੇ ਚਿਰਾਗ ਬਾਲੇ ਹਨ। ਨਾ ਥਕਾਵਟ, ਨਾ ਡਰ, ਨਾ ਹੌਲੀ ਚਾਲ, ਉਹਦੀ ਸੇਵਾ ਲੋਕਾਂ ਲਈ ਰੱਖਿਆ ਦੀ ਢਾਲ ਬਣ ਗਈ।

ਉਹ ਕਾਲਾ ਰੇਨ ਕੋਟ ਪਹਿਨੀ, ਗੋਡੇ ਗੋਡੇ ਪਾਣੀ ਵਿੱਚ 'ਛੜੱਪ! ਛੜੱਪ!' ਆਪਣੀ ਟੀਮ ਦੇ ਅੱਗੇ ਅੱਗੇ ਤੇਜ਼ ਕਦਮੀ ਇੰਝ ਤੁਰੀ ਜਾਂਦੀ ਹੈ, ਜਿਵੇਂ ਕੋਈ ਫੌਜੀ ਜਰਨੈਲ ਆਪਣੀਆਂ ਫੌਜਾਂ ਦੀ ਅਗਵਾਈ ਕਰਦਾ ਜੰਗ ਦੇ ਮੁਹਾਜ ਵੱਲ ਵਧ ਰਿਹਾ ਹੋਵੇ!

ਵੱਡੇ ਟਾਇਰਾਂ ਵਾਲੇ ਟਰੈਕਟਰ 'ਤੇ ਹੜ੍ਹ ਪੀੜਤਾਂ ਨੂੰ ਪਾਣੀ ਵਿੱਚੋਂ ਕੱਢਣ ਲਈ ਪਾਣੀ ਵਿੱਚ ਠਿੱਲ੍ਹਦੀ ਹੈ ਤਾਂ ਉਹ ਲੋਕ-ਧਾਰਨਾ ਚੇਤੇ ਆਉਂਦੀ ਹੈ, 'ਸਾਡੇ ਗੁਰਾਂ ਨੇ ਜਹਾਜ਼ ਬਣਾਇਆ, ਆ ਜੋ ਜੀਹਨੇ ਪਾਰ ਲੰਘਣਾ!"

ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਆਪਣੀ ਧੀ ਨੂੰ ਬੇੜੇ ਦੀ ਮਲਾਹ ਬਣਾ ਕੇ ਪਾਣੀ ਵਿੱਚ ਠੇਲ੍ਹ ਦਿੱਤਾ ਹੈ।

ਡੂੰਘੇ ਪਾਣੀਆਂ ਨੂੰ ਚੀਰਦੇ ਜਾਂਦੇ ਟਰੈਕਟਰ ਤੇ ਬੈਠੀ ਸਾਕਸ਼ੀ ਸਾਹਨੀ ਇੰਝ ਲੱਗਦੀ ਹੈ ਜਿਵੇਂ ਮਾਈ ਭਾਗੋ ਦੀ ਨਿੱਕੀ ਭੈਣ ਖ਼ਿਦਰਾਣੇ ਦੀ ਢਾਬ 'ਤੇ ਖੰਡਾ ਖੜਕਾਉਣ ਲਈ ਪਹੁੰਚ ਗਈ ਹੈ।

ਉਹ ਪਾਣੀ ਵਿਚ ਘਿਰੇ ਬਜ਼ੁਰਗ ਕਿਸਾਨ ਨੂੰ ਕਹਿ ਰਹੀ ਹੈ, "ਆ ਜੋ ਨਾ! ਤੁਹਾਡੇ ਘਰ ਨੂੰ ਕੁਝ ਨਹੀਂ ਹੁੰਦਾ! ਤੁਸੀਂ ਨਹੀਂ ਆਉਣਾ ਤਾਂ ਘਰ ਵਿਚ ਜੋ ਔਰਤਾਂ ਨੇ ਉਹਨਾਂ ਨੂੰ ਭੇਜ ਦਿਉ। ਮੈਡੀਸਨ ਚਾਹੀਦੀ ਤਾਂ ਸਾਨੂੰ ਦੱਸੋ।"

ਬਜ਼ੁਰਗ ਉਹਦੀ ਪੇਸ਼ਕਸ਼ ਨੂੰ ਬੇਧਿਆਨਾ ਕਰ ਕੇ ਕਹਿੰਦਾ ਹੈ, "ਮੈਂ ਇਹੋ ਜਿਹੀ ਔਰਤ ਵੇਖੀ ਹੀ ਨਹੀਂ ਅੱਜ ਤੱਕ!"

ਹਰੇਕ ਪੰਜਾਬੀ ਉਸ ਬਜ਼ੁਰਗ ਕਿਸਾਨ ਨਾਲ ਮਿਲ ਕੇ ਉਹਦੇ ਸਿਰ 'ਤੇ ਬਾਬਲ ਵਾਲਾ ਹੱਥ ਧਰਨਾ ਲੋਚਦਾ ਹੈ।

ਸਾਕਸ਼ੀ ਬਜ਼ੁਰਗ ਔਰਤ ਨੂੰ ਪਾਣੀ ਦਾ ਡੱਬਾ ਤੇ ਬਲੱਡ ਪ੍ਰੈਸ਼ਰ ਦੀ ਦਵਾਈ ਫੜਾਉਣ ਲੱਗਦੀ ਹੈ ਤਾਂ ਬਜ਼ੁਰਗ ਮਾਂ ਉਹਨੂੰ ਛਾਤੀ ਨਾਲ ਘੁੱਟ ਲੈਂਦੀ ਹੈ। ਇੰਝ ਲੱਗਦਾ ਹੈ ਜਿਵੇਂ ਧਰਤੀ ਨੇ ਆਪਣੀ ਧੀ ਨੂੰ ਗਲਵੱਕੜੀ ਵਿੱਚ ਘੁੱਟ ਲਿਆ ਹੋਵੇ।

ਮੈਂ ਪਾਣੀ ਭਰੀਆਂ ਅੱਖਾਂ ਨਾਲ ਦੋਵਾਂ ਮਾਵਾਂ-ਧੀਆਂ ਦੁਆਲੇ ਆਪਣੀਆਂ ਬਾਹਵਾਂ ਵਲ਼ ਕੇ ਉਹਨਾਂ ਨੂੰ ਆਪਣੀ ਗਲਵੱਕੜੀ ਵਿੱਚ ਕੱਸ ਲੈਂਦਾ ਹਾਂ।

ਉਹਨਾਂ ਪਲਾਂ ਨੂੰ ਯਾਦ ਕਰਦਿਆਂ ਸਾਕਸ਼ੀ ਕਹਿੰਦੀ ਹੈ, "ਉਹਨਾਂ ਦੀ ਗਲਵੱਕੜੀ ਵਿਚਲਾ ਪਿਆਰ ਮੈਨੂੰ ਸਦਾ ਯਾਦ ਰਹੇਗਾ!"

ਸਾਕਸ਼ੀ ਧੀਏ! ਤੇਰਾ ਸਪਰਪਣ ਵੀ ਲੋਕਾਂ ਨੂੰ ਸਦਾ ਯਾਦ ਰਹੇਗਾ।

ਸਾਕਸ਼ੀ ਕਿਸੇ ਸਰਕਾਰ ਜਾਂ ਪਾਰਟੀ ਦੀ ਨੁਮਾਇੰਦਾ ਨਾ ਹੋ ਕੇ ਬੰਦੇ ਅੰਦਰਲੀ ਇਨਸਾਨੀਅਤ ਦੀ ਪ੍ਰਤੀਨਿਧ ਬਣ ਕੇ ਲੋਕਾਂ ਦੀ ਮੁਹੱਬਤ ਦੀ ਪਾਤਰ ਬਣੀ ਹੈ। ਜਦ ਦਫ਼ਤਰਾਂ ਦੇ ਦਰਵਾਜ਼ੇ ਬੰਦ ਹੋ ਜਾਂਦੇ ਨੇ, ਉਹ ਰਾਤਾਂ ਨੂੰ ਵੀ ਮੈਦਾਨ 'ਚ, ਲੋਕਾਂ ਦੀ ਖਾਤਰ ਖੜੀ ਰਹੀ। ਸਿਰਫ਼ ਅਹੁਦੇ ਦਾ ਨਹੀਂ, ਇਨਸਾਨੀ ਬੁਲੰਦੀ ਦਾ ਜਲੌਅ ਬਣ ਕੇ ਲਿਸ਼ਕੀ।

ਉਸ ਨੇ ਔਰਤ ਹੋਣ ਦੇ ਮਾਪਦੰਡ ਨੂੰ ਨਵਾਂ ਰੂਪ ਦਿੱਤਾ। ਅਫ਼ਸਰ ਬਣ ਕੇ ਨਹੀਂ। ਇੱਕ ਮਾਂ ਵਾਂਗ, ਵੱਡੀ/ਛੋਟੀ ਭੈਣ ਵਾਂਗ ਲੋਕਾਂ ਨੂੰ ਸੰਭਾਲਿਆ, ਪਿਆਰ ਦਿੱਤਾ। ਉਹ ਸਿਰਫ਼ ਇੱਕ ਨਾਂ ਨਹੀਂ, ਇੱਕ ਪ੍ਰੇਰਣਾ ਦੀ ਲਹਿਰ ਬਣ ਕੇ ਛਲਕੀ ਹੈ।

ਉਹ ਸਿਰਫ਼ ਇੱਕ ਅਧਿਕਾਰੀ ਨਹੀਂ,
ਸਮਾਜ ਦੀ ਧੜਕਣ, ਲੋਕਾਂ ਦੀ ਆਸ ਹੈ।
ਲੱਖਾਂ ਹੱਥ ਉਹਦੇ ਸਿਰ 'ਤੇ ਪਿਆਰ ਦੇਣ ਲਈ ਉੱਲਰ ਆਏ ਹਨ।
ਜੁਗ ਜੁਗ ਜੀਵੇ ਸਾਡੀ ਰਾਣੀ ਧੀ, 'ਧਰਤੀ ਦੀ ਧੀ'!
ਅਜਿਹੀਆਂ ਧੀਆਂ ਘਰ ਘਰ ਵਿਚ ਜੰਮਣ।

ਵਰਿਆਮ ਸਿੰਘ ਸੰਧੂ

# ਪਾਠਕਾਂ ਦੇ ਸਵਾਲਾਂ ਦੇ ਜਵਾਬ

**1. ਸਵਾਲ—ਨਿਹੰਗ ਸਿੰਘ ਕੌਣ ਹੁੰਦੇ ਹਨ?**

**ਜਵਾਬ**—ਪੂਰਣ ਰਹਤਵਾਨ, ਪਰੋਪਕਾਰੀ, ਨਿ-ਸੰਗ, ਉਦਾਰਾਤਮਾ, ਸੁਰਬੀਰ, ਮਿਹਨਤੀ ਸਿੰਘ, ਜੋ ਉੱਚਾ ਦੁਮਾਲਾ ਰੱਖਦੇ ਤੇ ਨੀਲੇ ਵਸਤ੍ਰ ਪਹਿਨਦੇ ਤਥਾ ਸ਼ਸਤ੍ਰਾਂ ਨਾਲ ਭੂਸ਼ਿਤ ਰਹਿੰਦੇ ਹਨ, ਨਿਹੰਗ ਸੰਗਿਆ ਹੈ। ਇਸ ਸਬੰਧੀ ਮਹਾਂ ਕਵੀ ਨਿਹਾਲ ਸਿੰਘ ਜੀ ਦਸਮੇਸ਼ ਵਲੋਂ ਵਰਣਨ ਕਰਦੇ ਹਨ—

ਧਰਮ ਕੇ ਧੁਰੰਤਰ ਉਦਾਰਤਾ ਕੇ ਧਾਰਾਧਰ,
ਭੋਲ਼ੇ ਭਾਲ਼ੇ ਭ੍ਰਾਜਤੇ ਝਕੋਲ ਪ੍ਰੇਮ ਰੰਗ ਮੈ।
ਸਰਬ-ਲੋਹ ਪਿਆਰੇ ਅਰਥ ਲੌ ਨ ਦਰਬ ਬੰਧ,
ਨੈਕ ਹੂੰ ਨ ਗਰਬ ਪੁੰਨ ਪਰਬ ਯਾ ਕੇ ਸੰਗ ਮੈ।
ਸਾਜ ਕੈ ਸੁ ਬਾਨੋ ਸੂਰ ਗਾਜ ਕੈ ਮ੍ਰਿਗੇਂਦ੍ਰ ਭੂਰਿ,
ਭਾਜ ਕੈ ਗਨੀਮ ਕੋ ਬਿਦਾਰੈਂ ਜ਼ੋਰ ਜੰਗ ਮੈਂ।
ਮੋਦ ਕੋ ਤਰੰਗ ਮੈਂ ਉਮੰਗ ਕੈ ਉਤੰਗ ਪੰਥ,
ਲੋਕ ਦੰਗ ਕੈਬੇ ਕੋ ਸੁ ਕੀਨੇ ਏ ਨਿਹੰਗ ਮੈਂ।

**2. ਸਵਾਲ—ਨਿਗੁਰਾ ਕਿਸ ਨੂੰ ਕਿਹਾ ਜਾਂਦਾ ਹੈ?**

**ਜਵਾਬ**—"ਅਪਰੰਪਰ ਪਾਰਬ੍ਰਹਮ ਪਰਮੇਸਰੁ ਨਾਨਕ ਗੁਰੁ ਮਿਲਿਆ ਸਪਈ ਜੀਉ"॥ ਇਸ ਵਾਕ ਅਨੁਸਾਰ ਪਰਮ ਗੁਰੂ ਤੇ ਵਿਸ਼ਵਾਸ ਨਾ ਕਰਨ ਵਾਲਾ ਅਤੇ ਜਗਤ ਗੁਰੂ ਸਰਬ ਪ੍ਰਿਯ ਗੁਰੂ ਨਾਨਕ ਸਾਹਿਬ ਜੀ ਤੇ ਆਸਤਿਕਤਾ ਨਾ ਰੱਖਣ ਵਾਲਾ ਨਿਗੁਰਾ ਹੈ।

**ਸੋ ਨਿਗੁਰਾ ਜੋ ਮਰਿ ਮਰਿ ਜੰਮੈ, ਨਿਗੁਰੇ ਆਵਣ ਜਾਵਣਿਆ॥ (117)**
**ਨਿਗੁਰੇ ਕਉ ਗਤਿ ਕਾਈ ਨਾਹੀ॥ ਅਵਗਣਿ ਮੁਠੇ ਚੋਟਾ ਖਾਹੀ॥ (361)**

**3. ਸਵਾਲ—ਸਿੱਖ ਦਾ ਨਿਤਨੇਮ ਕੀ ਹੈ?**

**ਜਵਾਬ**—ਧਰਮ ਅਨੁਸਾਰ ਜੋ ਨਿੱਤ ਕਰਨ ਯੋਗ ਕਰਮ ਦਾ ਨੇਮ ਹੈ, ਉਸ ਨੂੰ 'ਨਿਤਨੇਮ' ਆਖਿਆ ਜਾਂਦਾ ਹੈ। ਸਿੱਖਾਂ ਦਾ ਨਿੱਤ ਨਿਯਮ ਹੈ, ਦਾਤਨ, ਇਸ਼ਨਾਨ, ਆਦਿ ਦੁਵਾਰਾ ਸ਼ਰੀਰ ਦੀ ਸ਼ੁੱਧੀ ਕਰ ਕੇ ਵਾਹਗੁਰੂ ਦਾ ਧਿਆਨ ਧਰਨਾ ਤੇ ਰਹਿਤ ਮਰਿਯਾਦਾ ਵਲੋਂ ਨਿਰਧਾਰਤ ਬਾਣੀਆਂ ਦਾ ਪਾਠ ਕਰਨਾ, ਵਿਦਿਆ ਦਾ ਅਭਿਆਸ ਕਰਨਾ ਅਤੇ ਨਿਰਵਾਹ ਲਈ ਕਿਰਤ ਕਮਾਈ ਕਰਨੀ, ਸੰਝ ਵੇਲੇ 'ਰਹਰਾਸਿ' ਅਤੇ ਸੋਣ ਵੇਲੇ ਸੋਹਿਲਾ ਪੜ੍ਹਨਾ। ਗੁਰਦੁਆਰੇ ਜਾਣਾ, ਕੀਰਤਨ ਕਰਨਾ ਜਾਂ ਸੁਣਨਾ ਆਦਿਕ ਸ਼ੁਭ ਕਰਮ ਭੀ ਗੁਰਮੁਖਾਂ ਨੇ ਆਪਣੇ ਨਿੱਤ ਨਿਯਮ ਅੰਦਰ ਰੱਖੇ ਹੋਏ ਹਨ।

**4. ਸਵਾਲ– ਕੀ ਅੱਜ ਵਰਤਮਾਨ ਵਿਚ ਨਿਤਨੇਮ 'ਤੇ ਪਹਿਰਾ ਦਿੱਤਾ ਜਾ ਰਿਹਾ ਹੈ?**

**ਜਵਾਬ–** ਭਾਈ ਕਾਹਨ ਸਿੰਘ ਜੀ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ 640 'ਤੇ ਲਿਖਦੇ ਹਨ—ਅਸੀਂ ਖ਼ੇਦ ਨਾਲ ਲਿਖਦੇ ਹਾਂ ਕਿ ਅੱਜ ਕਲ੍ਹ ਬਹੁਤ ਘੱਟ ਸਿੱਖ ਹਨ, ਜੋ ਇਸ ਪਰ ਅਮਲ ਕਰਦੇ ਹਨ, ਗੁਰਬਾਣੀ ਦਾ ਨਿੱਤਨੇਮ ਇਤਨਾ ਭੀ ਨਹੀਂ ਜਿਤਨਾ ਹਿੰਦੂਆਂ ਵਿੱਚ ਸੰਧਿਆ ਅਤੇ ਮੁਸਲਮਾਨਾਂ ਵਿੱਚ ਨਮਾਜ਼ ਦਾ ਹੈ ਅਤੇ ਜੋ ਸਿੱਖ ਪਾਠ ਕਰਦੇ ਭੀ ਹਨ, ਉਹਨਾਂ ਦੀ ਇਕ ਰੀਤਿ ਨਹੀਂ ਹੈ, ਸਾਨੂੰ ਚਾਹੀਏ ਕਿ ਪੁਰਾਣੇ ਗੁਰਮੁਖਾਂ ਸਿੱਖਾਂ ਦੀ ਤਰ੍ਹਾਂ ਗੁਰਬਾਣੀ ਦੇ ਪ੍ਰੇਮੀ ਹੋਈਏ ਅਤੇ ਨਿੱਤਨੇਮ ਨੂੰ ਆਪਣਾ ਮੁੱਖ ਕਰਮ ਸਮਝੀਏ, ਪਰੰਤੂ ਨਿੱਤਨੇਮ ਅਨੰਦ ਦੇ ਵਾਕ ਅਨੁਸਾਰ "ਬੋਲਨਿ ਪਏ ਰਵਾਣੀ" ਨਾ ਹੋਵੇ, ਕਿੰਤੂ ਗੁਰਬਾਣੀ ਦਾ ਸਿਧਾਂਤ ਜਾਣ ਕੇ ਅਮਲ ਕਰੀਏ।

**ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥ (ਵਾਰ-1, ਪਉੜੀ- 38)** ਅਤੇ

**ਅੰਮ੍ਰਿਤ ਵੇਲੇ ਨਾਵਣਾ ਗੁਰਮੁਖਿ ਜਪੁ ਗੁਰਮੰਤੁ ਜਪਾਇਆ॥**
**ਰਾਤ ਆਰਤੀ ਸੋਹਿਲਾ ਮਾਇਆ ਵਿਚਿ ਉਦਾਸੁ ਰਹਾਇਆ॥**
**(ਵਾਰ-26, ਪਉੜੀ-4)**

**5. ਸਵਾਲ—ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਕਰਤਾਰਪੁਰ ਦੀ ਕੀ ਮਰਯਾਦਾ ਸੀ?**

**ਜਵਾਬ**---ਕਰਤਾਰ ਪੁਰ ਵਿਖੇ ਗੁਰੂ ਨਾਨਕ ਸਾਹਿਬ ਜੀ ਨੇ ਮਰਿਯਾਦਾ ਕਾਇਮ ਕੀਤੀ ਉਹ ਗਿਆਨ ਰਤਨਾਵਲੀ ਵਿਚ ਭਾਈ ਮਨੀ ਸਿੰਘ ਜੀ ਨੇ ਅੰਕਤ ਕੀਤੀ ਹੈ। ਕਰਤਾਰਪੁਰ ਵਿੱਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਉਪਰੰਤ ਕੀਰਤਨ ਹੋਵੇ ਫੇਰ ਆਰਤੀ ਪੜ੍ਹੀਏ, ਤੀਸਰੇ ਪਹਿਰ ਕੀਰਤਨ ਕਰੀਏ, ਸੰਧਿਆ ਨੂੰ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਵੀਏ ਅਤੇ ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਫੇਰ ਪਿਛਲੀ ਰਾਤ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।

**6. ਸਵਾਲ- ਨਿਰਮਲ ਪੰਥ ਤੋਂ ਕੀ ਭਾਵ ਹੈ?**

**ਜਵਾਬ**—ਇਹ ਸਿੱਖ ਪੰਥ ਖ਼ਾਲਸਾ ਪੰਥ ਦਾ ਹੀ ਨਾਂ ਮਾਤਰ ਹੈ, ਕਿਉਂ ਕਿ ਉਸ ਦੀ ਸ਼ਰੀਰਕ ਅਤੇ ਆਤਮਿਕ ਰਹਿਣੀ ਨਿਰਮਲ ਹੈ। ਨੋਟ—ਜਿਸ ਦਾ ਸਰੀਰ ਵਸਤਰ, ਮਕਾਨ, ਅੰਤਹਕਰਣ ਨਿਰਮਲ ਨਹੀਂ, ਉਹ ਨਿਰਮਲ ਪੰਥ ਦਾ ਮੈਂਬਰ ਨਹੀਂ ਹੋ ਸਕਦਾ। ਭਾਈ ਗੁਰਦਾਸ ਜੀ ਦਾ ਵਾਕ ਹੈ—

**ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।**
**(ਵਾਰ-1, ਪਉੜੀ- 45)**

**7. ਸਵਾਲ—ਨਿਰਲੇਪ ਰਹਿਣ ਤੋਂ ਕੀ ਭਾਵ ਹੈ?**

**ਜਵਾਬ**—ਸੰਸਾਰ ਦੇ ਸਭ ਵਿਹਾਰ ਸਹਿਤ ਕਰਨੇ, ਮਨ ਨੂੰ ਕਰਤਾਰ ਦੀ ਭਗਤੀ ਅਤੇ ਪ੍ਰੇਮ ਵਿੱਚ ਲੀਨ ਰੱਖਣਾ, ਅਰ ਮਾਇਆ ਦੇ ਅਸਰ ਤੋਂ ਨਿਰਲੇਪ ਰਹਿਣਾ, ਸਿੱਖ ਧਰਮ ਦੀ ਸ਼੍ਰੋਮਣੀ ਰਹਿਤ ਹੈ—

**ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ॥**
**ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ॥ (297)**

**ਸਵਾਲ—ਨਿਰਲੇਪ ਤੋਂ ਕੀ ਭਾਵ ਹੈ?**

**ਜਵਾਬ**—ਸੰਸਾਰ ਦੇ ਸਭ ਵਿਹਾਰ ਵਿਚਾਰ ਸਹਿਤ ਕਰਨੇ, ਮਨ ਨੂੰ ਕਰਤਾਰ ਦੀ ਰਜ਼ਾ ਅਤੇ ਪ੍ਰੇਮ ਵਿੱਚ ਲੀਨ ਰੱਖਣਾ। ਇਮਾਨਦਾਰੀ, ਸੰਤੋਖ, ਉਦਮ, ਧੀਰਜ ਤੇ ਮਿਹਨਤ ਕਰਨੀ ਲਈ ਸਦਾ ਤੱਤਪਰ ਰਹਿਣਾ। ਸੰਸਾਰਿਕ ਮਾਇਆ ਤੋਂ ਨਿਰਲੇਪ ਰਹਿਣਾ, ਸਿੱਖ ਧਰਮ ਦੀ ਸ਼੍ਰੋਮਣੀ ਰਹਿਤ ਹੈ—

**ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ॥**
**ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ ॥੫॥ (297)**

ਅਤੇ ਇਕ ਹੋਰ ਵਾਕ ਬੜਾ ਪਿਆਰਾ ਹੈ—

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥ (522)**

**8. ਸਵਾਲ—ਨਿਰੰਕਾਰ ਤੇ ਨਿਰੰਕਾਰੀ ਤੋਂ ਕੀ ਭਾਵ ਹੈ?**

**ਜਵਾਬ**---ਗੁਰੂ ਨਾਨਕ ਸਾਹਿਬ ਜੀ ਨੇ ਜਗਤ ਦੇ ਜੀਵਾਂ ਨੂੰ ਚਤੁਰਭੁਜ, ਪੰਚਮੁਖ, ਸ਼ਿਆਮ, ਗੌਰ ਆਦਿਕ ਰੂਪਧਾਰੀ ਦੇਵਤਾ ਦੀ ਉਪਾਸਨਾ ਕਰਦੇ ਦੇਖ ਕੇ ਇਕ ਨਿੰਰਕਾਰ ਦੀ ਉਪਾਸਨਾ ਦ੍ਰਿੜਾਈ। ਇਸ ਤੋਂ ਸੰਗਿਆ ਤੋਂ ਗੁਰੂ ਨਾਨਕ ਸਾਹਿਬ ਜੀ ਦਾ ਨਾਂ ਨਿਰੰਕਾਰੀ ਪ੍ਰਚੱਤ ਹੋ ਗਿਆ। ਨਿਰੰਕਾਰ ਦੇ ਬਹੁਤ ਉਪਾਸ਼ਕ ਸਿੱਖਾਂ ਵਾਸਤੇ ਭੀ ਇਹ ਸ਼ਬਦ ਵਰਤਿਆ ਗਿਆ ਹੈ—

**ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ॥**
**ਆਤਮੁ ਚੀਨਿ੍ ਭਏ ਨਿਰੰਕਾਰੀ॥ (415)**

ਇਕ ਹੋਰ ਵਾਕ ਵੀ ਧਿਆਨ ਵਿਚ ਲਿਆਂਵਗੇ—

**ਸਬਦੁ ਬੀਚਾਰਿ ਭਏ ਨਿਰੰਕਾਰੀ॥**
**ਗੁਰਮਤਿ ਜਾਗੇ ਦੁਰਮਤਿ ਪਰਹਾਰੀ॥ (904)** –0–




# ਗੁਨ ਗੋਬਿੰਦ ਗਾਇਓ ਨਹੀ...

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਗਿਆਨੀ ਗੁਰਬਚਨ ਸਿੰਘ ਪੰਨਵਾਂ ਦੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦੀ ਨਵੀਂ ਕਿਤਾਬ 'ਨੌਵੇਂ ਪਾਤਿਸ਼ਾਹ ਜੀ ਦੇ ਸਲੋਕਾਂ ਦਾ ਵਿਹਾਰਕ ਪੱਖ' ਛਪਕੇ ਆ ਚੁੱਕੀ ਹੈ, ਇਸ ਪੁਸਤਕ ਨੂੰ ਅਸੀਂ ਸ਼ਬਦ ਵਿਚਾਰ ਕਾਲਮ ਵਿਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ । -ਸੰਪਾਦਕ

## ਸਲੋਕ ੧
## ਆਪਣੀ ਕ੍ਰਿਤ ਨਾਲ ਵਫ਼ਾਦਾਰੀ

**ਭੂਮਿਕਾ—** ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਹਿਲੇ ਸਲੋਕ ਵਿੱਚ ਮੱਛੀ ਤੇ ਪਾਣੀ ਦੀ ਉਦਾਹਰਣ ਦਿੱਤੀ ਹੈ। ਮੱਛੀ ਪਾਣੀ ਤੋਂ ਬਿਨਾ ਨਹੀਂ ਰਹਿ ਸਕਦੀ ਕਿਉਂ ਕਿ ਮੱਛੀ ਪਾਣੀ ਵਿਚੋਂ ਆਕਸੀਜਨ ਪ੍ਰਾਪਤ ਕਰਦੀ ਹੈ। ਮੱਛੀ ਪਾਣੀ ਵਿੱਚ ਰਹਿ ਕੇ ਹੀ ਆਪਣੀ ਖੁਰਾਕ ਦੀ ਭਾਲ ਕਰਦੀ ਹੈ। ਬੱਚਿਆਂ ਨੂੰ ਜਨਮ ਦੇਣਾ ਤੇ ਪਾਣੀ ਵਿੱਚ ਤਾਰੀਆਂ ਲਉਣੀਆਂ ਉਸ ਦਾ ਜਨਮ ਸਿੱਧ ਅਧਿਕਾਰ ਹੈ। ਮੱਛੀ ਨੂੰ ਪਾਣੀ ਵਿੱਚ ਪੂਰਨ ਤੌਰ 'ਤੇ ਅਜ਼ਾਦੀ ਹੈ। ਕਈ ਸਭਿਅਤਾਵਾਂ ਦੇ ਸਾਹਿਤ, ਇਤਿਹਾਸ ਅਤੇ ਉਨ੍ਹਾਂ ਦੀ ਸੰਸਕ੍ਰਿਤੀ ਵਿੱਚ ਮੱਛੀਆਂ ਦਾ ਵਿਸ਼ੇਸ਼ ਸਥਾਨ ਹੈ। ਮੱਛੀ ਪਾਣੀ ਵਿੱਚ ਬੁਲਬਲਿਆਂ ਦਾ ਆਲ੍ਹਣਾ ਉਸਾਰਦੀ ਹੈ। ਇੱਥੇ ਇਹ ਅੰਡੇ ਦੇ ਕੇ ਆਪਣੇ ਵੰਸ਼ ਨੂੰ ਅੱਗੇ ਵਧਾਉਂਦੀ ਹੈ। ਮੱਛੀ ਆਪਣੇ ਮੂੰਹ ਵਿਚੋਂ ਹਵਾ ਤੇ ਇੱਕ ਲੇਸਦਾਰ ਪਦਾਰਥ ਛੱਡਦੀ ਹੈ, ਜੋ ਬੁਲਬਲਿਆਂ ਦੇ ਝੁੰਡ ਦੇ ਰੂਪ ਵਿੱਚ ਇਕੱਠਾ ਹੋ ਕੇ ਝੱਗ ਦਾ ਆਲ੍ਹਣਾ ਜੇਹਾ ਬਣ ਜਾਂਦਾ ਹੈ। ਇੱਥੇ ਮੱਛੀ ਅੰਡੇ ਦਿੰਦੀ ਹੈ। ਇਹ ਮੱਛੀ ਦਾ ਆਪਣਾ ਸੰਸਾਰ ਹੈ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਸੰਸਾਰ ਇੱਕ ਸਮੁੰਦਰ ਦੀ ਨਿਆਂਈਂ ਹੈ ਤੇ ਅਸੀਂ ਮੱਛੀ ਵਾਂਗ ਰਹਿ ਰਹੇ ਹਾਂ। ਸੰਸਾਰ ਵਿੱਚ ਰਹਿੰਦਿਆਂ ਹੀ ਸਾਰੀਆਂ ਜ਼ਿੰਮੇਵਾਰੀਆਂ ਨਿਭਾਹੁੰਣੀਆਂ ਹਨ। ਸਮੇਂ ਦੀ ਕਦਰ ਕਰਦਿਆਂ ਇਸ ਨੂੰ ਵੱਧ ਤੋਂ ਵੱਧ ਸਫਲ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ।

ਨੌਵੇਂ ਪਾਤਸ਼ਾਹ ਦੇ ਸਲੋਕਾਂ ਦੀ ਇਕ ਪੂਰੀ ਤਰਤੀਬ ਹੈ ਜੋ ਅਗਲਿਆਂ ਸਲੋਕਾਂ ਨਾਲ ਮਿਲਦੀ ਜਾਂਦੀ ਹੈ-

**ਸਲੋਕ—ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥**
**ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥**

**ਪਦ ਅਰਥ—** ਗੁਨ ਗੋਬਿੰਦ-ਗੋਬਿੰਦ ਦੇ ਗੁਣ। ਅਕਾਰਥ-ਵਿਅਰਥ। ਕੀਨ-ਬਣਾ ਲਿਆ।

**ਅੱਖਰੀ ਅਰਥ—** ਜੇ ਤੂੰ ਪਰਮਾਤਮਾ ਦੇ ਗੁਣ ਕਦੇ ਨਹੀਂ ਗਾਏ, ਤਾਂ ਤੂੰ ਆਪਣੇ ਜੀਵਨ ਨੂੰ ਵਿਅਰਥ ਵਿੱਚ ਗਵਾ ਲਿਆ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਆਖਦੇ ਹਨ ਕਿ ਹੇ ਮਨ! ਤੂੰ ਪ੍ਰਮਾਤਮਾ ਦਾ ਭਜਨ ਕਰਿਆ ਕਰ ਤੇ, ਉਸ ਨੂੰ ਇਉਂ ਜ਼ਿੰਦਗੀ ਦਾ ਆਸਰਾ ਬਣਾ ਜਿਵੇਂ ਮੱਛੀ ਪਾਣੀ ਨੂੰ ਆਪਣੀ ਜਿੰਦ ਦਾ ਆਸਰਾ ਬਣਾਈ ਰੱਖਦੀ ਹੈ।

**ਵਿਚਾਰ ਚਰਚਾ ਤੇ ਵਿਹਾਰਕ ਪੱਖ—** ਮੱਛੀ ਦਾ ਪਾਣੀ ਵਿੱਚ ਜਨਮ, ਵਿਕਾਸ, ਬੱਚਿਆਂ ਨੂੰ ਜਨਮ ਦੇਣਾ, ਕੁਦਰਤੀ ਪ੍ਰਕਿਰਿਆ ਹੈ। ਮੱਛੀ ਸਾਹਮਣੇ ਆਈ ਬਿਪਤਾ ਤੋਂ ਛੁਟਕਾਰਾ ਪਉਣਾ ਦਾ ਢੰਗ ਤਰੀਕਾ ਵੀ ਅਪਨਾਉਂਦੀ ਹੈ। ਮੱਛੀ ਪਾਣੀ ਵਿੱਚ ਰਹਿੰਦੀ ਹੈ ਪਰ ਇਸ ਨੂੰ ਇਹ ਪਤਾ ਨਹੀਂ ਲਗਦਾ ਕਿ ਬਾਹਰ ਕੀ ਹੋ ਰਿਹਾ ਹੈ। ਅਚਿੰਤੇ ਹੀ ਸ਼ਿਕਾਰੀ ਦੇ ਜਾਲ ਵਿੱਚ ਫਸ ਜਾਂਦੀ ਹੈ। ਮੱਛੀ ਦਾ ਪ੍ਰਤੀਕ ਲੈ ਕੇ ਮਨੁੱਖ ਨੂੰ ਸੁਚੇਤ ਕੀਤਾ ਹੈ। ਕਈ ਵਾਰੀ ਮਨੁੱਖ ਵੀ ਅਚਿੰਤੇ ਜਾਲ (ਬੁਰਿਆਈਆਂ, ਔਗੁਣ) ਵਿੱਚ ਫਸ ਜਾਂਦਾ ਹੈ। ਜੇ ਮਨੁੱਖ ਸੁਚੇਤ ਹੋ ਕੇ ਨਹੀਂ ਚਲਦਾ ਤਾਂ ਇਸ ਲਈ ਵੀ ਸਮੱਸਿਆਵਾਂ ਖੜੀਆਂ ਹੋ ਸਕਦੀਆਂ ਹਨ—

**ਭਾਈ ਰੇ ਇਉ ਸਿਰਿ ਜਾਣਹੁ ਕਾਲੁ॥**
**ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥੧॥ (੫੫)**

ਮੱਛੀ ਨੂੰ ਜ਼ੁਬਾਨ ਦਾ ਚਸਕਾ ਵੀ ਹੈ ਜੋ ਇਸ ਦੀ ਕੰਮਜ਼ੋਰੀ ਹੈ। ਵਿਸ਼ਾਲ ਸਮੁੰਦਰ ਛੱਡ ਕੇ ਕੁੰਡੀ ਨਾਲ ਚਿੰਬੜੇ ਮਾਸ ਦੀ ਬੋਟੀ ਪਿੱਛੇ ਫਸ ਜਾਂਦੀ ਹੈ। ਲਾਲਚ ਦੀ ਕੁੰਡੀ ਤੇ ਅਚਿੰਤੇ ਜਾਲ ਵਿੱਚ ਫਸ ਜਾਣਾ ਮੱਛੀਦੇ ਹਿੱਸੇ ਆਇਆ ਹੈ—ਬਿਲਕੁਲ ਏਸੇ ਤਰ੍ਹਾਂ ਜ਼ਿੰਦਗੀ ਦਾ ਸਫ਼ਰ ਤਹਿ ਕਰਦਿਆਂ ਮਨੁੱਖ ਦਾ ਮਨ ਵੀ ਲਾਲਚ, ਕਾਮ, ਕ੍ਰੋਧ, ਹੰਕਾਰ, ਵਿਕਾਰਾਂ, ਵਾਸ਼ਨਾਵਾਂ ਦੇ ਜਾਲ ਵਿੱਚ ਫਸ ਜਾਂਦਾ ਹੈ।

**ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ॥**
**(੧੦੩੧)**

ਸੰਸਾਰ ਸੁਮੰਦਰ ਦੀ ਨਿਆਈਂ ਹੈ, ਸਮੁੰਦਰ ਵਿੱਚ ਅਚਿੰਤੇ ਜਾਲ ਵੀ ਪੈ ਸਕਦਾ ਹੈ ਤੇ ਲਾਲਚ ਵੱਸ ਫਸ ਵੀ ਸਕਦੇ ਹਾਂ। ਉਂਝ ਇਸ ਸਲੋਕ ਵਿੱਚ ਕੇਵਲ ਮੱਛੀ ਤੇ ਪਾਣੀ ਦੀ ਉਦਾਹਰਣ ਦੇ ਕੇ ਮਨੁੱਖ ਨੂੰ ਉਤਸ਼ਾਹ ਜਨਕ ਵਿਚਾਰ ਦਿੱਤਾ ਹੈ। ਗੋਬਿੰਦ ਦੇ ਗੁਣ ਗਉਣ ਦਾ ਭਾਵ ਅਰਥ ਹੈ ਕਿ ਮੈਂ ਸਚਿਆਰ ਬਣ ਕੇ ਆਪਣੀ ਜ਼ਿੰਦਗੀ ਦੇ ਮਹੱਤਵ ਨੂੰ ਸਮਝਾਂ। ਪਹਿਲਾਂ ਮੈਨੂੰ ਉਹ ਗੁਣ ਸਿੱਖਣੇ ਪੈਣਗੇ ਜੋ ਸੱਚ ਦੇ ਅਧਾਰਤ ਹਨ। "ਗੁਨ ਗੋਬਿੰਦ ਗਾਇਓ ਨਹੀਂ"— ਜੇ ਮਨੁੱਖ ਨੂੰ ਗੁਣ ਸਿੱਖਣ ਦਾ ਮੌਕਾ ਮਿਲਿਆ ਹੈ ਪਰ ਗੁਣ ਸਿਖੇ ਨਹੀਂ ਹਨ, ਸਮਾਂ ਵਿਅਰਥ ਵਿੱਚ ਗਿਆ। ਦੂਜਾ, ਜਿਸ ਨੇ ਸਿੱਖੇ ਹਨ ਪਰ ਉਸ ਨੇ ਪੂਰੀ ਤਰ੍ਹਾਂ ਵਰਤੇ ਨਹੀਂ ਹਨ- "ਜਨਮੁ ਅਕਾਰਥ ਕੀਨੁ" ਵਰਤਮਾਨ ਸਮੇਂ ਨੂੰ ਅਜਾਈਂ ਗਵਾ ਲਿਆ ਹੈ। ਗੁਰੂ ਸਾਹਿਬ ਜੀ ਫਰਮਾਉਂਦੇ ਹਨ ਕਿ **"ਕਹੁ ਨਾਨਕ ਹਰਿ ਭਜੁ ਮਨਾ"**

**ਨਾਨਕ ਆਖਦਾ ਹੈ—** ਭਾਵ ਗੁਰੂ ਤੇਗ ਬਹਾਦਰ ਸਾਹਿਬ ਜੀ ਫਰਮਾਉਂਦੇ ਹਨ--ਅਜੇ ਵੇਲਾ ਹੈ ਆਪਣੇ ਆਪ ਨੂੰ ਸੰਭਾਲ਼ਣ ਦਾ। ਜਿਸ ਤਰ੍ਹਾਂ ਮੱਛੀ ਪਾਣੀ ਵਿੱਚ ਰਹਿੰਦੀ ਹੈ ਤੇ ਪਾਣੀ ਤੋਂ ਬਿਨਾ ਮਰ ਜਾਂਦੀ ਹੈ। ਏਸੇ ਤਰ੍ਹਾਂ ਵਰਤਮਾਨ ਸਮੇਂ ਵਿੱਚ ਸਾਨੂੰ ਵੀ ਆਪਣੀ ਕ੍ਰਿਤ ਸਬੰਧੀ ਸੁਚੇਤ ਹੋਣਾ ਚਾਹੀਦਾ ਹੈ ਨਹੀਂ ਤਾਂ ਅਚਿੰਤੇ ਹੀ ਸਮੱਸਿਆ ਵੀ ਆ ਸਕਦੀ ਹੈ। ਦੂਸਰਾ ਜਿੱਥੇ ਕਿੱਥੇ ਵੀ ਰਹਿਣਾ ਜਾਂ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣੀ ਹੈ, ਓੱਥੇ ਲਾਲਚ ਤੋਂ ਪੂਰੀ ਤਰ੍ਹਾਂ ਬਚਣਾ ਹੈ। ਗੁਜ਼ਰਿਆ ਵਕਤ ਹੱਥ ਨਹੀਂ ਆ ਸਕਦਾ—"ਜਿਹ ਬਿਧਿ ਜਲ ਕਉ ਮੀਨੁ" ਮੱਛੀ ਕੋਲੋਂ ਸਿੱਖਣ ਦਾ ਯਤਨ ਕਰਨਾ ਚਾਹੀਦਾ ਹੈ। ਇਸ ਨੂੰ ਇਕ ਉਦਾਹਰਣ ਰਾਹੀਂ ਸਮਝਣ ਦਾ ਯਤਨ ਕਰਾਂਗੇ।

ਇਕ ਵਿਦਿਆਰਥੀ ਕੋਲ ਪੜ੍ਹਾਈ ਦਾ ਸਮਾਂ ਹੈ ਪਰ ਉਹ ਪੜ੍ਹਾਈ ਮਨ ਮਾਰ ਕੇ ਨਹੀਂ ਕਰਦਾ ਤੇ ਸਕੂਲ ਤੋਂ ਵੀ ਅਕਸਰ ਗੈਰ ਹਾਜ਼ਰ ਰਹਿੰਦਾ ਹੈ। ਅਜਿਹਾ ਵਿਦਿਆਰਥੀ ਨੇ ਆਪਣਾ ਕੀਮਤੀ ਸਮਾਂ ਗਵਾ ਲਿਆ। ਦੂਸਰਾ

ਬਾਕੀ ਸਫਾ 13 'ਤੇ

# ਸੁਖਮਨੀ : ਚੜ੍ਹਦੀ-ਕਲਾ ਦਾ ਮਾਰਗ

**ਇੰਜੀ. ਜੋਗਿੰਦਰ ਸਿੰਘ**

ਸਿੱਖ ਸੱਭਿਆਚਾਰ ਅਤੇ ਸਮਾਜਿਕ ਵਿਵਹਾਰ ਦੀ ਅਧੋਗਤੀ ਅਤੇ ਢਹਿੰਦੀਆਂ-ਕਲਾ ਦਾ ਸ਼ਾਹਾਨਾ ਪ੍ਰਦਰਸ਼ਨ ਵੇਖਿਆ ਜਾ ਸਕਦਾ ਹੈ, ਉਸ ਘਟਨਾ ਵਿਚੋਂ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਸਮੇਂ, ਚਾਰ ਹਿੰਦੂ ਰਾਣੀਆਂ ਅਤੇ ਸੱਤ ਨੌਕਰਾਣੀਆਂ, ਉਸ ਦੀ ਬਲਦੀ ਚਿਖਾ 'ਤੇ ਨਾਲ ਹੀ ਸਤੀ ਹੋਈਆਂ, ਜਿਸ ਰੀਤੀ ਦੀ ਗੁਰੂ ਸਾਹਿਬਾਨ ਅਤੇ ਗੁਰਬਾਣੀ ਸਪੱਸ਼ਟ ਰੂਪ ਵਿਚ ਨਿਖੇਧੀ ਅਤੇ ਮਨਾਹੀ ਕਰਦੀ ਹੈ।

ਖ਼ਾਲਸਾ ਰਾਜ ਦੇ ਹੁਕਮਰਾਨਾਂ ਵਿਚ ਸਿੱਖੀ ਕਿਰਦਾਰ ਅਤੇ ਰਹਿਤ-ਬਹਿਤ ਦੀ ਘਾਟ, ਬੁਧਿ-ਬਿਬੇਕ ਵਿਚ ਖੋਟ ਅਤੇ ਆਪਸੀ ਰਿਸ਼ਤਿਆਂ ਵਿਚ ਵਿਸਾਹ ਅਤੇ ਭਰੋਸੇ ਦੀ ਘਾਟ ਨੇ ਬਾਹਰਲੇ ਬਹੁਰੂਪੀਆਂ ਦੀਆਂ ਸਾਜ਼ਿਸ਼ਾਂ ਨੂੰ ਸੌਖਾ ਬਣਾ ਦਿੱਤਾ ਸੀ ਤੇ ਵਿਦੇਸ਼ੀ ਫਿਰੰਗੀਆਂ ਨੇ ਵਸਦੇ-ਰਸਦੇ ਪੰਜਾਬ ਨੂੰ ਗੁਲਾਮੀ ਦੀਆਂ ਬੇੜੀਆਂ 'ਚ ਜਕੜ ਲਿਆ। ਨਾ ਕੇਵਲ ਸਿੱਖ ਰਾਜ ਸਮੇਂ ਦੁਨੀਆਵੀ ਲਾਲਚਾਂ ਵੱਸ ਬਣੀਆਂ 'ਸਿੱਖ ਸੰਗਤਾਂ' ਵਾਪਿਸ ਆਪਣੇ ਵਤਨਾਂ ਨੂੰ ਪਰਤ ਗਈਆਂ, ਬਲਕਿ ਵੱਡੇ-ਵੱਡੇ ਰਈਸ ਸਿੱਖ-ਘਰਾਣਿਆਂ ਦਾ ਰੁਖ਼ ਵੀ ਈਸਾਈ ਧਰਮ ਵੱਲ ਹੋ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਦੀ ਸਿੱਖਾਂ ਦੀ ਇਕ ਕਰੋੜ ਦੀ ਆਬਾਦੀ ਸੰਨ 1868 ਈ. ਦੀ ਜਨ-ਗਣਨਾ ਅਨੁਸਾਰ ਘਟ ਕੇ, ਪੂਰੇ ਪੰਜਾਬ ਭਾਵ ਸਤਲੁਜੋਂ ਪਾਰ ਦੀਆਂ ਰਿਆਸਤਾਂ ਸਮੇਤ ਗਿਆਰਾਂ ਲੱਖ, ਚਾਲੀ ਹਜ਼ਾਰ ਰਹਿ ਗਈ ਅਤੇ ਸਰਕਾਰੀ ਰਿਪੋਰਟਾਂ ਅਨੁਸਾਰ ਸਿੱਖ ਧਰਮ ਬੜੀ ਤੇਜ਼ੀ ਨਾਲ ਨਿਘਾਰ ਵੱਲ ਵੱਧ ਰਿਹਾ ਸੀ। ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਹਫੜਾ-ਦਫੜੀ ਵਿਚ ਆਪਣੀ ਪਛਾਣ ਬਣਾਏ ਰੱਖਣ ਦੇ ਘੋਰ ਸੰਕਟ ਨੇ ਸਿੱਖ ਧਰਮ ਦੀਆਂ ਸੰਸਥਾਵਾਂ ਤੇ ਸੱਭਿਆਚਾਰਕ ਤਾਣੇ-ਬਾਣੇ ਦੀਆਂ ਚੂਲਾਂ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਈਸਾਈ ਪਾਦਰੀਆਂ ਨੇ ਲਾਹੌਰ, ਅੰਮ੍ਰਿਤਸਰ, ਕਪੂਰਥਲਾ ਤੇ ਲੁਧਿਆਣਾ ਵਰਗੇ ਸ਼ਹਿਰਾਂ 'ਚ ਆਪਣਾ ਜਾਲ ਖਿਲਾਰਨਾ ਸ਼ੁਰੂ ਕਰ ਦਿੱਤਾ ਸੀ। ਪੂਰਬੀ ਭਈਆਂ ਅਤੇ ਉੱਤਰੀ ਡੋਗਰਿਆਂ ਦੀ ਚਾਣਿਕੱਯਾ ਨੀਤੀ ਸਦਕਾ, ਸਿੱਖ ਗੁਰਦੁਆਰਿਆਂ ਦੀਆਂ ਪਵਿਤ੍ਰ ਪਰਿਕਰਮਾ ਅਤੇ ਚੌਗਿਰਦਿਆਂ ਵਿਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਪਹਿਲਾਂ ਹੀ ਪਹੁੰਚਾਈਆਂ-ਸਜਾਈਆਂ ਜਾ ਚੁੱਕੀਆਂ ਸਨ।

ਅਜਿਹੇ ਅਣਕਿਆਸੇ ਡਾਵਾਂ-ਡੋਲ ਤੇ ਆਪੋ-ਧਾਪੀ ਦੇ ਸਵਾਰਥੀ ਵਾਤਾਵਰਨ ਦੇ ਸਨਮੁਖ ਧਰਮ ਅਤੇ ਸਭਿਆਚਾਰ ਉੱਤੇ ਕੀਤੇ ਜਾ ਰਹਿਆਂ ਹੱਲਿਆਂ ਨੂੰ ਠੱਲ੍ਹ ਪਾਉਣ ਵਿਚ, ਰਾਵਲਪਿੰਡੀ ਵਾਲੇ ਨਿਰੰਕਾਰੀ-ਦਰਬਾਰ ਨਾਲ ਜੁੜੇ ਗੁਰਸਿੱਖਾਂ ਅਤੇ ਬਾਬਾ ਰਾਮ ਸਿੰਘ ਜੀ ਦੀ ਨਾਮਧਾਰੀ ਲਹਿਰ ਦਾ ਵੱਡਮੁੱਲਾ ਯੋਗਦਾਨ ਹੈ। ਅੰਮ੍ਰਿਤਸਰ ਤੇ ਲਾਹੌਰ ਵਿਚਲੀਆਂ ਸਿੰਘ ਸਭਾਵਾਂ ਨੇ ਸਿੱਖ ਰਵਾਇਤਾਂ, ਸਿਧਾਂਤਾਂ, ਰੀਤਾਂ-ਰਸਮਾਂ ਤੇ ਆਚਰਣਕ ਸੁਧਾਰਾਂ ਨੂੰ ਪੁਨਰ-ਸੁਰਜੀਤ ਕਰਦਿਆਂ, ਬੇਦੀਆਂ, ਸੋਢੀਆਂ, ਬ੍ਰਾਹਮਣਾਂ ਤੇ ਮਹੰਤਾਂ ਦੇ ਪਾਖੰਡਾਂ ਨੂੰ ਧੜੱਲੇ ਨਾਲ ਸੰਗਤਾਂ ਵਿਚ ਨਸ਼ਰ ਕੀਤਾ ਅਤੇ ਸਾਧਾਰਣ ਗਰੀਬ ਸਿੱਖਾਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਗੁਰੂ ਦੇ ਲੜ ਲਾਉਣ ਹਿੱਤ ਵਿਸ਼ੇਸ਼ ਦ੍ਰਿੜ੍ਹਤਾ ਨਾਲ ਵੱਡੀਆਂ ਲਹਿਰਾਂ ਵਿਚ ਆਪਣਾ ਸਮੁੱਚਾ ਜੀਵਨ ਅਰਪਣ ਕਰ ਦਿੱਤਾ। ਪ੍ਰੋਫ਼ੈਸਰ ਗੁਰਮੁਖ ਸਿੰਘ, ਪ੍ਰੋ. ਗਿਆਨੀ ਦਿੱਤ ਸਿੰਘ, ਭਾਈ ਤਖ਼ਤ ਸਿੰਘ ਜ਼ਿੰਦਾ ਸ਼ਹੀਦ, ਭਾਈ ਮਈਆ ਸਿੰਘ, ਭਾਈ ਜਵਾਹਰ ਸਿੰਘ ਆਦਿ ਸ਼ਾਸਤ੍ਰਾਰਥ ਅਤੇ ਡਟਵੀਆਂ ਪ੍ਰਚਾਰਕ ਗਤੀਵਿਧੀਆਂ ਵਿਚ ਜਾਨ ਹੂਲ ਕੇ ਕੁੱਦ ਪਏ। 'ਖ਼ਾਲਸਾ ਐਡਵੋਕੇਟ' ਅਖ਼ਬਾਰ ਅਤੇ 'ਖ਼ਾਲਸਾ ਟ੍ਰੈਕਟ ਸੁਸਾਇਟੀ' ਰਾਹੀਂ ਭਾਈ ਵੀਰ ਸਿੰਘ, ਵੈਦ ਭਾਈ ਮੋਹਨ ਸਿੰਘ ਵੈਦ ਅਤੇ ਬਾਬੂ ਤੇਜਾ ਸਿੰਘ ਓਵਰਸੀਅਰ ਹੁਰਾਂ ਆਪਣੀਆਂ ਲਿਖਤਾਂ ਵਿਚ ਧਾਰਮਿਕ, ਸਮਾਜਿਕ, ਸਦਾਚਾਰਕ, ਆਰਥਕ ਤੇ ਵਿੱਦਿਅਕ ਖੇਤਰਾਂ ਦੀਆਂ ਸਮੱਸਿਆਵਾਂ ਅਤੇ ਸਾਧਨਾਂ-ਸਮਾਧਾਨਾਂ ਸੰਬੰਧੀ ਆਮ ਸਿੱਖ-ਸੰਗਤਾਂ ਨੂੰ ਵੱਡਮੁੱਲੀ ਜਾਣਕਾਰੀ ਦਿੱਤੀ ਅਤੇ ਉਤਸ਼ਾਹ ਭਰਪੂਰ ਮਾਹੌਲ ਦੀ ਪੁਨਰ-ਸਿਰਜਣਾ ਕੀਤੀ।

ਤੇ ਇਨ੍ਹਾਂ ਨਵ-ਜਾਗ੍ਰਿਤੀ ਤੇ ਕੌਮੀ ਨਵ-ਉਸਾਰੀ ਦੇ ਪ੍ਰਕਾਰਜਾਂ ਵਿਚ ਪੰਜਵੇਂ ਨਾਨਕ ਧੰਨ ਗੁਰੂ ਅਰਜਨ ਸਾਹਿਬ ਜੀ ਦੀ ਸਰਲ-ਸੁਖੈਨ, ਸਾਦਾ-ਸਪਾਟ, ਮੂਲਕ-ਤੱਥਾਂ ਤੋਂ ਤਦਬੀਰਾਂ ਸੁਝਾਉਂਦੀ ਅਤੇ ਸਾਰਥਕ-ਤਰਜੀਹਾਂ ਤੋਂ ਨਿਸ਼ਚਤ-ਤਕਦੀਰਾਂ ਘੜਦੀ ਸ਼ਾਹਕਾਰ ਰਚਨਾ **ਸੁਖਮਨੀ** ਦਾ ਵਿਸ਼ੇਸ਼ ਮਹੱਤਵਪੂਰਨ ਸਥਾਨ, ਲੋਕ-ਮਾਨਸਿਕਤਾ 'ਚ ਉਜਾਗਰ ਹੋਇਆ। ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ 'ਸੁਖਮਨੀ ਸਾਹਿਬ' ਜੀ ਦਾ ਪਾਠ ਸਤਿਗੁਰੂ ਜੀ ਦੇ ਓਟ-ਆਸਰੇ ਦਾ ਚਿੰਨ੍ਹ ਬਣ ਗਿਆ ਅਤੇ ਦੁਪਹਿਰੋਂ ਬਾਅਦ ਇਸਤ੍ਰੀ-ਸਤਿਸੰਗਾਂ ਵਿਚਲੀ ਨਿਵੇਕਲੀ ਮੌਲਿਕ ਰੀਤਿ ਵਿਚ ਸਮੂਹਿਕ ਗਾਈ ਜਾਣ ਵਾਲੀ 'ਸੁਖਮਨੀ' ਨੇ ਸਿੱਖ-ਚੇਤਨਾ ਵਿਚ 'ਚੜ੍ਹਦੀਆਂ-ਕਲਾਂ' ਜਗਾਉਂਦੀ ਨਵੀਂ ਰੂਹ ਦਾ ਸੰਚਾਰ ਕਰ ਦਿੱਤਾ।

ਇੰਝ ਪ੍ਰਤੀਤ ਹੁੰਦਾ ਹੈ ਕਿ ਮਾਯੂਸ ਤੇ ਨਿਰਾਸ਼ ਹੋਈਆਂ ਸਿੱਖ ਸੰਗਤਾਂ ਨੂੰ **'ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥'** ਨੇ ਨਵੀਂ ਜ਼ਿੰਦਗੀ ਦੀਆਂ ਨਵ-ਉਸਾਰੀਆਂ ਵਾਸਤੇ ਲੋੜੀਂਦੀਆਂ ਸਮੂਹਿਕ ਕਾਰ-ਸੇਵਾਵਾਂ ਵਿਚ ਤਨੋਂ-ਮਨੋਂ ਗ਼ਲਤਾਨ ਕਰ ਦਿੱਤਾ ਹੋਵੇ—ਨਵੀਆਂ ਉਮੀਦਾਂ, ਨਵੀਆਂ ਆਸਾਂ, ਆਪਣੀ ਹੋਣੀ ਨੂੰ ਆਪੂੰ ਸਿਰਜਣ ਦੀਆਂ ਪ੍ਰਭੂ ਸਿਮਰਨ ਵਿਚ ਜੁੜ ਕੇ, ਸਿਮਰ-ਸਿਮਰ ਕੇ ਸੁਖ ਪਾਉਣ ਦਾ ਚਾਉ, ਨਿਜੀ ਤੇ ਆਪਸੀ ਕਲਹ-ਕਲੇਸ਼ਾਂ ਨੂੰ ਮੂਲੋਂ ਮਿਟਾ ਸੁੱਟਣ ਦਾ ਸੱਜਰਾ ਉਮਾਹ-ਸਿਮਰਉਂ! ਸਿਮਰਉਂ! ਸਿਮਰਉਂ! ਜਿਸ ਨੂੰ ਵੇਦਾਂ ਪੁਰਾਣਾਂ, ਸਿਮ੍ਰਤੀਆਂ ਤੇ ਹੋਰ ਅਨੇਕਾਂ ਨੇ ਸਿਮਰਿਆ ਅਤੇ ਜਿਸ ਦੇ ਸਿਮਰਨ ਨਾਲ ਦੁੱਖ ਨਹੀਂ ਪਹੁੰਚਦੇ, ਮੌਤ ਨਹੀਂ ਡਰਾਉਂਦੀ, ਰੁਕਾਵਟਾਂ-ਔਕੜਾਂ ਦੂਰ ਹੋ ਜਾਂਦੀਆਂ ਨੇ ਤੇ ਦੁਸ਼ਮਣ ਸ਼ਕਤੀਆਂ ਟਲ ਜਾਂਦੀਆਂ ਨੇ, ਸਾਰੇ ਡਰਾਂ-ਭੈਆਂ ਤੋਂ ਮੁਕਤ ਹੋ ਕੇ ਮਨੁੱਖ **'ਰਿਧਿ-ਸਿਧਿ ਨਉ ਨਿਧਿ॥'** ਅਤੇ **'ਗਿਆਨੁ ਧਿਆਨੁ ਤਤੁ ਬੁਧਿ॥'** ਨੂੰ ਪ੍ਰਾਪਤ ਕਰ ਸਕਦਾ ਹੈ, ਉਸ 'ਬਿਸਭਰ ਜਗਤ' ਦੇ ਮਾਲਕ-ਪਾਲਕ ਵਾਹਿਗੁਰੂ ਨੂੰ ਮੈਂ ਵੀ ਸਿਮਰਾਂ। ਮੈਂ ਵੀ ਸਿਮਰਾਂ।

ਸਾਡਾ ਰਾਜ-ਭਾਗ ਖੁੱਸ ਗਿਆ, ਸਾਹਿਬੀ-ਸਲਾਮੀ ਜਾਂਦੀ ਰਹੀ, ਠਾਠ-ਬਾਠ ਮੁੱਕ ਗਏ, ਫਤਹਿਯਾਬੀਆਂ ਕੇਵਲ ਕਹਾਣੀਆਂ ਬਣ ਗਈਆਂ, ਚੜ੍ਹਤਾਂ, ਧੌਂਸੇ, ਨਗਾਰੇ ਚੁੱਪ ਹੋ ਗਏ-ਤੇ ਪੱਲੇ ਪੈ ਗਈਆਂ ਗੁਲਾਮੀਆਂ, ਬਦਹਵਾਸੀਆਂ, ਮੁਹਤਾਜੀਆਂ ਤੇ ਸ਼ਰਮਿੰਦਗੀਆਂ- ਕਿਉਂਕਿ ਅਸੀਂ ਪ੍ਰਭੂ ਸਿਮਰਨ ਤੋਂ ਦੂਰ, ਭਟਕ ਗਏ ਸਾਂ, ਵਿਛੜ ਗਏ ਸਾਂ, ਤਾਂ ਹੀ ਚੋਟਾਂ ਖਾ ਰਹੇ ਹਾਂ। ਸਾਡੀ 'ਸੁਖਮਨੀ ਸਾਹਿਬ' ਤਾਂ ਪੁਕਾਰ-ਪੁਕਾਰ ਕੇ ਉੱਚਾ ਬੁਲੰਦ ਹੋਕਾ ਦੇ ਰਹੀ ਹੈ, ਐਲਾਨ ਕਰ ਰਹੀ ਹੈ, ਬਾਰੰਬਾਰ ਯਕੀਨਦਹਾਨੀ ਦੁਹਰਾ ਰਹੀ ਹੈ, ਕਿ

(1) **ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ॥**
**ਪ੍ਰਭ ਕੈ ਸਿਮਰਨਿ ਪੂਰਨ ਆਸਾ॥**
(2) **ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ॥**
**ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ॥**
**ਪ੍ਰਭ ਕਉ ਸਿਮਰਹਿ ਸੇ ਸੁਖਵਾਸੀ॥**
**ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ॥**
(3) **ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ॥**
**ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ॥**
(4) **ਪ੍ਰਭ ਕੈ ਸਿਮਰਨਿ ਕਾਰਜ ਪੂਰੇ॥**
**ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ॥** ਇਤਿਆਦਿਕ। **(263)**

ਇਸੇ ਸੰਦਰਭ ਵਿਚ, ਉੱਨੀ ਸੌ ਸੰਤਾਲੀ ਦੀ ਦੇਸ਼-ਵੰਡ ਤੋਂ ਬਿਲਕੁਲ

ਪਹਿਲੇ ਤੇ ਕੁਝ ਮਗਰਲੇ ਸਮੇਂ ਨਾਲ ਜੁੜੀਆਂ ਘਟਨਾਵਾਂ ਮੇਰੇ ਸਾਹਵੇਂ ਆ ਖਲੋਂਦੀਆਂ ਹਨ। ਮੈਂ, ਮਾਂ-ਮਹਿਟਰ ਨੂੰ, ਭੈਣ ਗੁਰਦੇਈ ਆਪਣੇ ਬੱਚੇ ਵਜੋਂ ਪਾਲਣਾ ਕਰ ਰਹੀ ਸੀ, ਉਦੋਂ ਮਸਾਂ ਛੇਵੇਂ ਵਰ੍ਹੇ 'ਚ ਪੈਰ ਧਰ ਰਹਿਆ ਸਾਂ, ਹੁਣੇ-ਹੁਣੇ ਸਕੂਲੇ ਪੜ੍ਹਨ ਪਾਇਆ ਗਿਆ ਸੀ, ਕਦੇ ਗਿਆ ਤੇ ਕਦੇ ਨਾ ਗਿਆ, ਬੱਚਿਆਂ ਵਾਲੇ ਖੇਡਣ ਦੇ ਦਿਨ-ਤੇ ਇਕ ਦਿਨ ਤਤ-ਫਟ ਅਸੀਂ ਪਿਸ਼ਾਵਰ ਸ਼ਹਿਰ ਵਿਚਲੇ ਦੁਮੰਜ਼ਿਲੇ ਘਰ ਨੂੰ ਜਿੰਦਰਾ ਮਾਰ ਕੇ ਭਾਈ ਜੋਗਾ ਸਿੰਘ ਜੀ ਦੇ ਨਾਂ ਉੱਤੇ ਬਣੇ ਵੱਡੇ ਗੁਰਦੁਆਰੇ ਆਣ ਪਨਾਹ ਲਈ। ਪਾਕਿਸਤਾਨ ਬਣ ਜਾਣ ਦਾ ਐਲਾਨਨਾਮਾ ਹੋ ਗਿਆ ਸੀ, ਇਲਾਕੇ ਵਿਚ ਫਸਾਦ ਸ਼ੁਰੂ ਹੋ ਗਏ ਸਨ ਤੇ ਹਿੰਦੂ-ਸਿੱਖਾਂ ਨੂੰ ਲੁੱਟਣ ਤੇ ਮਾਰ-ਮੁਕਾਉਣ ਦੀਆਂ ਖ਼ਬਰਾਂ ਨਾਲ ਸਿੱਖ-ਭਾਈਚਾਰੇ ਨੂੰ ਗੁਰਧਾਮਾਂ ਦੀਆਂ ਚਾਰ ਦੀਵਾਰੀਆਂ ਦੇ ਅੰਦਰਵਾਰ, ਆਣ ਇਕੱਠੇ ਹੋਣ ਤੋਂ

**ਸਾਡਾ ਰਾਜ-ਭਾਗ ਖੁੱਸ ਗਿਆ, ਸਾਹਿਬੀ-ਸਲਾਮੀ ਜਾਂਦੀ ਰਹੀ, ਠਾਠ-ਬਾਠ ਮੁੱਕ ਗਏ, ਫਤਹਿਯਾਬੀਆਂ ਕੇਵਲ ਕਹਾਣੀਆਂ ਬਣ ਗਈਆਂ, ਚੜ੍ਹਤਾਂ, ਧੌਂਸੇ, ਨਗਾਰੇ ਚੁੱਪ ਹੋ ਗਏ-ਤੇ ਪੱਲੇ ਪੈ ਗਈਆਂ ਗੁਲਾਮੀਆਂ, ਬਦਹਵਾਸੀਆਂ, ਮੁਹਤਾਜੀਆਂ ਤੇ ਸ਼ਰਮਿੰਦਗੀਆਂ-ਕਿਉਂਕਿ ਅਸੀਂ ਪ੍ਰਭੂ ਸਿਮਰਨ ਤੋਂ ਦੂਰ, ਭਟਕ ਗਏ ਸਾਂ, ਵਿਛੜ ਗਏ ਸਾਂ, ਤਾਂ ਹੀ ਚੋਟਾਂ ਖਾ ਰਹੇ ਹਾਂ। ਸਾਡੀ 'ਸੁਖਮਨੀ ਸਾਹਿਬ' ਤਾਂ ਪੁਕਾਰ-ਪੁਕਾਰ ਕੇ ਉੱਚਾ ਬੁਲੰਦ ਹੋਕਾ ਦੇ ਰਹੀ ਹੈ, ਐਲਾਨ ਕਰ ਰਹੀ ਹੈ, ਬਾਰੰਬਾਰ ਯਕੀਨਦਹਾਨੀ ਦੁਹਰਾ ਰਹੀ ਹੈ, ਕਿ**

**ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥**
**ਪ੍ਰਭ ਕੈ ਸਿਮਰਨਿ ਪੂਰਨ ਆਸਾ ॥**

ਸਿਵਾ ਹੋਰ ਕੋਈ ਚਾਰਾ ਨਹੀਂ ਸੀ ਸੁੱਝ ਰਿਹਾ। ਸੰਘਣੀ ਆਬਾਦੀ ਵਿਚ ਉਸਾਰੇ ਗਏ ਇਸ ਆਲੀਸ਼ਾਨ ਗੁਰਦੁਆਰੇ ਦੀਆਂ ਬਾਹਰਲੀਆਂ ਦੀਵਾਰਾਂ ਨੂੰ ਦਿਨ ਰਾਤ ਇਕ ਕਰਕੇ ਹੋਰ ਮਜ਼ਬੂਤ ਅਤੇ ਹਥਿਆਰਬੰਦ ਚੌਕਸੀ ਨਾਲ ਲੈਸ ਕਰ ਦਿੱਤਾ ਗਿਆ। ਅੰਮ੍ਰਿਤ ਵੇਲੇ ਦੇ ਨਿਤਨੇਮ ਕੀਰਤਨ-ਕਥਾ ਤੋਂ ਬਾਅਦ ਸੰਗਤਾਂ ਵਿਚ ਅਖ਼ਬਾਰੀ ਤੇ ਰੇਡੀਓ-ਸਮਾਚਾਰਾਂ ਬਾਰੇ ਭਖਵੀਆਂ ਲੰਬੀਆਂ ਵਿਚਾਰ-ਚਰਚਾਵਾਂ ਛਿੜੀਆਂ ਰਹਿੰਦੀਆਂ, ਰੋਜ਼-ਰੋਜ਼ ਗੁਰੂ-ਘਰ ਵਿਚ ਕੁਝ ਨਵੇਂ ਸ਼ਾਮਿਲ ਹੋਏ ਗੁਰਸਿੱਖ ਪਰਿਵਾਰਾਂ ਦੀਆਂ ਹੱਡ-ਬੀਤੀਆਂ ਧਿਆਨ ਨਾਲ ਵਾਰੋ-ਵਾਰੀ ਸੁਣੀਆਂ ਜਾਂਦੀਆਂ ਤੇ ਨਾਲੋ-ਨਾਲ ਸਤਿਨਾਮ-ਵਾਹਿਗੁਰੂ ਦੀ ਜਾਪੁ-ਧੁਨੀ ਦੀ ਲੈ ਵਿਚ ਬੰਨ੍ਹੀ ਗੁੰਨ੍ਹੀ ਹੋਈ, ਗੁਰੂ ਕੇ ਲੰਗਰਾਂ ਦੀ ਸੇਵਾ ਵੀ ਪੂਰੇ ਜੋਸ਼ ਤੇ ਹੁਲਾਸ ਵਿਚ ਚਲਦੀ ਰਹਿੰਦੀ ਸੀ । ਸ਼ਾਇਦ ਸਾਰਿਆਂ ਨੂੰ ਅਜਿਹੇ ਮਜ਼੍ਹਬੀ ਕਤਲੋਗਾਰਤ ਵਿਚੋਂ ਬਚ ਨਿਕਲਣ ਦੀ ਉਮੀਦ ਨਹੀਂ ਸੀ ਦਿਸਦੀ, ਤਾਂਹੀਏ ਗੁਰੂ ਕੇ ਲੰਗਰਾਂ ਵਿਚ ਨਿੱਤ ਨਵੇਂ ਸਵਾਦਲੇ ਭੋਜਨਾਂ ਅਤੇ ਪਕਵਾਨਾਂ ਨੂੰ ਗੁਰੂਆਂ ਕੀਆਂ ਖੁਸ਼ੀਆਂ ਮੰਨ ਕੇ ਵਰਤਾਇਆ ਜਾਂਦਾ ਸੀ, ਹਰ ਕੋਈ ਆਪਣੀ ਜਮ੍ਹਾਂ ਕੀਤੀ ਰਾਸ-ਪੂੰਜੀ 'ਚੋਂ ਗੁਰ-ਭਾਈਆਂ ਨਾਲ ਰਲ ਕੇ ਵੰਡ-ਛਕਣਾ ਆਪਣੀ ਚੰਗੀ ਕਿਸਮਤ ਸਮਝਦਾ ਸੀ, ਪਤਾ ਨਹੀਂ ਕਿਸ ਵੇਲੇ ਕੀ ਭਾਣਾ ਵਰਤ ਜਾਏ।

ਦੁਪਹਿਰ ਦੇ ਖਾਉ-ਪੀਉ ਮਗਰੋਂ, ਥੋੜ੍ਹੇ ਚਿਰ ਦੇ ਹੀ ਆਰਾਮ ਪਿੱਛੋਂ ਆਪੋ-ਆਪਣੀਆਂ ਨਿੱਕੀਆਂ-ਵੱਡੀਆਂ ਟੋਲੀਆਂ ਜਾਂ ਜੋਟੀਆਂ ਬਣਾ ਕੇ, ਵਿਸ਼ੇਸ਼ ਕਰ ਮਾਈਆਂ-ਭੈਣਾਂ ਨੇ ਸੁਖਮਨੀ ਸਾਹਿਬ ਦੇ ਪਾਠਾਂ ਦਾ ਸਿਲਸਿਲਾ ਸ਼ੁਰੂ ਕਰ ਦੇਣ ਨੂੰ ਆਪਣਾ ਨਿਤ-ਕਰਮ ਬਣਾ ਲਿਆ ਸੀ। ਕਈ ਬਜ਼ੁਰਗ, ਬੱਚਿਆਂ ਨੂੰ ਪਾਠ-ਸਿਖਾਲਣ ਜਾਂ ਉਨ੍ਹਾਂ ਨੂੰ ਸ਼ੋਰ ਸ਼ਰਾਰਤਾਂ ਕਰਨੋ ਹਟਾਉਣ ਵਿਚ ਮਸਰੂਫ ਰਹਿੰਦੇ ਤੇ ਬਾਕੀ ਬੰਦੇ ਪਤਾ ਨਹੀਂ ਕਿਹੜੀ-ਕਿਹੜੀ ਨੱਠ ਭੱਜ ਵਿਚ ਰੁੱਝੇ ਰਹਿੰਦੇ, ਮੈਨੂੰ ਕੋਈ ਯਾਦ ਨਹੀਂ। ਪਰ ਇਹ ਪੱਕੀ ਤਰ੍ਹਾਂ ਆਖ ਸਕਦਾ ਹਾਂ ਕਿ ਮੈਂ ਕਿਸੇ ਨੂੰ ਨਮੋਸ਼ੀ, ਨਿਮੋਝੂਣਤਾ ਜਾਂ ਦਿਲਗੀਰੀ ਵਿਚ ਨਹੀਂ ਤੱਕਿਆ। ਉਤਸ਼ਾਹ, ਹੌਸਲਾ, ਬੇਪਰਵਾਹੀ ਤੇ ਗੁਰੂ ਦਾ ਓਟ ਆਸਰਾ ਜਿਵੇਂ ਸਾਰਿਆਂ ਪਾਸੇ ਪਸਰ ਰਿਹਾ ਹੋਵੇ। ਮੋਟੇ ਤੌਰ 'ਤੇ ਬੱਸ ਦੋ ਹੀ ਗੱਲਾਂ ਅਜੇ ਤੱਕ ਮੈਨੂੰ ਨਹੀਂ ਭੁੱਲੀਆਂ, ਮਨ-ਭਾਉਂਦਾ ਖਾਣ-ਪਾਣ ਤੇ ਚਾਉਂ-ਚਾਂਈ ਆਸ-ਭਰੋਸੇ 'ਚ ਕੀਤਾ ਜਾਂਦਾ ਸੁਖਮਨੀ ਸਾਹਿਬ ਦਾ ਪਾਠ, ਜਿਸਦੇ ਵਿਚ ਕੁਝ ਪੰਕਤੀਆਂ ਨੂੰ ਵਿਸ਼ੇਸ਼ ਧਾਰਨਾ ਨਾਲ ਗਾਵਿਆ ਜਾਂਦਾ ਸੀ।

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥**
**ਭਗਤ ਜਨਾ ਕੈ ਮਨਿ ਬਿਸ੍ਰਾਮ ॥ (262)**

_ਤੇ ਫਿਰ ਜਦੋਂ ਸਰਕਾਰ ਵਲੋਂ ਸਪੈਸ਼ਲ ਟ੍ਰੇਨ ਦਾ ਬੰਦੋਬਸਤ ਹੋਇਆ ਤਾਂ ਰੇਲਵੇ ਸਟੇਸ਼ਨ ਤੋਂ ਅੰਮ੍ਰਿਤਸਰ ਪਹੁੰਚਣ ਲਈ ਰਸਤੇ ਵਿਚ ਦੋ ਪੂਰੀਆਂ ਰਾਤਾਂ ਦੌਰਾਨ, ਉਜਾੜ-ਬੀਆਬਾਨ ਵਿਚ ਰੇਲ ਗੱਡੀ ਖੜ੍ਹੀ ਕਰਕੇ ਡੱਬਿਆਂ ਦੀਆਂ ਲਾਈਟਾਂ ਬੁਝਾਅ ਦਿੱਤੀਆਂ ਜਾਂਦੀਆਂ ਤੇ ਇੰਜਨ ਜ਼ੋਰ-ਸ਼ੋਰ ਦੀਆਂ ਲੰਮੀਆਂ ਸੀਟੀਆਂ ਮਾਰਦਾ, ਲੋਕੀਂ ਆਖਣ ਕਿ ਨੇੜੇ ਦੇ ਪਿੰਡ 'ਚ ਮੁਸਲਮਾਨਾਂ ਨੂੰ ਖੁਲ੍ਹਾ ਬੁਲਾਵਾ ਦੇਂਦਾ ਹੈ ਕਿ ਆਓ ਤੇ ਸਿੱਖਾਂ ਨੂੰ ਵੱਢ ਸੁੱਟੋ; ਸੰਗਤਾਂ ਜੋਟੀਆਂ ਵਿਚ ਸ਼ਬਦ ਪੜ੍ਹਨ ਲਗਦੀਆਂ ਜਾਂ ਸਤਿਨਾਮ-ਵਾਹਿਗੁਰੂ ਦਾ ਜਾਪੁ-ਜਿਵੇਂ ਆਪਣੀ ਅੰਤਿਮ ਅਰਦਾਸ ਆਪੂੰ ਹੀ ਕਰਨੀ ਹੋਵੇ-ਜਿਵੇਂ ਸੁਖਮਨੀ ਨੇ ਆਪਣੇ ਨਾਮੁ-ਲੇਵਿਆਂ ਦੇ ਅੰਤਰੀਵ ਨੂੰ ਮ੍ਰਿਤੂ-ਭੈਅ ਤੋਂ ਖਾਲੀ ਕਰਕੇ, ਸਹਜ-ਸੁਖ ਦੀ ਦਾਤ ਨਾਲ ਨਿਵਾਜ ਦਿੱਤਾ ਹੋਵੇ-ਜਿਵੇਂ ਉਹਨਾਂ ਲਈ ਹੁਣ ਜੀਵਨ-ਮਰਨ ਦੀਆਂ ਸਰਹੱਦਾਂ ਗੁਰੂ-ਭਗਤੀ ਪ੍ਰਤੀ ਸ਼ਰਧਾ-ਭਰੋਸੇ ਵਿਚ ਵਿਲੀਨ ਹੋ ਗਈਆਂ ਹੋਵਣ:

(1) **ਆਵਨ ਜਾਨੁ ਇਕੁ ਖੇਲੁ ਬਨਾਇਆ ॥**
**ਆਗਿਆਕਾਰੀ ਕੀਨੀ ਮਾਇਆ ॥ (294)**

(2) **ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥**
**ਜੈਸੀ ਆਗਿਆ ਤੈਸਾ ਕਰਮੁ ॥ (294)**

(3) **ਜੋ ਹੋਆ ਹੋਵਤ ਸੋ ਜਾਨੈ ॥**
**ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥ (286)**

(4) **ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ (394)**

ਗੁਰੂ ਮਿਹਰ ਸਦਕਾ ਅਸੀਂ ਸੁਖਾਲੀ-ਸੁਆਸੀਂ ਹਿੰਦੋਸਤਾਨ ਅੱਪੜ ਗਏ, ਪਰ ਜਿਹੜੀਆਂ ਗੱਡੀਆਂ ਦੇ ਬੇਦੋਸ਼ੇ ਮੁਸਾਫਰਾਂ ਨੂੰ ਫਿਰਕਾਪ੍ਰਸਤੀ ਦੇ ਦੈਂਤ ਨੇ ਨਿਗਲ ਲਿਆ, ਉਨ੍ਹਾਂ ਮਾਸੂਮਾਂ ਦੀਆਂ ਚੀਸਾਂ ਚੀਕ-ਚਿਹਾੜਿਆਂ, ਕੀਰਨਿਆਂ-ਕੁਰਲਾਹਟਾਂ ਦਰਦਾਂ ਤੇ ਵਿਰਲਾਪਾਂ ਦਾ ਅੰਦਾਜ਼ਾ, ਅਜੋਕੇ ਸਮੇਂ ਦਾ ਪਾਠਕ ਸ਼ਾਇਦ ਨਾ ਲਗਾ ਸਕੇ।

ਘਰ ਨਾ ਘਾਟ, ਬੇ-ਸਰੋ ਸਾਮਾਨ ਉਜੜੇ-ਪੁਜੜੇ ਰਿਫ਼ੂਜੀਆਂ ਦੀ ਸਭ ਤੋਂ ਵੱਡੀ ਆਸ-ਉਮੀਦ ਵਾਹਿਗੁਰੂ ਜੀ ਦੀ ਮਿਹਰਾਮਤ ਹੀ ਸੀ। ਮਨੁੱਖੀ ਵਿਵਹਾਰ ਦਾ ਇਤਿਹਾਸ ਵੀ ਇਹੋ ਦਰਸਾਂਦਾ ਹੈ ਕਿ ਅਤਿ ਦੀਆਂ ਔਕੜਾਂ ਸਮੇਂ ਰੱਬੀ-ਹੋਂਦ ਤੇ ਓਸ ਦੀ ਰਹਿਮਤ ਪ੍ਰਤੀ ਮਾਨਵ ਦੀ ਆਸਥਾ ਤੇ ਵਿਸ਼ਵਾਸ ਉਸੇ ਅਨੁਪਾਤ ਨਾਲ ਵਧ ਜਾਂਦਾ ਹੈ। ਘਰ-ਪਰਿਵਾਰਾਂ ਅੰਦਰ ਪਾਠ-ਪੂਜਾ ਦਾ ਰੁਝਾਨ ਵਧ ਗਿਆ, ਮਹੱਲਿਆਂ ਦੇ ਗੁਰਦੁਆਰਿਆਂ ਵਿਚ ਸੁਖਮਨੀ ਸਾਹਿਬ ਸੁਸਾਇਟੀਆਂ ਬਣ ਗਈਆਂ ਜਿਹਨਾਂ ਨੇ ਹੌਲੀ-ਹੌਲੀ ਪਰਸਪਰ ਸਹਿਯੋਗ ਸਦਕਾ ਸ਼ਹਿਰੀ ਤੇ ਸ਼ਹਿਰੋਂ ਬਾਹਰਲੀਆਂ ਭਰਾਤਰੀ ਸਭਾਵਾਂ ਨਾਲ ਸੰਗਠਨਾਤਮਕ ਸੰਬੰਧ ਸਥਾਪਤੀਆਂ ਵੀ ਬਣਾ ਲਈਆਂ ਸਨ। ਉਪਰੋਕਤ ਵਿਵਰਣ ਦੁਆਰਾ ਇਹ ਵਿਚਾਰ ਪੇਸ਼ ਕੀਤਾ ਹੈ ਕਿ ਵੱਡੀਆਂ ਦੁੱਖਾਂ-ਕਸ਼ਟਾਂ ਦੀਆਂ ਪ੍ਰਸਥਿਤੀਆਂ ਨੇ ਸੁਖਮਨੀ ਸਾਹਿਬ ਦੇ ਪਾਠ ਕਰਨ ਹਿਤ ਪ੍ਰੇਰਨਾ ਤੇ ਪ੍ਰੋਤਸਾਹਨ ਵੰਡਿਆ ਅਤੇ ਸਰਬੱਤ ਦੇ ਭਲੇ ਵਾਸਤੇ ਸਮੁੱਚੇ ਸੰਗਤੀ ਰੂਪ ਵਿਚ ਅਰਦਾਸਾਂ ਕੀਤੀਆਂ ਜਾਂਦੀਆਂ ਸਨ।

ਵਰਤਮਾਨ ਸਮੇਂ ਅੰਦਰ, ਧਰਮ-ਸਾਧਨਾਂ ਦੇ ਇਹਨਾਂ ਪ੍ਰਕਾਰਜਾਂ ਵਿਚ ਲੱਗੇ ਸ਼ਰਧਾਲੂਆਂ ਦੇ ਮਨ-ਬੁੱਧੀ ਅਤੇ ਜੀਵਨ-ਵਿਵਹਾਰ ਵਿਚ, 'ਸੁਖਮਨੀ' ਪਾਠ ਦੇ ਪ੍ਰਭਾਵ ਨੂੰ ਜਾਨਣ-ਪਹਿਚਾਨਣ ਦੀ ਦਿਲਚਸਪੀ ਵਿਚ ਕੁਝ ਖ਼ਾਸ ਨੁਕਤੇ ਉਘੜ ਕੇ ਸਾਹਮਣੇ ਆਉਂਦੇ ਹਨ।

(1) ਉੱਤਮ ਸ਼੍ਰੇਣੀ ਦੇ ਉਹ ਗੁਰਮੁਖ-ਜਨ ਸੰਤ-ਮੀਤ ਹਨ, ਜੋ ਬਿਲਕੁਲ ਇਕਲਵਾਂਝੇ '**ਸਾਵਧਾਨ ਏਕਾਗਰ ਚੀਤ**' ਹੋ ਕੇ ਪਾਠ ਕਰਦਿਆਂ, ਸੁਖਮਨੀ-ਬਾਣੀ ਦੇ ਮਨੋਭਾਵਾਂ ਨਾਲ ਇਕ-ਸੁਰਤਾ ਵਿਚ ਪ੍ਰਭੂ-ਸਿਮਰਨ ਦੁਆਰਾ ਸਹਜ-

ਸੁਖਸ੍ਰੋਤ ਵਿਚ ਜੁੜ ਜਾਣ। ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਤੋਂ 'ਵਾਹਿਗੁਰੂ' ਜੀ ਦੀ ਹਜ਼ੂਰੀ ਦੇ ਸਨਮੁਖ ਹੋ ਕੇ ਉਚਾਰੀ ਗਈ ਸੁਖਮਨੀ ਬਾਣੀ ਉਨ੍ਹਾਂ ਦੇ ਪਵਿਤ੍ਰ ਹਿਰਦੇ ਚੋਂ ਉਗਮਦੀ, ਵਿਸਮਾਦਮਈ ਤਰੋ-ਤਾਜ਼ਗੀ ਨੂੰ ਸਵਰ-ਤੰਤੂਆਂ ਥਾਣੀ ਹੋਰ ਲਿਸ਼ਕਾਉਂਦੀ-ਚਮਕਾਉਂਦੀ,

ਉਨ੍ਹਾਂ ਦੇ ਹੋਠਾਂ ਤੋਂ ਫੁੱਲਾਂ ਵਰਗੀਆਂ ਰੌਣਕਾਂ, ਲਾਲੀਆਂ, ਮਿਠਾਸਾਂ ਤੇ ਖੁਸ਼ਬੂਆਂ ਸਮੇਟਦੀ ਪੂਰੇ ਜੋਬਨ ਵਿਚ, ਮਨੁੱਖੀ ਜੀਵਨ ਨੂੰ ਪਰਫੁੱਲਤਾ ਦੀਆਂ ਸਿਖਰਾਂ 'ਪਰ ਪਹੁੰਚਣ ਹਿਤ ਪ੍ਰਵਾਹਿਤ ਹੋਈ ਸੀ-ਤੇ ਅੱਜ ਇਹ ਮੇਰੇ ਮੂੰਹ, ਕੰਠ ਤੇ ਹਿਰਦੈ ਨੂੰ ਛੂਹ ਰਹੀ ਹੈ... ਵਾਹ! ਵਾਹ!!... ਅਜਿਹੇ ਅਹਿਸਾਸਾਂ, ਸੰਵੇਗਾਂ ਤੇ ਵਲਵਲਿਆਂ ਦੀਆਂ ਲਹਿਰਾਂ ਦੇ ਅੰਗਿ-ਸੰਗਿ ਵਹਿਣ ਦਾ ਸੁਆਦ ਮਾਣਦਿਆਂ **'ਅੰਮ੍ਰਿਤ ਪ੍ਰਭ ਨਾਮੁ'** ਦੀ ਪ੍ਰੇਮ-ਸੰਜੋਗੀ ਭਾਵੁਕਤਾ ਦੇ ਸੰਘਣੇਪਣ ਵਿਚ ਗੁਆਚ ਜਾਣ ਦਾ ਅਨੰਦ ਤਾਂ ਥੋੜ੍ਹੇ ਵਿਰਲਿਆਂ ਨੂੰ ਹੀ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦੀ ਗਤਿ-ਮਿਤਿ ਅਸੀਂ ਕੀ ਜਾਣੀਏ?

(2) ਉਪਜੀਵਕਾ ਦੀ ਖਾਤਿਰ ਕਈ ਗੁਰਦੁਆਰਿਆਂ ਵਿਚ ਗ੍ਰੰਥੀ-ਸਿੰਘਾਂ ਨੂੰ ਤੜਕਸਾਰ ਸੁਖਮਨੀ-ਪਾਠ, ਡਿਊਟੀ-ਕ੍ਰਮ ਅਨੁਸਾਰ ਲਾਜ਼ਮੀ ਹੀ ਕਰਨਾ ਪੈਂਦਾ ਹੈ ਅਤੇ ਇਸ ਤਰ੍ਹਾਂ ਅਨੇਕਾਂ ਗੁਰਸਿੱਖ ਮਾਈ-ਭਾਈ ਨਿਯਮਤ ਰੂਪ ਵਿਚ ਰੋਜ਼ਾਨਾ, ਕੁਝ ਗਿਣਤੀ ਦੇ ਪਾਠ ਪੂਰੇ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਕਿਸੇ ਵਿਸ਼ੇਸ਼ ਨਿਜੀ ਕਾਰਜ ਦੀ ਸਫਲਤਾ ਨਮਿਤ, ਕਿਸੇ ਸੰਤ-ਮਹਾਤਮਾ ਵਲੋਂ ਤਾਕੀਦ ਕੀਤੀ ਗਈ ਹੁੰਦੀ ਹੈ। ਇਨ੍ਹਾਂ ਪਾਠਕਾਂ ਸੰਬੰਧੀ ਕਿਸੇ ਟਿੱਪਣੀ ਦੀ ਜ਼ਰੂਰਤ ਅਸੀਂ ਨਹੀਂ ਸਮਝਦੇ, ਵਾਹਿਗੁਰੂ ਸਾਰਿਆਂ ਦੀਆਂ ਸ਼ੁੱਭ ਕਾਮਨਾਵਾਂ ਪੂਰੀਆਂ ਕਰੇ।

(3) ਸਾਡੀ ਦਿਲਚਸਪੀ ਦਾ ਵਿਸ਼ਾ ਤਾਂ ਜਨ-ਸਾਧਾਰਣ, ਸਰਲ-ਸੁਭਾਅ ਗੁਰੂ-ਪਿਆਰ ਵਾਲਿਆਂ ਨਿਤਨੇਮੀਆਂ ਦੀ ਸੁਖਮਨੀ ਸਾਹਿਬ ਪ੍ਰਤੀ ਪ੍ਰੇਮ ਖਿੱਚ ਦੇ ਵਰਤਾਰੇ ਨੂੰ ਸਮਝਣ-ਬੁੱਝਣ ਦਾ ਹੈ। ਧਰਮ ਪ੍ਰਤੀ ਝੁਕਾਅ ਰੱਖਣ ਵਾਲਾ ਬੰਦਾ ਰੱਬੀ ਹੋਂਦ ਨੂੰ ਸਵੀਕਾਰਦਾ ਹੈ, ਇਹ ਝੁਕਾਅ ਉਸ ਨੇ ਬਚਪਨ ਵਿਚ ਹੀ ਆਪਣੇ ਘਰ ਦੇ ਵੱਡਿਆ ਸੰਬੰਧੀਆਂ ਦੇ ਵਿਹਾਰ ਤੋਂ, ਉਨ੍ਹਾਂ ਨੂੰ ਪਾਠ-ਪੂਜਾ ਕਰਦਿਆਂ ਵੇਖਦਿਆਂ, ਉਨ੍ਹਾਂ ਕੋਲੋਂ ਨਿੱਕੀਆਂ-ਨਿੱਕੀਆਂ ਪੁੱਛਾਂ ਪੁੱਛਦਿਆਂ ਤੇ ਫਿਰ ਰੀਸ-ਪਰੀਸੀ ਗ੍ਰਹਿਣ ਕਰ ਲਿਆ ਹੁੰਦਾ ਹੈ। ਸਕੂਲਾਂ 'ਚ ਅਧਿਆਪਕਾਂ ਪਾਸੋਂ ਤੇ ਧਰਮ ਅਸਥਾਨਾਂ ਦੇ ਵਕਤਿਆਂ ਪਾਸੋਂ ਵੀ ਇਸ ਝੁਕਾਅ ਵਿਚ ਵਾਧਾ ਤੇ ਪਰਪੱਕਤਾ ਬਣਦੀ ਜਾਂਦੀ ਹੈ। ਉਹ ਨਿਯਮ ਨਾਲ ਗੁਰਦੁਆਰੇ ਜਾਣ ਅਤੇ ਕਥਾ-ਕੀਰਤਨ ਸੁਣਦਿਆਂ, ਆਪੂੰ ਪਾਠ ਕਰਨਾ ਸਿੱਖਣ ਤੇ ਗੁਰੂ ਗ੍ਰੰਥ ਸਾਹਿਬ 'ਚੋਂ ਵਾਕ ਲੈਣ ਵੱਲ ਪ੍ਰੇਰਿਤ ਹੁੰਦਾ ਹੈ.... ਤੇ ਆਪਣੀਆਂ ਨਿੱਜੀ ਲੋੜਾਂ, ਇਮਤਿਹਾਨ 'ਚੋਂ ਪਾਸ ਹੋਣ ਤੇ ਚੰਗੇ ਅੰਕ ਪ੍ਰਾਪਤੀ ਵਾਸਤੇ ਅਰਦਾਸਾਂ ਕਰਦਾ ਹੈ। ਸੁਖਮਨੀ ਸਾਹਿਬ ਜੀ ਦੇ ਵਿਸ਼ਾ ਵਸਤੂ ਵਿਚ ਲਗਭਗ ਸਾਰੀਆਂ ਮਨੁੱਖੀ ਜ਼ਰੂਰਤਾਂ ਤੇ ਉਨ੍ਹਾਂ ਦੀ ਪੂਰਤੀ ਦਾ ਸਾਧਨ ਸੁਆਸ-ਸੁਆਸ ਨਾਮੁ ਜਪਣਾ ਚੰਗੀ ਤਰ੍ਹਾਂ ਸਮਝਾਇਆ ਗਿਆ ਹੈ, ਪਰ ਬੱਚਿਆਂ ਨੇ ਸਕੂਲੇ ਜਾਣਾ ਅਤੇ ਵੱਡਿਆਂ ਨੇ ਆਪੋ-ਆਪਣੇ ਕੰਮਾਂ-ਕਾਰਾਂ 'ਪਰ ਲਾਜ਼ਮੀ ਜਾਣਾ ਹੁੰਦੈ ਇਸ ਕਰਕੇ ਰੋਜ਼ਾਨਾ ਥੋੜ੍ਹਾ ਸਮਾਂ ਧਰਮ-ਲੇਖੇ ਕੱਢ ਕੇ ਅਸੀਂ ਕੁਝ ਕੁ ਧਰਵਾਸ ਬਣਾ ਲੈਂਦੇ ਹਾਂ ਕਿ ਮੈਂ ਗੁਰੂ ਹੁਕਮਾਂ ਅਨੁਸਾਰ ਨਾਮੁ ਜਪ ਰਿਹਾ ਹਾਂ ਤੇ,

**ਚਾਰਿ ਪਦਾਰਥ ਜੇ ਕੋ ਮਾਗੈ॥**
**ਸਾਧ ਜਨਾ ਕੀ ਸੇਵਾ ਲਾਗੈ॥**
**ਜੇ ਕੋ ਆਪੁਨਾ ਦੂਖੁ ਮਿਟਾਵੈ ॥**
**ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥**

ਤਥਾ:

**ਨਿਰਧਨ ਕਉ ਧਨੁ ਤੇਰੋ ਨਾਉ॥**
**ਨਿਥਾਵੇ ਕਉ ਨਾਉ ਤੇਰਾ ਥਾਉ॥**
**ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥**
**ਸਗਲ ਘਟਾ ਕਉ ਦੇਵਹੁ ਦਾਨੁ॥(266)**

ਆਦਿਕ।ਗੁਰੂ ਬਖਸ਼ਿਸ਼ਾਂ ਲੈਣ ਦਾ ਅਧਿਕਾਰੀ ਬਣ ਰਿਹਾ ਹਾਂ।ਆਸਾਂ-ਉਮੀਦਾਂ ਦਾ ਇਹ ਨਿੱਤ ਪ੍ਰਫੁੱਲਿਤ ਹੁੰਦਾ ਚਾਉ ਸਾਨੂੰ ਚੜ੍ਹਦੀਆਂ ਕਲਾਂ ਵਿਚ ਉੱਦਮਸ਼ੀਲ ਤੇ ਉਤਸ਼ਾਹੀ ਜ਼ਿੰਦਗੀ ਜਿਊਣ ਦਾ ਢੰਗ ਸਿਖਾਂਦਾ ਹੈ।

ਧਨ-ਦੌਲਤ, ਇੱਜ਼ਤ-ਆਬਰੂ ਤੇ ਭਾਈਚਾਰੇ ਅਤੇ ਵਾਹਿਗੁਰੂ ਦੀ ਦਰਗਾਹ ਵਿਚ ਵਡਿਆਈ ਕਿਸ ਨੂੰ ਨਹੀਂ ਖਿੱਚ ਪਾਉਂਦੀ ? ਤੇ ਇਹ ਸਾਰਾ ਕੁਝ ਪ੍ਰਭੂ-ਸਿਮਰਨ ਵਿਚ ਨਿਹਿਤ ਦੱਸਿਆ ਗਿਆ ਹੈ:

**ਪ੍ਰਭ ਕਉ ਸਿਮਰਹਿ ਸੇ ਧਨਵੰਤੇ॥**
**ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥**
**ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ॥**
**ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥(263)**

ਸੰਸਾਰਿਕ ਜੀਵਨ ਵਿਚ ਕਸ਼ਟ, ਦੁੱਖ, ਬਿਮਾਰੀਆਂ ਤੇ ਹੋਰ ਵਿਭਿੰਨ ਔਕੜਾਂ-ਮੁਸੀਬਤਾਂ ਤਾਂ ਆਉਂਦੀਆਂ ਹੀ ਰਹਿੰਦੀਆਂ ਹਨ। ਸੁਖਮਨੀ ਸਾਹਿਬ ਦਾ ਸ਼ਰਧਾਪੂਰਵਕ ਕੀਤਾ ਪਾਠ ਧੀਰਜ ਬਨ੍ਹਾਉਂਦਾ ਹੈ, ਦਿਲਾਸਾ ਦਿੰਦਾ ਹੈ, ਡਿੱਗੇ ਮਨ ਨੂੰ ਮੁੜ ਕੇ ਖੜ੍ਹਾ ਕਰਦਾ ਹੈ, ਉਪਰਾਮ-ਉਦਾਸ ਨਹੀਂ ਹੋਣ ਦਿੰਦਾ, ਝੂਰਨ ਤੇ ਕੁੜ੍ਹਨ ਤੋਂ ਬਚਾਂਦਾ ਹੈ।

ਵਾਹ! ਕਿਆ ਕਮਾਲ ਦਾ ਚੜ੍ਹਦੀਆ ਕਲਾਂ ਭਰਪੂਰ ਗੁਰਮਤੀ ਮਾਰਗ-ਦਰਸ਼ਨ ਪ੍ਰਸਤੁਤ ਹੋਇਆ ਹੈ:

**_ਜਹ ਮੁਸਕਲ ਹੋਵੈ ਅਤਿ ਭਾਰੀ ॥**
**ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥(264)**
**_ਅਨਿਕ ਬਿਘਨ ਜਹ ਆਇ ਸੰਘਾਰੈ ॥**
**ਹਰਿ ਕਾ ਨਾਮੁ ਤਤਕਾਲ ਉਧਾਰੈ ॥(264)**
**_ਅਨਿਕ ਉਪਾਵੀ ਰੋਗੁ ਨ ਜਾਇ ॥**
**ਰੋਗੁ ਮਿਟੈ ਹਰਿ ਅਵਖਧੁ ਲਾਇ॥**
**ਸਾਧਸੰਗਿ ਹਰਿ ਹਰਿ ਜਸੁ ਕਹਤ॥**
**ਸਰਬ ਰੋਗ ਤੇ ਓਹੁ ਹਰਿ ਜਨੁ ਰਹਤ॥** ਇਤਿਆਦਿਕ।**(288)**

ਧਾਰਮਿਕ ਸ਼ਰਧਾਲੂ ਨੂੰ ਵਿੱਦਿਅਕ, ਬੌਧਿਕ ਜਾਂ ਕੱਟੜਤਾ ਤੇ ਕਰਮਕਾਂਡ ਨਾਲ ਕੋਈ ਵਿਸ਼ੇਸ਼ ਸਰੋਕਾਰ ਨਹੀਂ, ਉਹ ਤਾਂ ਗੁਰੂ ਅਰਜਨ ਦੇਵ ਜੀ ਦੇ ਪ੍ਰਤੀ ਸਿਦਕ, ਓਟ-ਆਸਰਾ ਤੇ ਸ਼ਰਣਾਗਤ ਭਾਵ ਵਿਚ ਨਤ-ਮਸਤਕ ਹੁੰਦਾ ਹੈ, ਚਾਹੇ ਉਹ ਅੰਮ੍ਰਿਤਧਾਰੀ ਸਿੰਘ ਹੋਵੇ, ਜਾਂ ਅਜੇ ਪਾਹੁਲ ਨਾ ਲਈ ਹੋਵੇ, ਸਹਿਜਧਾਰੀ ਹੋਵੇ ਜਾਂ ਕਿਸੇ ਹੋਰ ਧਰਮ ਨਾਲ ਸੰਬੰਧਿਤ ਹੋਵੇ, ਉਸਨੂੰ 'ਸੁਖਮਨੀ ਸਾਹਿਬ' ਇਕਸਾਰ ਆਪਣੇ ਮੂਲ-ਮੰਤਵ ਵੱਲ ਖਿੱਚਦੀ ਹੈ, ਪ੍ਰਭੂ-ਪ੍ਰੇਮ ਉਪਜਾਉਂਦੀ ਹੈ ਤੇ ਪ੍ਰਭੂ ਨਾਮੁ ਨਾਲ ਜੁੜਨ ਦੇ ਲਾਭਾਂ, ਵਾਧਿਆਂ, ਕਮਾਈਆਂ, ਵਡਿਆਈਆਂ ਉਬਾਰਤਾ ਤੇ ਉਧਾਰਤਾ ਦੀ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਦੀ ਹੈ। ਕਈ ਅਨਪੜ੍ਹ ਸਰੋਤੇ ਵੀ ਸੁਖਮਨੀ ਬਾਣੀ ਦੀਆਂ ਸਰਲ ਸੁਖੈਨ ਪੰਕਤੀਆਂ ਜ਼ਬਾਨੀ ਯਾਦ ਕਰ ਲੈਂਦੇ ਹਨ ਤੇ ਉਨ੍ਹਾਂ ਦੇ ਭਾਵ ਅਰਥਾਂ ਨੂੰ ਆਪਣੀ ਚੇਤਨਤਾ ਵਿਚ ਟਿਕਾ ਕੇ ਰਹੱਸਮਈ ਖੁਸ਼ੀਆਂ

ਖੇੜਿਆਂ ਨੂੰ ਮਾਣਦੇ ਹਨ ਤੇ ਚੜ੍ਹਦੀ-ਕਲਾ ਵਿਚ ਉਤਸ਼ਾਹ ਭਰਪੂਰ ਜੀਵਨ ਜਿਉਂਦੇ ਹਨ। ਇਨ੍ਹਾਂ ਜਗਿਆਸੂ ਪ੍ਰੇਮੀਆਂ ਦੀ ਅਨਪੜ੍ਹਤਾ ਕੋਈ ਰੁਕਾਵਟ ਨਹੀਂ ਬਣ ਸਕਦੀ ਤੇ ਉਹ ਸ਼ਾਇਦ ਦੂਸਰੇ ਪੜ੍ਹਿਆਂ-ਲਿਖਿਆਂ ਨਾਲੋਂ ਵਧੇਰੇ ਅੰਤਰੀਵ ਮਾਨਸਿਕ ਸ਼ਾਂਤੀ ਦੇ ਨੇੜੇ ਪਹੁੰਚ ਜਾਂਦੇ ਹਨ, ਜਦੋਂ ਉਹ ਭਿੱਜੇ ਮਨ ਨਾਲ ਬੋਲ ਰਹੇ ਹੁੰਦੇ ਹਨ,

**ਖੇਮ ਕੁਸਲ ਸਹਜ ਆਨੰਦ॥**
**ਸਾਧਸੰਗਿ ਭਜੁ ਪਰਮਾਨੰਦ॥(295)**

ਅਤੇ,

**ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥**
**ਜਾ ਕੈ ਮਨਿ ਲਾਗਾ ਹਰਿ ਰੰਗੁ॥**
**ਜੈ ਜੈ ਸਬਦੁ ਅਨਾਹਦੁ ਵਾਜੈ॥**
**ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ॥(295)**

ਐਸੀ ਵਿਸਮਾਦਮਈ ਬਣ ਜਾਂਦੀ ਹੈ ਨਾਮੁ-ਰੰਗ-ਰੱਤੜਿਆਂ ਦੀ ਮਾਨਸਿਕਤਾ, ਬੌਧਿਕਤਾ ਤੇ ਜੀਵਨ-ਸ਼ੈਲੀ! 'ਸੁਖਮਨੀ' ਉਨ੍ਹਾਂ ਨੂੰ ਮਨੁ, ਬਚੁ ਕਰਮੁ ਕਰਕੇ ਪ੍ਰਭੂ-ਪਰਾਇਣਤਾ ਵਾਲੇ ਪਾਸੇ ਪ੍ਰੇਰਦਿਆਂ ਅਤੇ ਪ੍ਰੋਤਸਾਹਿਤ

ਕਰਦਿਆਂ '**ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥**" (43) ਅਤੇ **"ਭਈ ਪਰਾਪਤ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥**' (12) ਰੂਪੀ ਸਿਧਾਂਤਕ ਚੇਤਾਵਨੀਆਂ ਦੀ ਯਾਦ-ਦਹਾਨੀ ਕਰਵਾਉਂਦਿਆਂ, ਸਾਰਥਕ ਸਾਧਨਾਂ ਦਾ ਰਸਤਾ ਦ੍ਰਿਸ਼ਟਾਉਂਦੀ ਹੈ ਅਤੇ ਮਨੁੱਖਾ ਜੀਵਨ ਦੇ ਅਸਲ-ਮਨੋਰਥ ਦੀ ਪ੍ਰਾਪਤੀ ਵਾਸਤੇ ਤੀਬਰ ਉਤੇਜਨਾ ਪੈਦਾ ਕਰਦੀ ਹੈ:

**_ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ॥**
**ਜਪਿ ਨਾਨਕ ਦਰਗਹਿ ਪਰਵਾਨੁ॥(288)**
**_ਤਿਤੁ ਘਰਿ ਜਾਇ ਬਸੈ ਅਬਿਨਾਸੀ॥**
**ਕਹੁ ਨਾਨਕ ਕਾਟੀ ਜਮ ਫਾਸੀ॥(288)**
**—ਹਲਤੁ ਪਲਤੁ ਦੁਇ ਲੇਹੁ ਸਵਾਰਿ॥**
**ਰਾਮ ਨਾਮੁ ਅੰਤਰਿ ਉਰਿ ਧਾਰਿ॥(293)**
**_ਆਪਿ ਮੁਕਤੁ, ਮੁਕਤੁ ਕਰੈ ਸੰਸਾਰੁ॥**
**ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥(295)**
**ਅਤੇ,**
**_ਜਨਮ ਮਰਨ ਤਾ ਕਾ ਦੂਖੁ ਨਿਵਾਰੈ॥**
**ਦੁਲਭ ਦੇਹ ਤਤਕਾਲ ਉਧਾਰੈ॥(296)**

ਇਸ ਤਰ੍ਹਾਂ ਸੰਸਾਰਿਕ ਪ੍ਰਗਤੀਸ਼ੀਲਤਾ ਦੇ ਨਾਲੋ ਨਾਲ ਸ੍ਰੇਸ਼ਟ ਧਾਰਮਿਕ ਵਿਵਹਾਰ ਅਤੇ ਉੱਚ ਤੋਂ ਉੱਚਤਰ ਅਧਿਆਤਮਿਕ ਅਵਸਥਾਵਾਂ ਦਾ ਰਾਹ-ਦਸੇਰਾ ਬਣਦੀ ਹੈ 'ਸੁਖਮਨੀ ਸਾਹਿਬ'। ਸਿੱਖ ਧਰਮ ਚਿੰਤਨ ਦੇ ਪ੍ਰਕਾਸ਼-ਮਾਨ ਹੋਣ ਤੋਂ ਪਹਿਲਾਂ ਜਗਤ ਵਿਚ ਪ੍ਰਚੱਲਿਤ ਵੱਖ-ਵੱਖ ਮੱਤ-ਮਤਾਂਤਰ, ਰੱਬੀ-

ਦਰਗਾਹੇ ਕਬੂਲ ਪੈਣ ਲਈ ਉਹਨਾਂ ਵਲੋਂ ਨਿਸ਼ਚਿਤ ਕੀਤੇ ਸਾਧਨਾਂ-ਅਭਿਆਸਾਂ ਵਿਚ ਸ਼ਮੂਲੀਅਤ ਲੈਣ ਲਈ ਲੋਕਾਂ ਨੂੰ ਦੁਨਿਆਵੀ ਧੰਦਿਆਂ ਤੇ ਰਿਸ਼ਤਿਆਂ ਦਾ ਤਿਆਗ ਕਰਨਾ ਆਵੱਸ਼ਕ ਮੁਢਲੀ ਸ਼ਰਤ ਰੱਖਦੇ ਸਨ, ਜਿਵੇਂ ਕਿ ਜੋਗੀਆਂ ਸੰਨਿਆਸੀਆਂ, ਰਿਸ਼ੀਆਂ-ਮੁਨੀਆਂ ਸੰਤਾਂ ਤੇ ਸਿੱਧ-ਪੁਰਸ਼ਾਂ ਅਤੇ ਪੀਰਾਂ, ਫਕੀਰਾਂ, ਸੂਫੀਆਂ, ਜੈਨੀਆਂ, ਬੋਧੀਆਂ ਤੇ ਈਸਾਈਆਂ ਆਦਿ ਦੇ ਅਣਗਿਣਤ ਫਿਰਕੇ, ਘਰ-ਗ੍ਰਿਹਿਸਤੀ ਦੀ ਨੇੜਤਾ ਵਿਚ ਨਰਕ ਦਾ ਭਾਗੀ ਹੋਣ ਦੀਆਂ ਸੰਭਾਵਨਾਵਾਂ ਵੇਖਦੇ ਹਨ। ਪਰ ਸਿੱਖ ਗੁਰੂਆਂ ਨੇ ਸਮਾਜ ਦੇ ਹਰ ਵਰਗ, ਜਾਤ, ਵਰਣ, ਸ਼੍ਰੇਣੀ, ਅਮੀਰ-ਗਰੀਬ, ਦੁਖੀ ਰੋਗੀ, ਤਿਆਗੀ-ਗ੍ਰਿਹਿਸਤੀ, ਪੰਡਿਤ ਜਾਂ ਅਨਪੜ੍ਹ ਲੋੜਵੰਦ ਜਾਂ ਮਾਇਆਧਾਰੀ ਨੂੰ '**ਪ੍ਰਭ ਕੈ ਸਿਮਰਨਿ**' ਲਈ ਬਰਾਬਰ ਦਾ ਅਧਿਕਾਰੀ ਘੋਸ਼ਿਤ ਕਰਦਿਆਂ, ਸਾਰਿਆਂ ਨੂੰ ਆਪਣੀ ਦਿਆਲੂ-ਕ੍ਰਿਪਾਲੂ ਸੰਗਤ ਵਿਚ ਆ ਜੁੜਨ ਲਈ ਪ੍ਰੇਰਦਿਆਂ ਸਪੱਸ਼ਟ ਫੁਰਮਾਇਆ ਕਿ ਜੋ ਕੋਈ ਵੀ ਓਸ ਗੁਣੀ-ਨਿਧਾਨ ਗੋਬਿੰਦ-ਪਾਰਬ੍ਰਹਮ ਦੇ ਨਾਮੁ ਨੂੰ ਹਿਰਦੇ ਵਿਚ ਵਸਾ ਲਏਗਾ, ਉਸ ਦੀਆਂ ਸਾਰੀਆਂ ਸ਼ੁੱਭ-ਇੱਛਾਵਾਂ ਪੂਰੀਆਂ ਅਤੇ ਆਵਾਗਵਣ ਦੇ ਡਰ ਤੋਂ ਮੁਕਤੀ ਜਾਂ ਜਾਣੀਏ ਕਿ ਆਤਮ-ਵਿਸ਼ਵਾਸੀ ਜੀਵਨ-ਜੁਗਤ ਸਫਲ ਹੋਵੇਗੀ।

ਸਤਿਗੁਰਾਂ ਦਾ ਸਿਧਾਂਤ, ਇੰਜ ਪ੍ਰਤੀਤ ਹੁੰਦਾ ਹੈ ਕਿ ਜਦੋਂ ਪਾਠ ਕਰਦਿਆਂ-ਕਰਦਿਆਂ, ਨਾਮੁ ਜਪਦਿਆਂ- ਜਪਦਿਆਂ, ਪ੍ਰਭੂ ਸਿਮਰਨ ਵਿਚ ਮਨੋਭਾਵਾਂ ਦੀ ਪਰਪੱਕਤਾ ਬਣ ਜਾਏਗੀ, '**ਏਕੁ ਨਾਮੁ ਮਨ ਮਾਹਿ ਸਮਾਨੀ**' ਤੱਕ ਅੱਪੜਦਿਆਂ-ਅੱਪੜਦਿਆਂ ਜਗਿਆਸੂ-ਭਗਤ ਦੀਆਂ ਦੁਨਿਆਵੀ ਤੇ ਮਾਨਸਿਕ ਲੋੜਾਂ, ਜ਼ਰੂਰਤਾਂ ਤੇ ਆਸਾਂ, ਨਵੇਂ ਸਿਰਿਓਂ ਘੜੀਆਂ ਜਾਣਗੀਆਂ :

**_ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ॥**
**ਪ੍ਰਭੂ ਦਇਆ ਤੇ ਕਮਲ ਬਿਗਾਸੁ॥**
ਅਤੇ
**_ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥**
**ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥(271)**

ਉਪਰੋਕਤ ਦਰਸਾਏ ਪੜਾਵਾਂ ਤੋਂ ਗੁਜ਼ਰਦਿਆਂ, ਵਾਹਿਗੁਰੂ ਮਿਹਰਾਮਤ ਸਦਕਾ ਸਿੱਖ ਸਮਾਜ ਦੀ ਸਮੁੱਚੀ ਜ਼ਿੰਦਗੀ ਬਣਤਰ ਸ੍ਰੇਸ਼ਟਤਮ ਮਨੁੱਖੀ ਸੰਭਾਵਨਾਵਾਂ ਨੂੰ ਜਾ ਛੂਹੇਗੀ।

ਅਜੋਕੇ ਸਮੇਂ ਵਿਚ ਅਸੀਂ ਹਰ ਸ਼ਹਿਰ-ਨਗਰ ਦੇ ਛੋਟੇ-ਵੱਡੇ ਗੁਰਦੁਆਰਿਆਂ, ਮਹੱਲਿਆਂ ਤੇ ਸ਼ਰਧਾਵਾਨ ਘਰ-ਪਰਿਵਾਰਾਂ ਵਿਚ ਪ੍ਰਭ ਕੈ ਸਿਮਰਨ ਦੀਆਂ ਬਹੁ-ਭਾਂਤਿਕ ਰੋਜ਼ਾਨਾ ਜਾਂ ਹਫਤਾਵਾਰੀ ਚਲਾਈਆਂ ਜਾ ਰਹੀਆਂ ਲੜੀਆਂ ਵੇਖ ਰਹੇ ਹਾਂ। ਸੰਗਤਾਂ ਵਿਚ ਚਾਉ-ਉਮਾਹੁ ਤੇ ਗੁਰੂ ਪ੍ਰਤੀ ਪਿਆਰ, ਸ਼ਰਧਾ-ਵਿਸ਼ਵਾਸ ਚੜ੍ਹਦੀਆਂ-ਕਲਾਂ ਵੱਲ ਵਧ ਰਿਹੈ। ਜਪੁ-ਸਿਮਰਨ ਦੀ ਵੰਨ-ਸੁਵੰਨਤਾ, ਪੂਜਾ-ਅਰਚਨਾ ਤੇ ਕਰਮ-ਕਾਂਡੀ ਸ਼ਾਨੋ ਸ਼ੌਕਤ ਵਾਲੀ ਧਾਰਮਿਕ ਸਤਿਕਾਰ-ਭਾਵਨਾ ਸਾਡੀ ਮਾਨਸਿਕਤਾ ਨੂੰ ਸੂਖਮ-ਹਉਮੈ ਨਾਲ ਨੱਕੋ-ਨੱਕ ਭਰ ਰਹੀ ਹੈ। ਗੁਰਬਾਣੀ ਸਿੱਖਿਆਵਾਂ ਦੇ ਅਨੁਰੂਪ ਸਾਡੀ ਫੌਰੀ ਤੇ ਅਹਿਮ ਲੋੜ ਬਣ ਗਈ ਹੈ ਕਿ ਜਿਵੇਂ ਪਾਣੀ ਨੂੰ ਪੁਣ ਕੇ ਪੀਣਾ ਸਿਹਤ-ਸੁਰੱਖਿਆ ਲਈ ਜ਼ਰੂਰੀ ਹੈ, ਨਾਮੁ-ਪਦਾਰਥ ਵਿਹਾਝਣ ਵਾਸਤੇ ਵੀ ਸਾਵਧਾਨਤਾ ਵਰਤਣੀ ਚਾਹੀਦੀ ਹੈ:

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥**
**ਅਕਲੀ ਪੜ੍ਹਿ- ਕੈ ਬੁਝੀਐ ਅਕਲੀ ਕੀਚੈ ਦਾਨੁ॥(1245)**

ਭੋਜਨ ਦੀ ਪਾਚਣ ਪ੍ਰਕਿਰਿਆ ਨੂੰ ਸਹਜ-ਸਿਹਤਮੰਦ ਰੱਖਣ ਲਈ ਖਾਣ-ਪੀਣ ਵਿਚ ਲੋੜੀਂਦੀ ਸੰਜਮ-ਸੁਚੇਤਤਾ ਦੀ ਤਰ੍ਹਾਂ ਹੀ ਧਰਮ-ਕਰਮ ਵਿਚ ਜੁਟੀਆਂ ਸਿੱਖ-ਸੰਗਤਾਂ ਵਾਸਤੇ ਸਤੁ, ਸੰਤੋਖ ਤੇ ਵਿਚਾਰ, ਤਿੰਨ ਮੁਢਲੀਆਂ ਲੋੜਾਂ (Pre-requisite) ਵੱਲ ਸੁਚੇਤ ਸਾਵਧਾਨਤਾ ਜ਼ਰੂਰੀ ਹੈ।

ਪੰਜਵੇਂ ਨਾਨਕ ਧੰਨ ਧੰਨ ਸਤਿਗੁਰੂ ਅਰਜਨ ਦੇਵ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਾਰੀਆਂ ਰਚਨਾਵਾਂ ਵਿਚੋਂ ਵੱਡ-ਅਕਾਰੀ, ਸਰਲ-ਸੁਖੈਨ ਸ਼ਾਹਕਾਰ ਬਾਣੀ 'ਸੁਖਮਨੀ' ਸਾਹਿਬ ਵਿਚ, ਜਗਤ- ਜਲੰਦੇ ਦੇ ਕਲਿਆਣ ਹਿਤ, ਐਸੀ ਉੱਦਮੀ, ਉਤਸ਼ਾਹੀ, ਵਿਕਾਸਸ਼ੀਲ, ਪ੍ਰਗਤੀਵਾਦੀ, ਬਲਵਾਨ-ਮਨੋਵਿਗਿਆਨਕ, ਸਕ੍ਰਿਆਤਮਕ ਅਤੇ ਦੈਵੀ-ਸ਼ਕਤੀ ਯੁਕਤ **'ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥ ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥ ' (1096)** ਵਾਲਾ ਚੜ੍ਹਦੀਆਂ ਕਲਾ ਭਰਪੂਰ ਜੀਵਨ-ਮਾਰਗ ਦਾ ਦਰਸ਼ਨ, ਬਖਸ਼ਿਸ਼ ਕੀਤਾ ਹੈ।

-0-

**ਸਫਾ 9 ਦਾ ਬਾਕੀ**

ਵਿਦਿਆਰਥੀ ਸਮੇਂ ਦਾ ਪਾਬੰਦ ਹੈ ਤੇ ਸਾਰੇ ਕੰਮ ਨੂੰ ਵੀ ਸਿਲਸਿਲੇਵਾਰ ਕਰਦਿਆਂ ਉਹ ਤਰੱਕੀ ਦੀਆਂ ਮੰਜ਼ਲਾਂ ਹਾਸਲ ਕਰ ਲੈਂਦਾ ਹੈ। ਇੱਕ ਨੇ ਸਮੇਂ ਦਾ ਪੂਰਾ ਲਾਭ ਉਠਾਇਆ ਦੂਜੇ ਨੇ ਗਵਾ ਲਿਆ।

ਮੱਛੀ ਪਾਣੀ ਤੋਂ ਬਿਨਾ ਨਹੀਂ ਰਹਿ ਸਕਦੀ, ਪਾਣੀ ਪਵਿੱਤ੍ਰ, ਨਿਰਮਲਤਾ ਤੇ ਗਤੀਸ਼ੀਲ ਹੈ, ਇੰਝ ਸੰਸਾਰ ਵਿੱਚ ਰਹਿੰਦਿਆਂ ਪਵਿੱਤ੍ਰਤਾ ਭਾਵ ਇਮਾਨਦਾਰੀ ਨੂੰ ਕਾਇਮ ਰੱਖਣਾ ਤੇ ਹਰ ਵੇਲੇ ਗਤੀਸ਼ੀਲ ਰਹਿਣਾ ਹੈ। ਅਚਾਨਕ ਆਈ ਬਿਪਤਾ ਦੇ ਜਾਲ ਤੋਂ ਸੁਚੇਤ ਹੋਣਾ ਹੈ, ਤੇ ਲੋਭ, ਲਾਲਚ, ਮੋਹ ਦੇ ਜਾਲ ਦਾ ਧਿਆਨ ਰੱਖਣਾ ਹੈ।

1. ਸਮਾਂ ਆਪਣੀ ਚਾਲ ਨਾਲ ਤੁਰਿਆ ਜਾਂਦਾ ਹੈ ਪਰ ਜੇ ਅਸੀਂ ਉਦਮ ਤੇ ਮਿਹਨਤ ਦੀ ਵਰਤੋਂ ਨਹੀਂ ਕੀਤੀ ਤਾਂ ਸਮਾਂ ਵਿਅਰਥ ਵਿੱਚ ਗਵਾਚ ਜਾਏਗਾ।
2. ਪਾਣੀ ਮੱਛੀ ਦੀ ਜਾਨ ਹੈ ਤਾਂ ਅਸੀਂ ਵੀ ਮੱਛੀ ਵਾਂਗ ਮੂਲ ਨਾਲ ਜੁੜ ਕੇ, ਮਨ ਮਾਰ ਕੇ ਮਿਹਨਤ ਕਰੀਏ, ਆਪਣੀ ਜ਼ਿੰਮੇਵਾਰੀ ਨੂੰ ਨਿਭਾਈਏ।
3. ਲਾਲਚੀ ਬਿਰਤੀ ਦਾ ਤਿਆਗ ਕਰਕੇ ਬਾਹਰੀ ਹਮਲਿਆਂ ਦੀ ਜਾਣਕਾਰੀ ਰੱਖੀਏ।
4. ਸਾਰੀ ਕਹਾਣੀ ਸਾਡੇ ਮਨ ਦੀ ਆਉਂਦੀ ਹੈ ਭਾਵ ਸਾਡੀ ਸੋਚ ਵਿੱਚ ਰੱਬੀ ਗੁਣਾਂ ਦੀ ਪ੍ਰਪਕਤਾ ਹੋਣੀ ਚਾਹੀਦੀ ਹੈ।

**ਐਸਾ ਨਾਮੁ ਮਨ ਸਦਾ ਧਿਆਈਐ॥**
**ਨਾਨਕ ਗੁਰਮੁਖਿ ਪਰਮ ਗਤਿ ਪਾਈਐ॥੨॥ (੨੬੪)**

**9 ਅਕਤੂਬਰ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼**

# ਸਿੱਖ ਕੌਮ ਦੇ ਮਹਾਨ ਯੋਧੇ
# ਭਾਈ ਹਰਜਿੰਦਰ ਸਿੰਘ ਜੀ ਜਿੰਦਾ ਤੇ ਭਾਈ ਸੁਖਦੇਵ ਸਿੰਘ ਜੀ ਸੁੱਖਾ

## 'ਜਦੋਂ ਦੁਸ਼ਮਣ ਨੇ ਸਿੰਘਾਂ ਦੀ ਬਹਾਦਰੀ ਤੇ ਸਿਦਕ ਦਾ ਲੋਹਾ ਮੰਨਿਆ'

ਦਿੱਲੀ ਪੁਲਿਸ ਦੇ ਕਮਿਸ਼ਨਰ 'ਵੇਦ ਮਾਰਵਾਹ' ਦੇ ਮੂਹੋਂ ਨਿਕਲੇ ਇਹ ਸ਼ਬਦ ਹਜ਼ਾਰਾਂ ਸਾਲਾਂ ਦੇ ਮਨੁੱਖੀ ਇਤਿਹਾਸ ਵਿੱਚ ਆਪਣੀ ਬਾਲੜੀ ਉਮਰ ਵਾਲੀ ਸਿੱਖ ਕੌਮ ਨੂੰ ਇਹ ਮਾਣ ਹਾਸਲ ਹੈ ਕਿ ਉਸ ਦੇ ਗਗਨ 'ਤੇ ਹਜ਼ਾਰਾਂ ਨਹੀਂ, ਲੱਖਾਂ ਖਾਲਸਾ ਜੀ ਦੇ ਇਹੋ ਜਿਹੇ ਚਮਕਦੇ ਸਿਤਾਰੇ ਹਨ, ਜੋ ਬੇਇਨਸਾਫੀ ਅਤੇ ਜ਼ੁਲਮ ਦੀ ਕਾਲੀ ਬੋਲੀ ਰਾਤ ਵਿੱਚ ਹੱਕ-ਸੱਚ-ਇਨਸਾਫ਼ ਦੇ ਹਰ ਪਾਂਧੀ ਨੂੰ ਰੌਸਨੀ ਭਰਪੂਰ, ਜਾਗਦੀਆਂ ਜ਼ਮੀਰਾਂ ਵਾਲਿਆਂ ਦੀ ਡਗਰ 'ਤੇ ਤੁਰਨ ਵਿੱਚ ਅਗਵਾਈ ਤੇ ਹੌਸਲਾ ਬਖ਼ਸ਼ਦੇ ਹਨ। ਗੁਰੂ ਕਲਗੀਧਰ ਦੇ ਵਰੋਸਾਏ ਖਾਲਸਾ ਪੰਥ ਦੇ ਦੋ ਲਾਡਲੇ ਸਪੁੱਤਰਾਂ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਆਪਣੀ ਅਦੁੱਤੀ ਬਹਾਦਰੀ ਤੇ ਲਾਸਾਨੀ ਸ਼ਹਾਦਤ ਨਾਲ ਖਾਲਸਾਈ ਗਗਨ ਨੂੰ ਤਾਂ ਲਟ ਲਟ ਰੌਸ਼ਨ ਕੀਤਾ ਹੀ ਹੈ ਪਰ ਨਾਲ ਹੀ ਉਹ ਅਜੋਕੇ ਖਾਲਸਤਾਨੀ ਸੰਗਰਾਮ ਦੇ ਮੁੱਖ ਕੇਂਦਰ ਬਿੰਦੂ ਵੀ ਹੋ ਨਿੱਬੜੇ ਹਨ। ਲੱਖਾਂ ਫੌਜਾਂ ਦੀ ਕਮਾਂਡ ਕਰਨ ਵਾਲਾ ਅਕਾਲ ਤਖਤ ਸਾਹਿਬ 'ਤੇ ਹਮਲਾਵਰ 'ਜਨਰਲ ਵੈਦਿਆ' ਤਾਂ ਇਤਿਹਾਸ ਦੇ ਘੱਟੇ ਵਿੱਚ ਗੁਆਚ ਗਿਆ ਹੈ ਪਰ ਭਾਈ ਜਿੰਦਾ ਤੇ ਭਾਈ ਸੁੱਖਾ ਖਾਲਸਤਾਨੀ ਫੌਜਾਂ ਦੇ ਸਦੀਵੀ ਜਰਨੈਲ ਸਥਾਪਤ ਹੋ ਗਏ ਹਨ, ਜਿਨ੍ਹਾਂ ਦੀ ਬਹਾਦਰੀ ਤੇ ਨਿਰਭੈਤਾ ਦਾ ਲੋਹਾ ਦੁਸਮਣ ਨੇ ਵੀ ਮੰਨਿਆ ਹੈ। ਜੰਗ ਦੇ ਮੈਦਾਨ ਵਿਚ ਬੱਬਰ ਸ਼ੇਰ ਦੀ ਗਰਜ ਰੱਖਣ ਵਾਲੇ ਇਨ੍ਹਾਂ ਸੂਰਮਿਆਂ ਨੇ ਫਾਂਸੀ ਦੇ ਰੱਸੇ ਨੂੰ ਗਲ 'ਚ ਪਾਉਣ ਤੱਕ ਦਾ ਸਫਰ ਸੰਤਤਾਈ ਦੀ ਉੱਚ ਆਤਮਿਕ ਅਵਸਥਾ ਵਿੱਚ ਵਿਚਰਦਿਆਂ ਤਹਿ ਕੀਤਾ। ਇਹਨਾਂ ਦੋ ਜਾਗਦੀਆਂ ਰੂਹਾਂ ਵਾਲਿਆਂ ਨੂੰ ਮੌਤ ਲਾੜੀ ਵਿਆਹੁਣ ਦੇ ਖਿਆਲ ਨੇ ਅਨੰਦਮਈ ਅਵਸਥਾ ਵਿੱਚ ਪਹੁੰਚਾ ਦਿੱਤਾ। ਦਗ-ਦਗ ਭਖਦੇ ਚਿਹਰਿਆਂ ਦੇ ਤੇਜੱਸਵੀ ਜਲਾਲ ਸਾਹਮਣੇ ਮੌਤ ਨੂੰ ਵੀ ਦੰਦਲ ਪੈ ਗਈ ਹੋਵੇਗੀ। ਪਰ ਨਿਰਮਾਣਤਾ ਦੇ ਪੁੰਜ ਵੀਰਿਆਂ ਨੇ ਜਲਾਦ ਨੂੰ ਵੀ ਗਲ ਨਾਲ ਲਾ ਕੇ ਵਧਾਈ ਦਿੱਤੀ ਕਿਉਂਕਿ ਮੌਤ ਨਾਲ ਅਨੰਦ (ਵਿਆਹ) ਪੜ੍ਹਾਉਣ ਦੀ ਰਸਮ ਤਾਂ ਉਹ ਹੀ ਅਦਾ ਕਰ ਰਿਹਾ ਸੀ। ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਗਜਾਉਂਦਿਆਂ ਫਾਂਸੀ ਦੇ ਰੱਸਿਆਂ 'ਤੇ ਝੂਟਾ ਲੈ ਰਹੇ ਭਾਈ ਸੁੱਖਾ-ਜਿੰਦਾ ਨੂੰ ਮਾਨੋ ਦਸਮੇਸ਼ ਪਿਤਾ ਆਪ ਲੋਰੀਆਂ ਦੇ ਰਹੇ ਸਨ।



ਜਦੋਂ ਅਸੀਂ 18ਵੀਂ ਸਦੀ ਦੇ ਸਿੰਘਾਂ ਦੀ ਬਹਾਦਰੀ ਤੇ ਆਚਰਨ ਦਾ ਹਵਾਲਾ ਦਿੰਦੇ ਹਾਂ ਤਾਂ ਅਹਿਮਦ ਸਾਹ ਅਬਦਾਲੀ ਦੇ ਨਾਲ ਆਏ ਜਰਨੈਲ-ਇਤਿਹਾਸਕਾਰ ਕਾਜੀ ਨੂਰ ਮੁਹੰਮਦ ਦਾ ਜਿਕਰ ਕੀਤਾ ਜਾਂਦਾ ਹੈ। ਕਾਜੀ ਨੂਰ ਮੁਹੰਮਦ ਦਾ ਕਹਿਣਾ ਹੈ 'ਇਨ੍ਹਾਂ ਸਿੱਖਾਂ ਨੂੰ ਕੁੱਤੇ ਨਾ ਆਖੋ (ਕਿਉਂਕਿ ਉਹ ਪਹਿਲਾਂ ਆਪ ਹੀ ਸਿੱਖਾਂ ਲਈ ਕੁੱਤਾ, ਫਾਰਸੀ ਵਿੱਚ ਸੱਗ ਸਬਦ ਵਰਤ ਚੁੱਕਾ ਸੀ) ਇਹ ਤਾਂ ਅਸਲੀ ਸ਼ੇਰ ਹਨ। ਜਿਹੜਾ ਜੰਗ ਦੇ ਮੈਦਾਨ ਵਿੱਚ ਸ਼ੇਰ ਦੀ ਭਬਕਾਰ ਨਾਲ ਜੂਝਦਾ ਹੈ, ਉਸ ਨੂੰ ਕੁੱਤਾ ਕਿਵੇਂ ਆਖਿਆ ਜਾ ਸਕਦਾ ਹੈ ? ਉਹ ਤਲਵਾਰ ਦੇ ਯੋਧਿਓ! ਜੇ ਤੁਸੀਂ ਜੰਗ ਦੇ ਦਾਓ ਪੇਚ ਸਿੱਖਣੇ ਹਨ, ਤਲਵਾਰ ਵਾਹੁਣੀ ਸਿੱਖਣੀ ਹੈ ਤਾਂ ਇਨ੍ਹਾਂ ਤੋਂ ਸਿੱਖੋ। ਇਹ ਨਾਇਕਾਂ ਵਾਂਗ ਦੁਸਮਣ ਦਾ ਟਾਕਰਾ ਕਰਦੇ ਹਨ ਅਤੇ ਫੇਰ ਬੜੀ ਸਫਾਈ ਨਾਲ ਸੁਰੱਖਿਅਤ ਨਿਕਲ ਵੀ ਜਾਂਦੇ ਹਨ।' ਦੁਸਮਣ ਵੱਲੋਂ ਕੀਤੀ ਗਈ ਸਿਫਤ ਹੀ ਅਸਲ ਆਚਰਨ ਦੀ, ਭਰੋਸੇਯੋਗ ਜਾਮਨੀ ਹੁੰਦੀ ਹੈ।

20 ਵੀਂ ਸਦੀ ਦੇ ਅੰਤ ਵਿੱਚ ਖਾਲਸਤਾਨੀ ਸੰਘਰਸ਼ ਲਈ ਸ਼ਹੀਦ ਡੇਢ ਲੱਖ ਤੋਂ ਜ਼ਿਆਦਾ ਸਿੰਘਾਂ-ਸਿੰਘਣੀਆਂ ਦੀ ਸੂਰਬੀਰਤਾ, ਸਿਦਕ ਅਤੇ ਮੌਤ ਦੇ ਬੇਖ਼ੌਫ ਹੋਣ ਦੇ ਕਰੈਕਟਰ ਦਾ ਰੋਲ-ਮਾਡਲ ਭਾਈ ਜਿੰਦਾ ਤੇ ਭਾਈ ਸੁੱਖਾ ਕਹੇ ਜਾ ਸਕਦੇ ਹਨ।

**ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਸੰਖੇਪ ਜੀਵਨੀ:**

ਭਾਈ ਹਰਜਿੰਦਰ ਸਿੰਘ ਜਿੰਦਾ ਦੀ ਮਾਤਾ ਜੀ ਗੁਰਨਾਮ ਕੌਰ ਅਤੇ ਪਿਤਾ ਗੁਲਜਾਰ ਸਿੰਘ ਜੀ ਚੜ੍ਹਦੀ-ਕਲਾ ਵਾਲੇ ਕਿਰਤੀ ਸਿੱਖ ਹਨ। ਭਾਈ ਸਾਹਿਬ ਦੇ ਦੋ ਵੱਡੇ ਭਰਾ ਨਿਰਭੈਲ ਸਿੰਘ ਅਤੇ ਭੁਪਿੰਦਰ ਸਿੰਘ ਤੇ ਇਕ ਭੈਣ ਬੀਬੀ ਬਲਵਿੰਦਰ ਕੌਰ ਹੈ। ਭਾਈ ਸਾਹਿਬ ਦਾ ਜਨਮ 4 ਅਪ੍ਰੈਲ 1962 ਵਿੱਚ ਹੋਇਆ ਸੀ। ਭਾਈ ਹਰਜਿੰਦਰ ਸਿੰਘ ਨੇ ਮੁੱਢਲੀ ਵਿਦਿਆ ਆਪਣੇ ਪਿੰਡ ਗਦਲੀ (ਜਿਲ੍ਹਾ ਅੰਮ੍ਰਿਤਸਰ) ਤੋਂ ਪ੍ਰਾਪਤ ਕੀਤੀ। ਗਹਿਰੀ ਮੰਡੀ ਤੋਂ ਦਸਵੀਂ ਪਾਸ ਕਰਕੇ ਤੇ ਬਾਰਵੀਂ ਜੰਡਿਆਲਾ ਗੁਰੂ ਤੋਂ ਪਾਸ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ 'ਚ ਉੱਚ-ਵਿੱਦਿਆ ਪ੍ਰਾਪਤ ਕਰਨ ਲਈ ਦਾਖਲਾ ਲੈ ਲਿਆ। ਅਜੇ ਬੀ. ਏ. (ਭਾਗ ਦੂਜਾ) ਵਿੱਚ ਪੜ੍ਹਦੇ ਸਨ ਕਿ 1984 ਦਾ ਘੱਲੂਘਾਰਾ ਵਾਪਰ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਹੀਦੀ ਪੁਰਬ ਸਮੇਂ ਸ੍ਰੀ ਦਰਬਾਰ ਸਾਹਿਬ ਇਕੱਤਰ ਹੋਈਆਂ ਸਿੱਖ-ਸੰਗਤਾਂ ਨੂੰ ਭਾਰਤੀ ਫੌਜ ਵੱਲੋਂ ਗੋਲੀਆਂ, ਬੰਬਾਂ, ਤੋਪਾਂ ਤੇ ਟੈਂਕਾਂ ਨਾਲ ਭੁੰਨ ਦਿੱਤਾ ਗਿਆ। ਸ੍ਰੀ ਅਕਾਲ ਤਖ਼ਤ ਢਹਿ ਢੇਰੀ ਕਰ ਦਿੱਤਾ ਗਿਆ, ਚਾਲੀ ਹੋਰ ਗੁਰਧਾਮ ਫੌਜੀ ਛਾਉਣੀਆਂ ਵਿੱਚ ਤਬਦੀਲ ਕਰ ਦਿੱਤੇ ਗਏ ਤੇ ਪਿੰਡਾਂ ਵਿੱਚ ਸਿੱਖ ਜਵਾਨਾਂ ਨੂੰ ਚੁਣ-ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ ਗਿਆ। ਇਹਨਾਂ ਘਟਨਾਵਾਂ ਕਰਕੇ ਹਰ ਸਿੱਖ ਵਾਂਗ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਖੂਨ ਨੇ ਵੀ ਉਬਾਲਾ ਖਾਧਾ, ਸਿੱਖੀ ਅਣਖ ਜਾਗੀ ਤੇ ਪੜ੍ਹਾਈ ਵਿੱਚੇ ਛੱਡ ਕੇ ਸਿੱਖ-ਸੰਘਰਸ਼ ਵਿੱਚ ਕੁੱਦ ਪਏ। ਜਦੋਂ ਫੌਜਾਂ ਨੇ ਸ੍ਰੀ ਦਰਬਾਰ ਸਾਹਿਬ ਆਪਣੇ ਕਬਜ਼ੇ ਵਿੱਚ ਕੀਤਾ ਹੋਇਆ ਸੀ ਉਦੋਂ ਭਾਈ ਹਰਜਿੰਦਰ ਸਿੰਘ ਜਿੰਦਾ ਆਪਣੇ ਪਿੰਡ ਤੇ ਨੇੜੇ-ਨੇੜੇ ਦੀਆਂ ਸਿੱਖ ਸੰਗਤਾਂ ਨਾਲ ਸ੍ਰੀ ਦਰਬਾਰ ਸਾਹਿਬ ਆਜ਼ਾਦ ਕਰਵਾਉਣ ਲਈ ਕੀਤੇ ਮਾਰਚ ਵਿੱਚ ਸ਼ਾਮਲ ਸੀ। ਪਰ ਫੌਜੀ ਨਾਕਿਆਂ ਦੇ ਤਸੱਦਦ ਸਾਹਮਣੇ ਕੋਈ ਪੇਸ਼ ਨਾ ਗਈ ਤੇ ਕਚੀਚੀਆਂ ਖਾਂਦੇ ਦੁੱਖੀ-ਹਿਰਦਿਆਂ ਨਾਲ ਕੁੱਟ-ਮਾਰ ਖਾ ਕੇ ਘਰਾਂ ਨੂੰ ਪਰਤ ਆਏ। ਭਾਈ ਹਰਜਿੰਦਰ ਸਿੰਘ ਜਿੰਦਾ ਆਪਣੇ ਨਾਨਕੇ ਪਿੰਡ ਚੱਕ ਬਾਈ ਐਚ. ਸ੍ਰੀ ਗੰਗਾਨਗਰ ਚਲਾ ਗਿਆ। ਆਪ ਦੇ ਮਾਮੇ ਦੇ ਪੁੱਤਰ ਬਲਜਿੰਦਰ ਸਿੰਘ ਰਾਜੂ ਅਤੇ ਉਸ ਦੇ ਮਿੱਤਰ ਭਾਈ ਸੁਖਦੇਵ ਸਿੰਘ ਸੁੱਖਾ 16 ਐਫ. ਨਾਲ ਮਿਲ ਕੇ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਹਰਮਿੰਦਰ ਸਾਹਿਬ ਤੇ ਹੋਰ ਗੁਰਧਾਮਾਂ ਦੀ ਕੀਤੀ

ਬੇਅਦਬੀ ਅਤੇ ਸਿੱਖ ਕੌਮ ਦੀ ਹੋਈ ਬੇਪਤੀ ਦਾ ਬਦਲਾ ਲੈਣ ਲਈ ਪ੍ਰਣ ਕੀਤਾ। ਭਾਈ ਰਾਜੂ ਪੁਲਿਸ ਦੇ ਕਾਬੂ ਆ ਗਏ ਤੇ ਉਸ ਉੱਤੇ ਕੀਤੇ ਤਸੱਦਦ ਦੀ ਖ਼ਬਰ ਸੁਣ ਕੇ ਭਾਈ ਜਿੰਦਾ ਤੇ ਭਾਈ ਸੁੱਖੇ ਦਾ ਮਨ ਹੋਰ ਵੀ ਉਬਾਲੇ ਖਾਣ ਲੱਗਾ ਇਸ ਤੋਂ ਬਾਅਦ ਭਾਈ ਜਿੰਦਾ ਜੀ ਨੇ ਜੋ ਕਾਰਨਾਮੇ ਕੀਤੇ ਉਹ ਇਸ ਪ੍ਰਕਾਰ ਹਨ:

31 ਜੁਲਾਈ 1985 ਨੂੰ ਦਿੱਲੀ ਕਤਲੇਆਮ ਦੇ ਮੁਖ ਹਤਿਆਰੇ ਕਾਂਗਰਸੀ ਨੇਤਾ ਲਲਿਤ ਮਾਕਨ ਨੂੰ ਜਾ ਸੋਧ ਲਾਇਆ ਏਸ ਕਾਰਵਾਈ 'ਚ ਗੁਰੂ ਦੇ ਦੋਵੇਂ ਲਾਡਲੇ ਭਾਈ ਜਿੰਦਾ ਜੀ ਅਤੇ ਭਾਈ ਸੁੱਖ ਜੀ ਦੇ ਨਾਲ ਹੀ ਭਾਈ ਰਣਜੀਤ ਸਿੰਘ ਗਿੱਲ ਵੀ ਸਨ ਭਾਈ ਰਣਜੀਤ ਸਿੰਘ ਗਿੱਲ ਜੀ ਨੂੰ 14 ਮਈ 1987 ਨੂੰ ਅਮਰੀਕਾ ਜਰਸੀ ਵਿਖੇ ਇੰਟਰਪੋਲ ਦੀ ਮਦਦ ਨਾਲ ਗ੍ਰਿਫਤਾਰ ਕਰ ਲਿਆ ਗਿਆ ਅਤੇ 6 ਫਰਵਰੀ 1988 ਨੂੰ ਯੂ ਏਨ ਓ 'ਚ ਸੁਣਵਾਈ 'ਤੇ ਸੰਨ 2000 ਨੂੰ ਭਾਰਤ ਦੇ ਹਵਾਲੇ ਕਰ ਦਿੱਤਾ ਗਇਆ ਜਿੱਥੇ ਭਾਈ ਰਣਜੀਤ ਸਿੰਘ ਗਿੱਲ ਨੂੰ ਸਜ਼ਾ ਸੁਣਾ ਦਿੱਤੀ ਗਈ।

1984 ਦੇ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿੱਚ ਸਿੱਖਾਂ ਦਾ ਕਤਲੇਆਮ ਕਰਵਾਉਣ 'ਚ ਅਹਿਮ ਰੋਲ ਅਦਾ ਕਰਨ ਵਾਲਾ ਇੱਕ ਹੋਰ ਕਾਂਗਰਸੀ ਨੇਤਾ ਅਰਜੁਨ ਦਾਸ ਸੀ, ਜਿਸ ਨੂੰ ਨਾਨਾਵਤੀ ਕਮਿਸ਼ਨ ਨੇ ਵੀ ਦੋਸ਼ੀ ਕਰਾਰ ਦਿੱਤਾ ਸੀ। 5 ਸਤੰਬਰ 1985 ਨੂੰ ਗੁਰੂ ਦੇ ਲਾਡਲਿਆਂ ਨੇ ਅਰਜੁਨ ਦਾਸ ਨੂੰ ਗੱਡੀ ਚੜ੍ਹਾ ਦਿੱਤਾ ਇਹ ਰਾਜੀਵ ਗਾਂਧੀ ਦਾ ਖਾਸ ਚਮਚਾ ਸੀ।

10 ਅਗਸਤ 1986 ਨੂੰ ਸਭ ਤੋਂ ਵੱਡਾ ਕਾਰਨਾਮਾ ਤਦ ਕੀਤਾ ਗਿਆ ਜਦ ਸੂਰਮਿਆਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੇ ਮੋਹਰੀ ਰਹੇ 'ਜਨਰਲ ਵੈਧਜ' ਨੂੰ ਉਸ ਦੇ ਕੀਤੇ ਦੀ ਸਜ਼ਾ ਵੱਜੋਂ ਸੋਧ ਲਾ ਦਿੱਤਾ ਗਿਆ ਇਹ ਭਾਰਤ ਸਰਕਾਰ ਦੇ ਮੂੰਹ 'ਤੇ ਹੁਣ ਤੱਕ ਦਾ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਸਭ ਤੋਂ ਵੱਡਾ ਕਰਾਰਾ ਤਮਾਚਾ ਸੀ।

ਸਿੱਖ ਸੰਘਰਸ਼ ਨੂੰ ਮੁਕਾਮ ਤੱਕ ਲੈ ਜਾਨ ਲਈ ਸਿੰਘਾਂ ਨੂੰ ਹਥਿਆਰਾਂ ਦੀ ਸਖ਼ਤ ਲੋੜ ਸੀ, ਜਿਸ ਵਾਸਤੇ ਭਾਰਤ ਦੇ ਇਤਿਹਾਸ ਵਿੱਚ 13 ਫਰਵਰੀ 1987 ਨੂੰ ਖਾਲਿਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਨੇ ਜਨਰਲ ਲਾਭ ਸਿੰਘ ਜੀ ਦੀ ਅਗਵਾਈ ਹੇਠ ਪੰਜਾਬ 'ਚ ਇੱਕ ਬੈਂਕ ਵਿੱਚੋਂ 5.70 ਕਰੋੜ ਰੁਪਏ ਲੈ ਕੇ ਨਿਕਲਣ 'ਚ ਕਾਮਯਾਬ ਹੋ ਗਏ, ਕਿਹਾ ਜਾਂਦਾ ਹੈ ਕਿ ਇਹ ਕਾਰਨਾਮਾ 'ਲਿਮ੍ਕਾ ਬੁੱਕ ਆਫ ਰਿਕਾਰਡ' 'ਚ ਦਰਜ ਹੈ।

ਇਹ ਕਾਰਵਾਈ ਸੁਣ ਕੇ ਵੱਡੇ ਵੱਡੇ ਅਧਿਕਾਰੀਆਂ ਦੇ ਪਸੀਨੇ ਨਿਕਲ ਗਏ ਸੀ, ਜਿਸ ਢੰਗ ਨਾਲ ਸਿੰਘ ਸਫਾਈ ਨਾਲ ਬਾਹਰ ਨਿਕਲੇ ਸੀ ਉਸ ਬਾਰੇ ਪੂਰਾ ਸੱਚ ਭਾਰਤ ਸਰਕਾਰ ਦੇ ਅਧਿਕਾਰੀ ਦੇ ਮੂਹੋਂ ਆਪ ਸੁਣੋ :

'ਵੇਦ ਮਰਵਾਹਾ' ਦਿੱਲੀ ਪੁਲਿਸ ਦਾ ਮੁਖੀ (ਕਮਿਸਨਰ) ਹੁਣ ਨੌਕਰੀ ਤੋਂ ਰਿਟਾਇਰ ਹੋ ਚੁੱਕਾ ਹੈ। ਇਸ ਦੀ ਕਮਾਂਡ ਥੱਲੇ ਦਿੱਲੀ ਪੁਲਿਸ ਨੇ ਦੋ ਵਾਰ (1985 ਤੇ ਫਿਰ 1987 ਵਿਚ) ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਗ੍ਰਿਫਤਾਰ ਕੀਤਾ ਸੀ। 'ਵੇਦ ਮਰਵਾਹੇ' ਨੇ ਰਿਟਾਇਰਮੈਂਟ ਤੋਂ ਬਾਅਦ ਇੱਕ ਕਿਤਾਬ ਲਿਖੀ ਜਿਸ ਦਾ ਸਿਰਲੇਖ ਹੈ 'ਅਨਸਿਵਲ ਵਾਰਜ ਪਥੋਲੋਜੀ ਆਫ ਟੈਰਰਿਜਮ ਇਨ ਇੰਡੀਆ।'

ਇਸ ਕਿਤਾਬ ਦੇ ਸਫਾ 16 'ਤੇ ਉਸ ਨੇ ਇੱਕ ਸਿਰਲੇਖ ਦਿੱਤਾ ਹੈ: 'ਜਿੰਦਾ ਕੋਈ ਸਧਾਰਣ ਮਨੁੱਖ ਨਹੀਂ ਸੀ।' ਇਸ ਦੀ ਲਿਖਤ ਵਿਚਲਾ ਵੇਰਵਾ ਕਾਜੀ ਨੂਰ ਮੁਹੰਮਦ ਦੀ 18 ਵੀਂ ਸਦੀ ਦੇ ਸਿੰਘਾਂ ਬਾਰੇ 'ਗਵਾਹੀ' ਵਾਂਗ ਹੀ ਹੈ। ਭਾਰਤੀ ਰਾਸਟ੍ਰ ਭਗਤੀ ਤੇ ਫਿਰਕੂਪੁਣੇ ਨਾਲ ਭਰਿਆ ਪੰਜਾਬੀ ਹਿੰਦੂ ਮੂਲ ਦਾ 'ਵੇਦ ਮਰਵਾਹਾ' ਲਿਖਦਾ ਹੈ: 'ਹਰਜਿੰਦਰ ਸਿੰਘ ਜਿੰਦਾ, ਜਿਸ ਨੂੰ ਜਨਰਲ ਵੈਦਿਆ ਦੇ ਕਤਲ ਕੇਸ ਵਿਚ ਸਜਾ ਹੋਈ ਅਤੇ ਬਾਅਦ ਵਿਚ ਫਾਂਸੀ 'ਤੇ ਲਟਕਾਇਆ ਗਿਆ ਕੋਈ ਸਧਾਰਨ ਮਨੁੱਖ ਨਹੀਂ ਸੀ। ... ਇਹ ਸਿਰਫ਼ ਇੱਕ ਬੇਤਰਸ ਹਤਿਆਰਾ ਨਹੀਂ ਸੀ। ਉਸ ਦੀ ਸਖ਼ਸੀਅਤ ਦਾ ਇੱਕ ਬੜਾ ਅਨੋਖਾ ਪੱਖ ਵੀ ਸੀ। ਉਹ ਜਦੋਂ ਸਖ਼ਤ ਜਖਮੀ ਸੀ ਅਤੇ ਜੀਵਨ-ਮੌਤ ਦੀ ਲੜਾਈ ਲੜ ਰਿਹਾ ਸੀ, ਉਦੋਂ ਵੀ ਉਹ ਬੜਾ ਮਖੌਲੀਆ ਅਤੇ ਦਿਲ ਨੂੰ ਲੁਭਾਉਣ ਵਾਲਾ ਅੰਦਾਜ ਰੱਖਦਾ ਸੀ। ਜਦੋਂ ਮੈਂ ਉਸ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਪਹਿਲੀ ਵਾਰ ਮਿਲਿਆ ਤਾਂ ਮੈਂ ਮਹਿਸੂਸ ਕੀਤਾ ਕਿ ਉਹ ਕੋਈ ਮਨੋਰੋਗੀ ਨਹੀਂ ਸੀ ਬਲਕਿ ਉਸ ਦੀ ਮਾਨਸਿਕਤਾ ਵਿੱਚ ਐਸੇ ਅਸਾਧਾਰਨ ਤੱਤ ਸਨ, ਜਿਹੜੇ ਉਸ ਨੂੰ ਇੱਕ ਵੱਖਰੀ ਦਿੱਖ ਵਾਲਾ ਇਨਸਾਨ ਸਥਾਪਤ ਕਰਦੇ ਸਨ।'

'ਵੇਦ ਮਰਵਾਹਾ' ਅੱਗੋਂ ਛੋਟਾ ਸਿਰਲੇਖ ਦਿੰਦੇ ਹਨ: 'ਪਹਿਲੀ ਗ੍ਰਿਫਤਾਰੀ' ਲਿਖਤ ਅਨੁਸਾਰ-'ਜਿੰਦਾ ਪਹਿਲੀ ਵਾਰ ਅਚਾਨਕ ਹੀ 1985 ਵਿਚ ਪੁਲਿਸ ਦੇ ਹੱਥ ਲੱਗ ਗਿਆ। ਉਦੋਂ ਦਿੱਲੀ ਵਿੱਚ ਲਗਾਤਾਰ ਬੈਂਕ ਲੁੱਟੇ ਜਾ ਰਹੇ ਸਨ ਪਰ ਪੁਲਿਸ ਨੂੰ ਕੋਈ ਸੂਹ ਨਹੀਂ ਸੀ ਮਿਲ ਰਹੀ। ਮੈਨੂੰ ਰੋਜ਼ਾਨਾ ਭਾਰਤ ਦੇ ਗ੍ਰਹਿ ਮੰਤਰੀ ਤੋਂ ਝਾੜਾਂ ਪੈ ਰਹੀਆਂ ਸਨ ਅਤੇ ਮੀਡੀਏ ਵਿੱਚ ਵੀ ਦਿੱਲੀ ਪੁਲਿਸ ਦੀ ਦੁਰਗਤੀ ਬਣ ਰਹੀ ਸੀ। ਉਦੋਂ ਤੱਕ ਸਾਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇਨ੍ਹਾਂ ਬੈਂਕ ਡਕੈਤੀਆਂ ਨਾਲ ਪੰਜਾਬ ਦੇ ਦਹਿਸਤਗਰਦਾਂ ਦਾ ਵੀ ਕੋਈ ਸਬੰਧ ਹੋ ਸਕਦਾ ਹੈ। ਜਿੰਦੇ ਦੀ ਗ੍ਰਿਫਤਾਰੀ ਇੱਕ ਛੋਟੇ ਦਰਜੇ ਦੀ ਜਾਣਕਾਰੀ ਦੇ ਆਧਾਰ 'ਤੇ ਹੋਈ, ਜਿਸ ਦਾ ਸੰਬੰਧ ਕਿਸੇ ਕਾਰ ਦੀ ਚੋਰੀ ਨਾਲ ਸੀ। ਕ੍ਰਾਈਮ ਬਰਾਂਚ ਦੇ ਐਡੀਸ਼ਨਲ ਕਮਿਸਨਰ ਆਰ. ਕੇ. ਸਰਮਾ ਨੇ ਮੈਨੂੰ ਇੱਕ ਐਤਵਾਰ ਦੀ ਸਵੇਰ ਫੋਨ ਕਰ ਕੇ ਜਿੰਦੇ ਦੀ ਗ੍ਰਿਫਤਾਰੀ ਦੀ 'ਵੱਡੀ ਪ੍ਰਾਪਤੀ' ਸੰਬੰਧੀ ਦੱਸਿਆ। ਉਦੋਂ ਪਹਿਲੀ ਵਾਰ ਦਿੱਲੀ ਪੁਲਿਸ ਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਇੱਕ ਅਚਾਨਕ ਇੱਕ ਮਾਰਕਾਖੇਜ ਕੰਮ ਕੀਤਾ ਹੈ।'

'ਮਰਵਾਹੇ' ਦੀ ਲਿਖਤ ਦਾ ਅਗਲਾ ਸਿਰਲੇਖ ਹੈ-'ਪੁੱਛ ਗਿੱਛ' (ਇੰਟੈਰੋਗੇਸ਼ਨ) ਮਰਵਾਹੇ ਅਨੁਸਾਰ - 'ਮੈਂ ਆਪਣੇ ਘਰੋਂ ਫੌਰਨ ਕ੍ਰਾਈਮ ਬਰਾਂਚ ਇੰਟੈਰੋਗੇਸਨ ਸੈਂਟਰ ਪਹੁੰਚਿਆ ਅਤੇ ਇਸ ਸਾਧਾਰਨ ਜਿਹੀ ਦਿੱਖ ਵਾਲੇ ਵਿਅਕਤੀ ਦੀ ਇੱਕ ਘੰਟੇ ਤੋਂ ਜ਼ਿਆਦਾ ਸਮਾਂ ਪੁੱਛਗਿੱਛ (ਇਸ ਨੂੰ ਤਸੱਦਦ ਪੜ੍ਹਿਆ ਜਾਵੇ) ਕੀਤੀ। ਮੈਂ ਉਸ ਵੱਲੋਂ ਕਹਾਣੀ ਬਿਆਨ ਕਰਨ ਦੇ ਢੰਗ ਤੋਂ ਬੜਾ ਅਚੰਭਿਤ ਹੋਇਆ ਅਤੇ ਉਸ ਵੱਲੋਂ ਦੱਸੀਆਂ ਗਈਆਂ ਗੱਲਾਂ ਤੋਂ ਵੀ। ਉਸ ਦੀ ਖੱਲੜੀ ਵਿੱਚ ਡਰ ਨਾਂ ਦੀ ਕੋਈ ਚੀਜ ਨਹੀਂ ਸੀ ਅਤੇ ਨਾ ਹੀ ਉਸ ਨੂੰ ਆਪਣੇ ਕੀਤੇ ਤੋਂ ਪਛਤਾਵਾ ਸੀ। ਉਹ ਤਾਂ ਬਾਲੀਵੁਡ ਦੀਆਂ ਫਿਲਮਾਂ ਦੇ ਅੰਦਾਜ਼ ਵਿੱਚ ਪੁਲਿਸ ਨੂੰ ਥਾਂ-ਥਾਂ ਝਕਾਨੀ ਦੇ ਕੇ ਨਿਕਲਣ ਦੇ ਕਾਰਨਾਮਿਆਂ ਨੂੰ ਬੜੇ ਚਸਕੇ ਲੈ ਕੇ ਸੁਣਾ ਰਿਹਾ ਸੀ। ਮੇਰੇ ਸਾਹਮਣੇ ਅੰਮ੍ਰਿਤਸਰ ਸ਼ਹਿਰ ਦਾ ਇੱਕ ਨੌਜਵਾਨ ਸਿੱਖ ਖੜ੍ਹਾ ਸੀ ਜਿਸ ਨੇ ਸਮੁੱਚੀ ਦਿੱਲੀ ਪੁਲਿਸ ਨੂੰ ਵਖਤ ਪਾਇਆ ਹੋਇਆ ਸੀ, ਇਸ ਤੱਥ ਦੀ ਵੀ ਉਸ ਨੂੰ ਬੜੀ ਖੁਸ਼ੀ ਸੀ। ਉਸ ਨੇ ਆਪਣੇ ਖਾਲਸਤਾਨੀ ਸੰਘਰਸ਼ ਵਿਚਲੇ ਰੋਲ ਨੂੰ ਘਟਾ ਕੇ ਦੱਸਿਆ ਪਰ ਦਿੱਲੀ (ਜਿਸ ਨੂੰ ਉਹ ਰਾਜਧਾਨੀ ਕਹਿਣ ਦੀ ਜਿਦ ਕਰਦਾ ਸੀ) ਵਿਚਲੀ ਬੈਂਕ ਡਕੈਤੀਆਂ ਸੰਬੰਧੀ ਉਸ ਨੇ ਬੜੇ ਮਾਣ ਨਾਲ ਖੁੱਲ੍ਹ ਕੇ ਦੱਸਿਆ। ਉਸ ਦਾ ਦਿੱਲੀ ਨੂੰ ਵਾਰ-ਵਾਰ 'ਰਾਜਧਾਨੀ' ਕਹਿਣ ਤੋਂ ਵੀ ਇਹ ਹੀ ਭਾਵ ਸੀ, ਉਹ ਦਿੱਲੀ ਪੁਲਿਸ ਦਾ ਪੂਰਾ ਮਜਾਕ ਉਡਾ ਰਿਹਾ ਸੀ। ਉਦੋਂ ਭਾਵੇਂ ਸਾਨੂੰ ਉਸ ਦੀਆਂ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਪਰ ਉਹ ਗੱਲ ਕਰਨ ਲੱਗਿਆ 'ਉਹ' (ਭਾਰਤ ਸਰਕਾਰ) ਤੇ ਅਸੀਂ (ਖਾਲਸਤਾਨੀ) ਸਬਦਾਵਲੀ ਦੀ ਵਰਤੋਂ ਕਰ ਰਿਹਾ ਸੀ। ਮੈਨੂੰ ਉਦੋਂ ਮਹਿਸੂਸ ਹੋਇਆ ਕਿ ਉਹ ਮੇਰੇ ਨਾਲ, ਇੱਕ 'ਪੁਲਿਸ ਮੁਖੀ' ਦੇ ਤੌਰ 'ਤੇ ਬਰਾਬਰ ਦੀ ਧਿਰ ਬਣ ਕੇ ਗੱਲ ਕਰ ਰਿਹਾ ਸੀ (ਨਾ ਕਿ ਮੁਜਰਮ ਦੇ ਤੌਰ 'ਤੇ) .... ਉਸ ਨੂੰ ਫੇਰ ਅਸੀਂ ਗੁਜਰਾਤ ਪੁਲਿਸ ਦੇ ਹਵਾਲੇ ਕਰ ਦਿੱਤਾ, ਜਿੱਥੋਂ ਕਿ ਉਹ ਅਦਾਲਤ ਵਿਚ ਪੇਸ਼ੀ ਲਈ ਲਿਜਾਂਦੇ ਸਮੇਂ, ਪੁਲਿਸ ਹਿਰਾਸਤ ਵਿੱਚੋਂ ਫਰਾਰ ਹੋ ਗਿਆ। ਉਸ ਤੋਂ ਬਾਅਦ ਉਸ ਨੇ ਬੜੇ ਦਲੇਰਾਨਾ ਕੰਮ ਕੀਤੇ, ਜਿਨ੍ਹਾਂ ਵਿੱਚ 'ਲਲਿਤ ਮਾਕਨ' ਐੱਮ.ਪੀ. ਤੇ 'ਅਰਜਨ ਦਾਸ' ਆਦਿ ਸੰਜੇ ਗਾਂਧੀ ਦੇ ਨੇੜਲੇ ਸਾਥੀਆਂ ਦਾ ਮਾਰੇ ਜਾਣਾ ਵੀ ਸ਼ਾਮਲ ਸੀ। ਦਿੱਲੀ ਤੇ ਪੰਜਾਬ ਵਿੱਚ ਜਿੰਦੇ ਦੇ ਨਾਂ ਦੀ ਬੜੀ ਦਹਿਸ਼ਤ ਫੈਲ ਗਈ।'

'ਵੇਦ ਮਰਵਾਹਾ' ਫੇਰ, ਇੱਕ ਸਬ-ਹੈਡਿੰਗ 'ਦੂਸਰੀ ਮੁਲਾਕਾਤ' ਦਾ ਦਿੰਦਾ ਹੈ, ਜਿਸ ਅਨੁਸਾਰ ਅਗਸਤ 1987 ਵਿੱਚ ਸਿਵਲ ਲਾਈਨਜ ਏਰੀਏ ਵਿੱਚ ਹੋਏ ਇੱਕ ਪੁਲਿਸ ਮੁਕਾਬਲੇ ਵਿੱਚ ਜਿੰਦਾ ਸਖ਼ਤ ਜਖ਼ਮੀ ਹਾਲਤ ਵਿੱਚ ਦਿੱਲੀ ਪੁਲਿਸ ਨੇ ਦਬੋਚ ਲਿਆ। ... ਮੈਂ ਆਪਣੇ ਵਾਇਰਲੈੱਸ ਸੈੱਟ 'ਤੇ ਜਿੰਦੇ ਦੀ ਗ੍ਰਿਫਤਾਰੀ ਬਾਰੇ ਸੁਣਿਆ ਅਤੇ ਕੁਝ ਮਿੰਟਾਂ ਵਿੱਚ ਹੀ ਪੁਲਿਸ ਸਟੇਸ਼ਨ ਪਹੁੰਚ ਗਿਆ। ਜਿੰਦੇ ਨੂੰ ਇੱਕ ਸਟਰੈਚਰ 'ਤੇ ਪਾ ਕੇ ਐਂਬੂਲੈਂਸ ਵੱਲ ਲਿਜਾਇਆ ਜਾ ਰਿਹਾ ਸੀ ਜਦੋਂਕਿ ਉਸ ਨੇ ਮੈਨੂੰ ਵੇਖ ਲਿਆ। ਉਸ ਨੇ ਮੁਸਕਰਾ ਕੇ ਮੇਰਾ ਸਵਾਗਤ ਕੀਤਾ। ਉਹ ਬੜੀ ਗੰਭੀਰ ਜਖ਼ਮੀ ਹਾਲਤ ਵਿੱਚ ਸੀ ਪਰ ਫਿਰ ਵੀ ਉਸ ਨੇ ਮੈਨੂੰ ਮਜਾਕੀਆ ਲਹਿਜੇ ਵਿੱਚ ਕਿਹਾ -'ਮੁਬਾਰਕ ਹੋ, ਅਬ

ਆਪ ਕੋ ਬਹੁਤ ਬੜੀ ਤਰੱਕੀ ਮਿਲੇਗੀ ਦਿੱਲੀ ਪੁਲਿਸ ਨੇ ਮੁਝੇ ਪਕੜ ਲੀਆ ਹੈ।' ਮੇਰੇ ਸਾਹਮਣੇ ਉਹ ਬੰਦਾ ਸੀ, ਜਿਹੜਾ ਮੌਤ ਦੇ ਮੂੰਹ ਵਿੱਚ ਜਾ ਰਿਹਾ ਸੀ ਪਰ ਉਹ ਇਨ੍ਹਾਂ ਪਲਾਂ ਵਿੱਚ ਵੀ ਬੇਪ੍ਰਵਾਹ ਹੋ ਕੇ ਮਜਾਕ ਕਰ ਰਿਹਾ ਸੀ। ਮੈਂ ਦੇਖ ਰਿਹਾ ਸੀ ਕਿ ਉਸ ਨੂੰ ਆਪਣੇ ਕਾਰਜ ਲਈ ਮਹਾਨ ਕੁਰਬਾਨੀ ਕਰਨ ਦੀ ਤਸੱਲੀ ਵੀ ਸੀ ਤੇ ਪੁਲਿਸ ਨੂੰ ਨੀਵਾਂ ਦਿਖਾਉਣ ਦਾ ਚਾਅ ਵੀ... ਉਸ ਦਾ ਫੌਜੀ ਹਸਪਤਾਲ ਵਿੱਚ ਇਲਾਜ ਚੱਲਿਆ ਤੇ ਉਹ ਇੱਕ ਅਪਰੇਸ਼ਨ ਤੋਂ ਬਾਅਦ ਕਰਾਮਾਤੀ ਤੌਰ 'ਤੇ ਠੀਕ ਹੋ ਗਿਆ। ਮੈਂ ਉਸ ਨੂੰ ਡੀ. ਜੀ. ਪੀ. ਕ੍ਰਾਈਮ ਦੇ ਨਾਲ ਹਸਪਤਾਲ ਵਿੱਚ ਦੇਖਣ ਗਿਆ। ਪਰ ਇਸ ਵਾਰ ਮੈਂ ਪੁੱਛਗਿੱਛ ਲਈ ਨਹੀਂ ਗਿਆ ਪਰ ਉਸ ਇਨਸਾਨ ਨੂੰ ਮਿਲਣ ਗਿਆ, ਜਿਸ ਨੇ ਮੇਰੇ ਮਨ 'ਚ ਵੀ ਸਤਿਕਾਰ ਦੀ ਥਾਂ ਬਣਾ ਲਈ ਸੀ। ਮੈਂ ਇਹ ਇਕਬਾਲ ਕਰਨਾ ਚਾਹੁੰਦਾ ਹਾਂ ਕਿ ਉਦੋਂ ਮੇਰੀਆਂ ਜਿੰਦੇ ਪ੍ਰਤੀ ਭਾਵਨਾਵਾਂ ਇੱਕ ਪ੍ਰੋਫੈਸਨਲ ਪੁਲਿਸ ਅਫਸਰ ਵਾਲੀਆਂ ਨਹੀਂ ਸਨ ਬਲਕਿ ਪ੍ਰਸੰਸਾ ਤੇ ਨਿੱਘ ਵਾਲੀਆਂ ਸਨ.....।'

ਖਾਲਸਤਾਨੀ ਸੰਘਰਸ਼ ਦੇ ਇਸ ਸਿਪਾਹ ਸਿਲਾਰ ਨੂੰ 'ਦੁਸਮਣ' ਵੱਲੋਂ ਦਿੱਤੀ ਗਈ, ਇਸ ਸਰਧਾਂਜਲੀ ਚੋਂ ਭਵਿੱਖ ਦੀਆਂ ਪੀੜੀਆਂ ਨੂੰ ਖਾਲਸਤਾਨੀ ਸੰਘਰਸ਼ ਦੇ ਯੋਧਿਆਂ ਦੀ ਅਸਲੀ ਤਸਵੀਰ ਨਜ਼ਰ ਆ ਰਹੀ ਹੋਵੇਗੀ।

**ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੀ ਸੰਖੇਪ ਜੀਵਨੀ**

ਭਾਈ ਸੁਖਦੇਵ ਸਿੰਘ ਦਾ ਜਨਮ ਰਾਜਸਥਾਨ ਦੇ ਜਿਲ੍ਹੇ ਗੰਗਾਨਗਰ ਦੀ ਤਹਿਸੀਲ ਕਰਨਪੁਰ ਦੇ ਪਿੰਡ ਚੱਕ ਨੰਬਰ 11 ਵਿੱਚ ਹੋਇਆ।

ਆਪ ਜੀ ਦੇ ਪਿਤਾ ਮਹਿੰਗਾ ਸਿੰਘ ਗੁਰਸਿੱਖ ਹਨ ਤੇ ਖੇਤੀ ਦਾ ਕੰਮ ਕਰਦੇ ਹਨ। ਮਾਤਾ ਸੁਰਜੀਤ ਕੌਰ ਪੂਰਨ ਗੁਰਸਿਖ, ਰਹਿਤ ਦੇ ਧਾਰਨੀ ਤੇ ਨਿਤਨੇਮੀ ਹਨ। ਭਾਈ ਸੁਖਦੇਵ ਸਿੰਘ ਨੂੰ ਸਿੱਖੀ ਸਿਦਕ ਦੀ ਦਾਤ ਵਿਰਸੇ ਵਿੱਚ ਮਿਲੀ ਹੋਈ ਸੀ। ਸਕੂਲ ਦੀ ਪੜ੍ਹਾਈ ਦੇ ਨਾਲ ਹੀ ਧਾਰਮਿਕ ਵਿਦਿਆ ਤੇ ਗੁਰਬਾਣੀ ਦਾ ਅਭਿਆਸ ਉਸ ਦਾ ਨਿਤ ਕਰਮ ਬਣ ਗਿਆ। ਮੁੱਢਲੀ ਵਿਦਿਆ ਪਿੰਡ ਮਾਣਕਪੁਰ ਚੱਕ ਨੰਬਰ 13 ਤੋਂ ਪ੍ਰਾਪਤ ਕੀਤੀ ਤੇ ਕਾਨਪੁਰ ਤੋਂ ਦਸਵੀਂ ਪਾਸ ਕਰਕੇ ਗਿਆਨ ਜੋਤੀ ਕਾਲਜ ਤੋਂ ਬੀ. ਏ. ਪਾਸ ਕੀਤੀ। ਐਮ. ਏ ਅੰਗਰੇਜੀ ਵਿੱਚ ਪੜ੍ਹਦੇ ਸਨ, ਜਦੋਂ 1984 ਦਾ ਸਿੱਖੀ ਦਮਨ ਕਰਨ ਵਾਲਾ ਘੱਲੂਘਾਰਾ ਵਾਪਰ ਗਿਆ। ਭਾਈ ਸੁੱਖਾ ਜੀ ਘਰੋਂ ਬੇਘਰ ਹੋ ਕੇ ਸਿੱਖੀ ਦੀ ਪੱਤ ਬਚਾਉਣ



ਦੀਆ ਵਿਉਂਤਾਂ ਵਿੱਚ ਲਗ ਗਿਆ। ਆਪਣੇ ਮਿੱਤਰ ਬਲਜਿੰਦਰ ਸਿੰਘ ਰਾਜੂ ਦੇ ਭੂਆ ਦੇ ਪੁੱਤਰ ਹਰਜਿੰਦਰ ਸਿੰਘ ਜਿੰਦਾ ਨੂੰ ਆਪਣੇ ਕਾਰਜ ਦੇ ਨਿਸ਼ਾਨੇ ਉੱਤੇ ਪੁੱਜਣ ਲਈ ਆਪ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ। ਗੁਰੂ ਮਹਾਰਾਜ ਦੇ ਬਖ਼ਸ਼ੇ ਹੋਏ ਲਾਡਲੇ ਸਪੁੱਤਰਾਂ ਨੂੰ ਪੰਥ ਦੇ ਲੇਖੇ ਲਾ ਸੁਰਖ਼ਰੂ ਹੋ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਭਾਈ ਲਾਭ ਸਿੰਘ ਪੰਜਵਡ, ਭਾਈ ਜਰਨੈਲ ਸਿੰਘ ਹਲਵਾਰਾ ਤੇ ਮਥਰਾ ਸਿੰਘ ਚੌਡੇ ਮਧਰੇ ਤੇ ਭਾਈ ਚਰਨਜੀਤ ਸਿੰਘ ਚੰਨੀ ਲੁਧਿਆਣਾ (ਪੰਜਾਬ) ਵਿੱਚ ਸਰਗਰਮ ਸਨ। ਉਨਾਂ ਵਿੱਚ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਪੰਜਾਬ ਤੋਂ ਬਾਹਰ ਦਿੱਲੀ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ ਹੋਇਆ ਸੀ ਕਿਉਂਕਿ ਨਵੰਬਰ 1984 ਵਿੱਚ ਸਿੱਖਾਂ ਦੀ ਸਭ ਤੋਂ ਵੱਧ ਕਤਲੇਆਮ ਤੇ ਬੇਪਤੀ ਦਿੱਲੀ ਵਿੱਚ ਹੋਈ ਸੀ।

ਦਿੱਲੀ ਵਿੱਚ ਇਨਾਂ ਦਾ ਨਾਮ ਸੁਣ ਕੇ ਅਤੇ ਸਰਕਾਰ ਵੱਲੋਂ ਟੀ. ਵੀ. ਉੱਤੇ ਇਨ੍ਹਾਂ ਦੀਆਂ ਤਸਵੀਰਾਂ ਦਿਖਾਉਣ ਕਰਕੇ ਦਿੱਲੀ ਦੇ ਫ਼ਿਰਕੂ ਕਾਤਲ ਘਰਾਂ ਤੋਂ ਬਾਹਰ ਨਹੀਂ ਨਿਕਲਦੇ ਸਨ। ਇਕ ਵਾਰੀ ਭਾਈ ਹਰਜਿੰਦਰ ਸਿੰਘ ਜਿੰਦਾ ਦਿੱਲੀ ਪੁਲਿਸ ਦੇ ਕਾਬੂ ਆ ਗਏ ਤੇ ਅਹਿਮਦਾਬਾਦ ਜੇਲ ਵਿੱਚ ਭੇਜ ਦਿੱਤੇ ਗਏ ਉੱਥੋਂ ਕਿਸੇ ਢੰਗ ਨਾਲ ਨਿਕਲਣ ਵਿੱਚ ਸਫਲ ਹੋ ਗਏ ਫਿਰ ਇਹਨਾਂ ਨੇ ਹਿੰਦੁਸਤਾਨੀ ਫੌਜਾਂ ਦੇ ਉਸ ਵੇਲੇ ਦੇ ਕਮਾਂਡਰ ਇਨ-ਚੀਫ ਜਨਰਲ ਵੈਦਿਆ ਨੂੰ ਸੋਧਣ ਦਾ ਪ੍ਰੋਗਰਾਮ ਬਣਾਇਆ, ਜਿਸ ਦੀ ਕਮਾਨ ਹੇਠ ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਜੀ ਤੇ ਹੋਰ ਗੁਰਦੁਆਰਿਆਂ ਦੀ ਬੇਹੁਰਮਤੀ (ਬੇਇੱਜ਼ਤੀ) ਹੋਈ ਸੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕੀਤਾ ਗਿਆ ਸੀ। ਜਨਰਲ ਵੈਦਿਆ ਫੌਜ ਵਿੱਚੋਂ ਰਿਟਾਇਰ ਹੋ ਕੇ ਪੂਨੇ ਵਿੱਚ ਰਹਿ ਰਿਹਾ ਸੀ।

ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਪੂਨੇ ਪਹੁੰਚ ਗਏ ਤੇ ਜਨਰਲ ਵੈਦਿਆ ਦੀ ਭਾਲ ਪਿੱਛੋਂ ਮੌਕਾ ਮਿਲਦਿਆਂ ਹੀ ਉਸ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਪਾਪੀ ਨੂੰ ਉਸ ਦੇ ਪਾਪਾਂ ਦੀ ਸਜ਼ਾ ਦੇ ਕੇ ਆਪਣੇ ਮਿਥੇ ਨਿਸ਼ਾਨੇ ਦੀ ਪੂਰਤੀ ਕੀਤੀ।'

17 ਸਿਤੰਬਰ 1987 ਨੂੰ ਭਾਈ ਸੁੱਖਾ ਜੀ ਦਾ ਪੂਨੇ ਇੱਕ ਟਰੱਕ ਨਾਲ ਐਕਸਿਡੈਂਟ ਹੋ ਗਇਆ ਉਸ ਸਮੇਂ ਭਾਈ ਸੁੱਖਾ ਜੀ ਉਸ ਮੋਟਰ ਸਾਇਕਲ 'ਤੇ ਹੀ ਸਵਾਰ ਸਨ ਜੋ ਉਨ੍ਹਾਂ ਨੇ ਵੈਦਜ ਨੂੰ ਸੋਧ ਲਾਉਣ ਸਮੇਂ ਇਸਤੇਮਾਲ ਕੀਤਾ ਸੀ। ਭਾਈ ਜਿੰਦਾ ਜੀ ਦੇ 1987 ਦੇ ਦਿੱਲੀ ਮੁਕਾਬਲੇ 'ਚ ਪੈਰ 'ਚ ਗੋਲੀ ਲਗੀ ਸੀ ਅਤੇ ਮਾਰਚ ਦੇ ਮਹੀਨੇ ਭਾਈ ਜਿੰਦਾ ਜੀ ਨੂੰ ਗੁਰਦੁਆਰਾ ਮਜਨੂੰ ਦਾ ਟੀਲਾ (ਦਿੱਲੀ) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਦੋਵਾਂ ਸਿੰਘਾਂ ਤੇ ਜਨਰਲ ਵੈਧਜ ਦੀ ਹਤਿਆ ਦਾ ਦੋਸ਼ ਲਾਇਆ ਗਇਆ ਜਿਸ ਦੀ ਸਜ਼ਾ ਮੌਤ ਤੋਂ ਘੱਟ ਨਹੀਂ ਸੀ। 21 ਅਕਤੂਬਰ 1989 ਨੂੰ 2. 05 ਵਜੇ ਦੋਵੇਂ ਸਿੰਘਾਂ ਨੂੰ ਜੱਜ ਨੇ ਫਾਂਸੀ ਦੇਣ ਦੇ ਹੁਕਮ ਸੁਣਾ ਦਿੱਤੇ, ਜਿਸ ਦਾ ਸੁਆਗਤ ਦੋਵੇਂ ਸਿੰਘਾਂ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।' ਦੇ ਜੈਕਾਰਿਆਂ ਅਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰਿਆਂ ਨਾਲ ਕੀਤਾ।

ਭਾਈ ਜਿੰਦਾ ਅਤੇ ਭਾਈ ਸੁੱਖਾ ਜੀ ਨੇ ਆਪਣੀ ਸਜ਼ਾ ਦੇ ਵਿਰੁਧ ਅਗਾਂਹ (ਹਾਈਕੋਰਟ 'ਚ) ਕੋਈ ਅਪੀਲ ਦਰਜ ਨਹੀਂ ਕੀਤੀ ਪਰ ਬਹੁਤ ਸਿੱਖ ਜਥੇਬੰਦੀਆਂ ਨੇ ਦੋਵੇਂ ਸਿੰਘਾਂ ਦੇ ਹੱਕ ਚ ਅਰਜ਼ੀਆਂ ਪਾਈਆਂ ਪਰ 9 ਅਕਤੂਬਰ 1992 ਨੂੰ ਕੋਰਟ ਨੇ ਉਨ੍ਹਾਂ ਅਰਜ਼ੀਆਂ ਨੂੰ ਨਾਂ ਮਨਜ਼ੂਰ ਕਰਦਿਆਂ ਰੱਦ ਕਰ ਦਿੱਤਾ।

ਯਾਰਵੜਾ ਦੀ ਜੇਲ 'ਚ ਭਾਈ ਜਿੰਦਾ ਜੀ ਅਤੇ ਭਾਈ ਸੁੱਖ ਜੀ ਨੂੰ 9 ਅਕਤੂਬਰ 1992 (ਸਵੇਰੇ 4 ਵਜੇ) ਫਾਂਸੀ 'ਤੇ ਚੜ੍ਹਾ ਦਿੱਤਾ ਗਿਆ ਇਸ ਤੋਂ ਪਹਿਲਾਂ ਉਨ੍ਹਾਂ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰੇ ਲਗਾਏ। ਦੋਵੇਂ ਸਿੰਘਾਂ ਨੂੰ 30 ਮਿੰਟਾਂ ਤੱਕ ਹਵਾ 'ਚ ਲਟਕਦਿਆਂ ਰੱਖਿਆ ਗਿਆ, ਉਸ ਤੋਂ ਬਾਅਦ ਹੀ ਥੱਲੇ ਉਤਾਰਿਆ ਗਿਆ। ਉਸ ਦਿਨ ਪੂਰੇ ਉੱਤਰ ਭਾਰਤ ਨੂੰ ਹਾਈ ਅਲਰਟ ਕੀਤਾ ਹੋਇਆ ਸੀ।

ਭਾਈ ਜਿੰਦਾ ਜੀ ਅਤੇ ਭਾਈ ਸੁਖਾ ਜੀ ਦੇ ਅੰਤਿਮ ਸੰਸਕਾਰ ਮੂਲਾ ਦਰਿਆ ਦੇ ਕੰਡੇ 'ਤੇ 4 ਉਪ ਪੁਲਿਸ ਆਯੁਕਤ, 10 ਜੂਨਿਯਰ ਆਯੁਕਤ, 14 ਨਿਰੀਕ੍ਸ਼ਕ, 145 ਜੂਨਿਯਰ ਨਿਰੀਕ੍ਸ਼ਕ, 1275 ਹੋਰ ਅਧਿਕਾਰੀਆਂ ਦੀ ਤਾਇਨਾਤੀ ਹੇਠ ਸਵੇਰੇ 6.30 ਵਜੇ ਕੀਤੇ ਗਏ।

ਉਸ ਦਿਨ ਪੰਜਾਬ ਸਮੇਤ ਭਾਰਤ ਦੇ ਬਾਕੀ ਰਾਜਾਂ 'ਚ ਵੀ ਭਾਰੀ ਵਿਰੋਧ ਕੀਤੇ ਗਏ। ਸਿੱਖ ਸੰਗਤਾਂ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਵਿਖੇ ਇਕੱਠੀਆਂ ਹੋਈਆ ਜਿੱਥੋਂ ਭਾਰਤੀ ਫੋਰਸਾਂ ਨੇ 300 ਦੇ ਲਗਭਗ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਭਾਈ ਜਿੰਦਾ ਤੇ ਭਾਈ ਸੁੱਖਾ ਜੀ ਨੇ ਰਾਸ਼ਟਰਪਤੀ ਨੂੰ ਲਿਖੇ ਆਪਣੇ ਪੱਤ੍ਰ ਵਿੱਚ ਖਾਲਸਤਾਨੀ ਸੰਘਰਸ਼ ਦੀ ਤਰਜਮਾਨੀ ਕਰਦਿਆਂ ਬੜੇ ਫਖ਼ਰ ਨਾਲ ਲਿਖਿਆ ਸੀ: 'ਜਦੋਂ ਕੌਮਾਂ ਜਾਗਦੀਆਂ ਹਨ ਤਾਂ ਇਤਿਹਾਸ ਨੂੰ ਕੰਬਣੀ ਛਿੜ ਜਾਂਦੀ ਹੈ। ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲੇ ਨੇ ਸਮੁੱਚੀ ਕੌਮ ਨੂੰ ਉਸ ਦੇ ਫ਼ਰਜ਼ ਦੀ ਯਾਦ ਕਰਵਾਈ ਹੈ ਤੇ ਹੁਣ ਕੌਮ ਨੇ ਤੁਹਾਡੀ ਗੁਲਾਮੀ ਦਾ ਜੂਲਾ ਪਰ੍ਹਾਂ ਵਗਾਹ ਕੇ ਖਾਲਿਸਤਾਨ ਦੀ ਮੰਜ਼ਲ ਵੱਲ ਚੜ੍ਹਾਈ ਕੀਤੀ ਹੋਈ ਹੈ।'

ਖਾਲਸਾ ਜੀ ! ਆਪਣੇ ਕੌਮੀ ਫ਼ਰਜ਼ਾਂ ਦੀ ਪਛਾਣ ਕਰੀਏ। ਇਹੀ ਇਨ੍ਹਾਂ ਦੋ ਮਰਜੀਵੜਿਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ: 'ਜਿਸ ਸਾਨ ਸੇ ਕੋਈ ਮੁਕਤਲ ਮੇਂ ਗਿਆ, ਵੋਹ ਸਾਨ ਸਲਾਮਤ ਰਹਤੀ ਹੈ। ਇਸ ਜਾਨ ਕੀ ਤੋ ਕੋਈ ਬਾਤ ਨਹੀਂ, ਯੇ ਜਾਨ ਤੋ ਆਨੀ-ਜਾਨੀ ਹੈ।'

www.gurparsad.com 'ਚੋਂ ਧੰਨਵਾਦ ਸਹਿਤ

(ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ)

# ਸਾਡੇ ਬੰਦੀ ਸਿੰਘਾਂ ਲਈ 'ਸਮਰੱਥ ਅਥਾਰਿਟੀ' ਕਦੋਂ ਬੋਹੜੂ?



**ਪੰਜਾਬ,** ਪੰਜਾਬੀ ਤੇ ਪੰਜਾਬੀਅਤ ਵਿੱਚ ਗੜੁੱਚ ਸਾਡੇ ਯੁੱਗ-ਸ਼ਾਇਰ ਡਾ. ਪਾਤਰ ਨੇ ਇੱਥੋਂ ਦੀ ਕਿਹੜੀ ਦੁਸ਼ਵਾਰੀ, ਸਮੱਸਿਆ, ਵਧੀਕੀ ਤੇ ਮੁਸੀਬਤ ਸੀ ਜਿਸ ਨੂੰ ਪਛਾਣਦਿਆਂ ਆਪਣੀ ਸ਼ਾਇਰੀ ਰਾਹੀਂ ਰੂਪਮਾਨ ਨਾ ਕੀਤਾ ਹੋਵੇ! ਉਸ ਨੇ ਤਾਂ ਟਿਕੈਤ ਦੇ ਓਸ ਹੰਝੂ ਨੂੰ ਵੀ ਅਮਰ ਕਰ ਦਿੱਤਾ ਸੀ ਜਿਹੜਾ ਗਾਜ਼ੀਪੁਰ ਸਰਹੱਦ 'ਤੇ ਕੇਂਦਰੀ ਏਜੰਸੀਆਂ ਦੇ ਬੱਲ-ਪ੍ਰਯੋਗ ਸਮੇਂ ਵਗਿਆ ਸੀ। ਭਾਰਤ ਦੀ ਨਿਆਂ ਪ੍ਰਣਾਲੀ ਕਿਸ ਕੋਲੋਂ ਲੁਕੀ ਛਿਪੀ ਹੋਈ ਹੈ? ਤੀਹ-ਤੀਹ, ਚਾਲੀ-ਚਾਲੀ ਸਾਲਾਂ ਤੋਂ ਮਾਮਲੇ ਲੰਬਿਤ ਤੁਰੇ ਆਉਂਦੇ ਹਨ। ਪੰਜਾਬ ਦੇ 1993 ਦੇ ਝੂਠੇ ਮੁਕਾਬਲਿਆਂ ਦੇ ਫ਼ੈਸਲੇ ਹਾਲ ਹੀ ਵਿਚ ਆਏ ਹਨ ਜਦੋਂ ਕਿ 1984 ਦੇ ਹਜ਼ਾਰਾਂ ਮੁਕੱਦਮਿਆਂ ਦਾ ਅਜੇ ਵੀ ਕੁਝ ਨਹੀਂ ਬਣਿਆ। ਐਵੇਂ ਤਾਂ ਨਹੀਂ ਪ੍ਰਸਿੱਧ ਵਕੀਲ ਫੂਲਕਾ ਦੇ ਪਿੱਛੇ ਜਿਹੇ ਬਿਆਨ ਆਇਆ ਸੀ ਕਿ ਸਿੱਖ ਨਸਲਕੁਸ਼ੀ ਦੇ ਦੰਗਈਆਂ, ਗੁੰਡਿਆਂ ਤੇ ਸੂਤਰਧਾਰਾਂ ਵਿਰੁੱਧ ਪੂਰੇ ਤੇਤੀ ਸਾਲ, ਸਾਡੀ ਉੱਚ ਅਦਾਲਤ ਨੇ ਵੀ ਕੋਈ ਨੋਟਿਸ ਨਹੀਂ ਲਿਆ। ਗ਼ਰੀਬ ਬੰਦੇ ਨੂੰ ਸਾਡਾ ਸੰਵਿਧਾਨ ਜਿਹੜੇ ਮਰਜ਼ੀ ਅਧਿਕਾਰ ਪ੍ਰਦਾਨਦਾ ਹੋਵੇ ਪਰ ਇਸ 'ਪਹੁੰਚ' ਭਰੇ ਨਿਜ਼ਾਮ ਵਿਚ ਡਾਹਢੇ ਦਾ ਹਾਲੇ ਵੀ ਸੱਤੀਂ ਵੀਹੀਂ ਸੌ ਹੀ ਹੈ। ਲੁੱਚੇ, ਕਾਮੀ ਤੇ ਕਾਤਲ ਸਾਧ ਦੀਆਂ ਅੱਜ ਵੀ ਪੌਂ ਬਾਰਾਂ ਹਨ ਤੇ ਸਾਡੇ ਬੰਦੀ ਸਿੰਘ, ਤੀਹ-ਤੀਹ ਸਾਲ ਤੋਂ ਵੱਧ ਅਰਸੇ ਤੋਂ ਚੱਕੀਆਂ ਵਿਚ ਬੰਦ ਹਨ। ਸਿੱਖਾਂ ਲਈ ਇਨਸਾਫ਼ ਇਸ ਦੇਸ਼ ਵਿਚ ਹੈ ਕਿੱਥੇ? ਦਰਅਸਲ, ਗੁਰੂ ਦੇ ਆਜ਼ਾਦ ਕੀਤੇ ਬੰਦਿਆਂ ਨੂੰ ਅੱਜ ਤੱਕ ਸਮਝਿਆ ਹੀ ਨਹੀਂ ਗਿਆ ਇੱਥੇ।


31 ਅਗਸਤ 1995 ਨੂੰ ਇਕ ਵੱਡਾ ਧਮਾਕਾ ਹੋਇਆ ਸੀ ਕਿਉਂਕਿ ਪੰਜਾਬ ਦੇ 25000 ਤੋਂ ਵੱਧ ਨੌਜਵਾਨ 'ਅਣਪਛਾਤੀਆਂ ਲਾਸ਼ਾਂ' ਕਹਿ ਕੇ ਸਾੜ ਦਿੱਤੇ ਗਏ ਸਨ। ਵਕਤ ਦੇ ਹਾਕਮਾਂ ਨੇ ਇਕ ਪੂਰੀ ਪੀੜ੍ਹੀ ਗਾਇਬ ਕਰ ਦਿੱਤੀ ਸੀ। ਬੁੱਚੜ ਕੇ.ਪੀ. ਐਸ. ਗਿੱਲ ਦੀ ਟੀਮ ਨੇ ਅਜਿਹਾ ਕਾਰਾ ਕੀਤਾ ਕਿ ਨੌਜਵਾਨੀ ਕੋਹ-ਕੋਹ ਕੇ ਖ਼ਤਮ ਕਰ ਦਿੱਤੀ। ਅਜਿਹੇ ਵਿਚ, ਸ਼ਹੀਦ ਭਗਤ ਸਿੰਘ, ਸ੍ਰ. ਊਧਮ ਸਿੰਘ ਸ਼ਹੀਦ ਤੇ ਸ੍ਰ.

ਕੁਲਵੰਤ ਕੌਰ (ਡਾ.) 98156-20515

**ਦਸ ਪਾਤਿਸ਼ਾਹੀਆਂ ਵਲੋਂ ਇਸ ਦੇਸ਼ ਨੂੰ ਦਿੱਤੀ ਬੇਸ਼ਕੀਮਤੀ ਦੇਣ, ਗੌਰਵਮਈ ਸਭਿਆਚਾਰ, ਸ਼ਾਖਸੀ ਆਜ਼ਾਦੀ ਦੀ ਲਗਨ ਅਤੇ ਸਰਬੱਤ ਦੇ ਭਲੇ ਦੀ ਖੁੱਲੀ ਡੁੱਲੀ ਸੋਚ ਨੂੰ ਧਿਆਨਗੋਚਰ ਰੱਖਦਿਆਂ, ਸਾਡੇ ਸਾਰੇ ਬੰਦੀ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦੇਣਾ ਚਾਹੀਦਾ ਹੈ। ਢਾਈ ਸਾਲਾਂ ਤੋਂ ਚੰਡੀਗੜ੍ਹ ਦੀਆਂ ਬਰੂਹਾਂ 'ਤੇ ਲੱਗੇ ਕੌਮੀ ਇਨਸਾਫ਼ ਮੋਰਚੇ ਨੂੰ ਇਨਸਾਫ਼ ਤਾਂ ਹੀ ਮਿਲ ਸਕੂ ਜੇਕਰ ਓਸ ਦੈਵੀ ਮਹਾਂਪੁਰਖ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਮੌਕੇ, ਉਨ੍ਹਾਂ ਦੇ ਪੈਰੋਕਾਰਾਂ ਨੂੰ ਬਾਇਜ਼ਤ ਰਿਹਾਅ ਕੀਤਾ ਜਾਵੇ ਜਿਨ੍ਹਾਂ ਨੇ ਇਸ ਦੇਸ਼ ਦੇ ਹਿੰਦੂ ਭਾਈਚਾਰੇ ਦੇ ਰੱਖਿਅਕ ਹੁੰਦਿਆਂ, ਉਨ੍ਹਾਂ ਦੇ ਮਾਨਵੀ ਅਧਿਕਾਰਾਂ ਦੀ ਰਖਵਾਲੀ ਲਈ ਆਪਣਾ ਤੇ ਆਪਣੇ ਸਮੁੱਚੇ ਪਰਿਵਾਰ ਨੂੰ ਕੁਰਬਾਨ ਕਰ ਦਿੱਤਾ ਸੀ। 'ਭੈ ਕਾਹੂ ਕੋ ਦੇਤਿ ਨ, ਨਾ ਭੈ ਮਾਨਤ ਆਨ' ਦੀ ਮਹਾਨ ਸਿੱਖਿਆ ਨੂੰ ਅਮਲੀ ਜਾਮਾ ਪਹਿਨਾ ਕੇ, ਓਸ ਗੁਰੂ ਦੀ ਨਾਯਾਬ, ਲਾਮਿਸਾਲ, ਬੇਜੋੜ, ਅਦੁੱਤੀ ਅਤੇ ਅਜ਼ੀਮ ਸ਼ਹਾਦਤ ਦਾ ਮੁੱਲ ਚੁਕਾਇਆ ਜਾ ਸਕਦਾ ਹੈ।**



ਕਰਤਾਰ ਸਿੰਘ ਸਰਾਭਾ ਦੇ ਵਾਰਿਸਾਂ (ਜਾਂਬਾਜ਼ ਪੰਜਾਬੀਆਂ) ਦਾ ਖ਼ੂਨ ਖੌਲਣਾ ਸੁਭਾਵਿਕ ਵੀ ਸੀ ਤੇ ਲਾਜ਼ਮੀ ਵੀ। ਇਸੇ ਦਾ ਨਤੀਜਾ ਹੈ ਸਾਡੇ ਬਹੁਗਿਣਤੀ ਬੰਦੀ ਸਿੰਘਾਂ ਦੀਆਂ ਸਜ਼ਾਵਾਂ। ਸਾਡੇ 'ਸਿਸਟਮ' ਵਿਚ ਇਕ-ਬਹੁਰੂਪੀਆ ਤੇ ਨੌਟੰਕੀਬਾਜ ਬੰਦਾ ਜਿਵੇਂ ਮਰਜ਼ੀ ਸਰਕਾਰਾਂ ਤੇ



ਦਰਬਾਰਾਂ ਨੂੰ ਚਲਾ ਸਕਦਾ ਹੈ, ਘੁਮਾ ਸਕਦਾ ਹੈ ਤੇ ਲੋਕਾਂ ਨੂੰ ਤਲਿੱਸਮੀ ਚੱਕਰਾਂ ਵਿਚ ਫਸਾ ਕੇ ਸ਼ਰੇਆਮ ਮਗਰ ਲਾ ਸਕਦਾ ਹੈ। ਹੇਰਾਫੇਰੀਆਂ, ਪਾਖੰਡ ਤੇ ਦੰਭ ਨਾਲ ਖੜ੍ਹੇ ਕੀਤੇ 'ਸਾਮਰਾਜ' ਕਾਰਨ, ਵੋਟਾਂ 'ਚ ਹੋਏ ਬੇਹਿਸਾਬ ਵਾਧੇ ਕਾਰਨ, ਸਰਕਾਰਾਂ ਜਿਹਦੀ ਪੁਸ਼ਤ ਪਨਾਹੀ ਕਰਕੇ ਤੇ ਜਵਾਈ ਜਿਹਾ ਸਲੂਕ ਕਰਕੇ, ਗੁਰੂ ਦੇ ਸਿੱਖਾਂ ਨੂੰ ਜ਼ਲੀਲ, ਬੇਪੱਤ ਅਤੇ ਬੇਗੱਤ ਕਰਦੀਆਂ ਹਨ। ਹੈਰਾਨੀ ਤੇ ਪਰੇਸ਼ਾਨੀ ਦਾ ਮੰਜ਼ਰ ਸੀ ਓਹ ਜਦੋਂ ਇਕ ਲੁੱਚਾ ਸਾਧ, ਡੇਢ ਸੌ ਗੱਡੀਆਂ ਦੇ ਕਾਫ਼ਲੇ ਵਿਚ, ਪੇਸ਼ੀ ਭੁਗਤਣ ਲਈ ਹਰਿਆਣੇ ਦੇ ਪੰਚਕੂਲਾ ਵਿਚ ਢੁੱਕਾ ਸੀ ਤੇ ਇਕ ਬੇਹੱਦ ਈਮਾਨਦਾਰ, ਫ਼ਰਜ਼-ਸ਼ੱਨਾਸ ਅਤੇ ਭਾਰਤ ਮਾਂ ਦੇ ਸੱਚੇ ਸਪੁੱਤਰ ਜੱਜ ਨੇ ਓਸ ਨੂੰ ਵੀਹ ਸਾਲ ਬਾ-ਮੁਸ਼ੱਕਤ ਕੈਦ ਦੀ ਸਜ਼ਾ ਇਸ ਗੁਨਾਹ ਬਦਲੇ ਸੁਣਾਈ ਸੀ ਕਿਉਂਕਿ ਓਸ ਨੇ ਆਪਣੀਆਂ ਭੋਲੀਆਂ ਭਾਲੀਆਂ, ਸ਼ਰਧਾ-ਗੁੱਧੀਆਂ ਤੇ ਭਰੋਸਾ ਕਰਨ ਵਾਲੀਆਂ ਚੇਲੀਆਂ ਦਾ ਸਤ ਭੰਗ ਕੀਤਾ ਸੀ। ਉਪਰੋਂ ਹੇਠਾਂ ਵੱਲ ਆਏ ਇਸ ਮਾਮਲੇ ਨਾਲ, ਇੱਕ ਵਾਰ ਤਾਂ ਜ਼ਮੀਨ ਆਸਮਾਨ ਨੂੰ ਵੀ ਲੰਗਾਰ ਆ ਗਏ ਸਨ। ਦਰਅਸਲ, ਓਸ ਪੇਸ਼ੀ ਵੇਲੇ ਵੀ, ਪਾਖੰਡੀ ਸਾਧ ਨੂੰ ਇਸ ਵਿਸ਼ਵਾਸ ਵਿਚ ਅਦਾਲਤ ਵਿਚ ਲਿਆਂਦਾ ਗਿਆ ਸੀ ਕਿ ਓਸਦਾ ਕੇਸਾ ਰਫ਼ਾ-ਦਫ਼ਾ ਕਰ ਦਿੱਤਾ ਜਾਵੇਗਾ ਪਰ ''ਕੂੜਿ ਨਿਖੁਟੇ ਨਾਨਕਾ ਓੜਕਿ ਸਚਿ ਰਹੀ'' ਦੇ ਮਹਾਂਵਾਕ ਅਨਸਾਰ, ਇਸ ਵਾਰ ਸੱਚ ਦਾ ਚੰਦਰਮਾ ਚੜ੍ਹ ਚੁੱਕਾ ਸੀ ਜਿਸ ਕਰਕੇ ਕੂੜ-ਕੁਸੱਤ ਦੀਆਂ ਕੰਧਾਂ ਧੜੰਮ ਕਰਕੇ ਡਿਗ ਗਈਆਂ।

ਸਭ ਤੋਂ ਵੱਡਾ ਅਚੰਭਾ ਤੇ ਦੁੱਖ ਇਹ ਹੈ ਕਿ 'ਵਧੀਆ ਆਚਰਣ' ਤੇ 'ਚੰਗੇ ਕਿਰਦਾਰ' ਕਾਰਨ, ਜਿਹੜਾ ਸੰਗੀਨ ਦੋਸ਼ੀ, ਅੱਜ ਤੱਕ 14 ਵਾਰ ਪੈਰੋਲ ਤੇ ਫਰਲੋ (2017 ਉਪਰੰਤ) ਮਾਣ ਚੁੱਕਾ ਹੋਵੇ, ਵੀਡੀਓ ਕਾਨਫਰੰਸਿੰਗ ਰਾਹੀਂ ਡੇਰਾ ਪ੍ਰੇਮੀਆਂ ਨੂੰ ਸੰਬੋਧਨ ਕਰਨ ਦੀ ਖੁੱਲ੍ਹ ਰੱਖਦਾ ਹੋਵੇ ਤੇ ਇੱਥੋਂ ਤੱਕ ਕਿ ਨਾ ਸਿਰਫ਼ ਆਪਣੇ ਡੇਰੇ ਦਾ ਸਥਾਪਨਾ ਦਿਹਾੜਾ ਮਨਾਉਣ ਲਈ ਆ ਚੁੱਕਿਆ ਹੋਵੇ ਬਲਕਿ 15 ਅਗਸਤ ਨੂੰ ਆਪਣੇ ਜਨਮ ਦਿਨ ਨੂੰ (ਆਪਣੇ ਪ੍ਰੇਮੀਆਂ ਨਾਲ ਮਨਾਉਣ ਲਈ) ਜੇਲੋਂ ਬਾਹਰ ਭੇਜਿਆ ਗਿਆ ਹੋਵੇ, ਐਸੇ 'ਖੁਸ਼ਨਸੀਬ' ਕੈਦੀ ਬਾਰੇ ਸੁਣ, ਪੜ੍ਹ ਤੇ ਜਾਣ ਕੇ ਇਨਸਾਫ਼-ਪਸੰਦ, ਦੇਸ਼ ਭਗਤ ਅਤੇ ਸੱਚੇ ਸੁੱਚੇ ਦੇਸ਼ ਵਾਸੀਆਂ ਦੀਆਂ ਅੱਖਾਂ ਵਿਚ ਖ਼ੂਨ ਦੇ ਹੰਝੂ ਆ ਜਾਣੇ ਬਹੁਤ ਸਾਧਾਰਨ ਗੱਲ ਹੈ। ਦੂਜੇ ਪਾਸੇ, ਰਾਜੋਆਣਾ ਦੇ ਭਰਾ ਦੀ ਅੰਤਿਮ ਅਰਦਾਸ ਮੌਕੇ, ਦੋ ਤਿੰਨ ਘੰਟਿਆਂ ਦੀ ਪੈਰੋਲ 'ਤੇ ਇਕ ਹੋਰ ਬੰਦੀ ਸਿੰਘ ਦੀ ਭਤੀਜੀ ਦੀ ਸ਼ਾਦੀ ਮੌਕੇ ਵੀ ਕੁਝ ਘੰਟਿਆਂ ਦੀ 'ਆਜ਼ਾਦੀ' ਕੀ ਦਰਸਾਉਂਦੀ ਹੈ? ਇਹੀ ਕਿ ਬੰਦੀ ਸਿੰਘਾਂ ਨਾਲ ਰੱਜ ਕੇ ਵਿਤਕਰਾ, ਪੱਖਪਾਤ ਤੇ ਕਹਿਰੀਲਾ ਸਲੂਕ ਕੀਤਾ ਜਾ ਰਿਹਾ ਹੈ, ਕਿ ਇਨ੍ਹਾਂ ਲਈ ਅਜੇ ਕੋਈ 'ਸਮਰੱਥ ਅਥਾਰਿਟੀ' ਹੋਂਦ ਵਿਚ ਨਹੀਂ ਆਈ। ਕੀ ਪ੍ਰੋ. ਭੁੱਲਰ ਦਾ ਜੇਲ੍ਹ ਅੰਦਰਲਾ ਆਚਰਣ ਮਾੜਾ ਰਿਹਾ ਹੈ? ਕੀ ਜੇਲ੍ਹ ਦੀ ਕਾਲ ਕੋਠੜੀ (ਚੱਕੀ) ਵਿਚ ਦਹਾਕਿਆਂ ਤੋਂ ਬੰਦ ਰਾਜੋਆਣਾ ਦਾ ਕਿਰਦਾਰ ਵੀ ਭੈੜਾ ਹੈ? ਦੂਸਰੇ ਬੰਦੀਆਂ ਦੀ ਜਵਾਨੀ ਵੀ ਸਲਾਖਾਂ ਨੇ ਖਾ ਲਈ - ਆਪਣੇ ਪੰਥ, ਸਮਾਜ ਤੇ ਦੇਸ਼ ਲਈ ਕੀਤੀ ਇਹ ਸੇਵਾ ਕੀ ਕਰਨਲ ਪਰੋਹਿਤ, ਸਾਧਵੀ ਪਰੱਗਿਆ ਤੇ ਹੋਰ ਦੋਸ਼ੀਆਂ ਤੋਂ ਅਲੱਗ ਸੀ ਜਿਹੜੇ ਕੁਝ ਸਾਲ ਅਦਾਲਤੀ ਚੱਕਰਾਂ ਉਪਰੰਤ ਅੱਜ ਜ਼ਮਾਨਤਾਂ ਤੋਂ ਵੀ ਅਗਾਂਹ, ਆਜ਼ਾਦ ਕਰ ਦਿੱਤੇ ਗਏ ਹਨ ਤੇ ਪਾਕਿ, ਸਾਫ਼ ਹੋ ਕੇ ਸਨਮਾਨਜਨਕ ਜੀਵਨ ਵੀ ਜਿਉ ਰਹੇ ਹਨ। ਕੀ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਮੁਆਫ਼ੀ ਨਹੀਂ ਮਿਲੀ? ਕੀ ਬਿਲਕੀਸ ਬਾਨੋ ਦੇ ਬਲਾਤਕਾਰੀਆਂ ਤੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਕਾਤਲਾਂ ਨੂੰ ਬਹੁਤ ਛੇਤੀ ਰਿਹਾਅ ਨਹੀਂ ਸੀ ਕਰ ਦਿੱਤਾ ਗਿਆ? ਦੋਬਾਰਾ ਕੇਸ ਖੁੱਲਣ ਤੇ ਇਸ ਸੰਗੀਨ ਜੁਰਮ ਵਿਚ ਸ਼ਾਮਲ ਅਪਰਾਧੀ ਮੁੜ ਸਲਾਖਾਂ ਪਿੱਛੇ ਡੱਕੇ ਗਏ - ਪਰਮਾਤਮਾ ਦੇ ਇਨਸਾਫ਼ ਦੀ ਚੱਕੀ ਪੀਹਦੀ ਬਾਰੀਕ ਹੈ ਭਾਵੇਂ ਚਲਦੀ ਹੌਲੀ-ਹੌਲੀ ਹੈ ਪਰ ਸਾਡਾ ਫੋਕਸ ਤਾਂ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ 'ਚ ਬੰਦ ਸਾਡੇ ਬੰਦੀ ਸਿੰਘ ਹਨ ਜਿਨ੍ਹਾਂ ਨੇ ਪੰਥ ਦੋਖੀਆਂ, ਦੁਸ਼ਟਾਂ 'ਤੇ ਬੇਰਹਿਮ ਆਕਾਵਾਂ ਦੀਆਂ ਆਪਹੁਦਰੀਆਂ ਨੂੰ ਬਰਦਾਸ਼ਤ ਨਾ ਕਰਦਿਆਂ ਅਜਿਹਾ ਕਰਨ ਲਈ ਮਜਬੂਰ ਹੋਣਾ ਪਿਆ। ਇਹ ਪੰਥਕ ਪਰੰਪਰਾਵਾਂ ਦੀ ਪਾਲਣਾ ਸੀ ਕਿਉਂਕਿ ਦੁਸਟਾਂ ਦਾ ਦਮਨ ਹੀ ਸਾਨੂੰ ਗੁਰੂ ਪਾਤਿਸ਼ਾਹੀਆਂ ਨੇ ਸਿਖਾਇਆ ਤੇ ਪੜ੍ਹਾਇਆ ਸੀ। ਉਹ ਆਪ ਚੌਦਾਂ-ਚੌਦਾਂ ਯੁੱਧ ਲੜ ਕੇ ਤੇ ਦਸ-ਦਸ ਲੱਖ ਮੁਗਲੀਅ ਫ਼ੌਜ ਨਾਲ ਟੱਕਰ ਲੈ ਕੇ ਧਰਮ-ਯੁੱਧਾਂ 'ਚ ਜੇਤੂ ਰਹੇ ਸਨ ਪਰ ਕਿਸੇ ਦੀ ਟੈਂ ਨਹੀਂ ਸੀ ਸਹਾਰੀ। ਹੱਕ, ਸੱਚ, ਇਨਸਾਫ਼, ਧਰਮ ਅਤੇ ਮਨੁੱਖਤਾ ਦੇ ਸਦੀਵੀ ਮੁੱਲਾਂ ਦੀ ਕਾਇਮੀ ਲਈ ਜੂਝਣਾ ਸਾਨੂੰ ਸਾਡੇ ਮਹਾਂਪੁਰਖਾਂ ਨੇ ਸਿਖਾਇਆ ਤੇ ਸਮਝਾਇਆ ਸੀ ਤੇ ਜ਼ੁਲਮ ਖ਼ਿਲਾਫ਼ ਡੱਟ ਜਾਣਾ ਸਾਡੀਆਂ ਰਗਾਂ ਵਿਚ ਪਾਇਆ ਸੀ।

ਦਸ ਪਾਤਿਸ਼ਾਹੀਆਂ ਵਲੋਂ ਇਸ ਦੇਸ਼ ਨੂੰ ਦਿੱਤੀ ਬੇਸ਼ਕੀਮਤੀ ਦੇਣ, ਗੌਰਵਮਈ ਸਭਿਆਚਾਰ, ਸ਼ਾਖਸੀ ਆਜ਼ਾਦੀ ਦੀ ਲਗਨ ਅਤੇ ਸਰਬੱਤ ਦੇ ਭਲੇ ਦੀ ਖੁੱਲੀ ਡੁੱਲੀ ਸੋਚ ਨੂੰ ਧਿਆਨਗੋਚਰ ਰੱਖਦਿਆਂ, ਸਾਡੇ ਸਾਰੇ ਬੰਦੀ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦੇਣਾ ਚਾਹੀਦਾ ਹੈ। ਢਾਈ ਸਾਲਾਂ ਤੋਂ ਚੰਡੀਗੜ੍ਹ ਦੀਆਂ ਬਰੂਹਾਂ 'ਤੇ ਲੱਗੇ ਕੌਮੀ ਇਨਸਾਫ਼ ਮੋਰਚੇ ਨੂੰ ਇਨਸਾਫ਼ ਤਾਂ ਹੀ ਮਿਲ ਸਕੂ ਜੇਕਰ ਓਸ ਦੈਵੀ ਮਹਾਂਪੁਰਖ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਮੌਕੇ, ਉਨ੍ਹਾਂ ਦੇ ਪੈਰੋਕਾਰਾਂ ਨੂੰ ਬਾਇਜ਼ਤ ਰਿਹਾਅ ਕੀਤਾ ਜਾਵੇ ਜਿਨ੍ਹਾਂ ਨੇ ਇਸ ਦੇਸ਼ ਦੇ ਹਿੰਦੂ ਭਾਈਚਾਰੇ ਦੇ ਰੱਖਿਅਕ ਹੁੰਦਿਆਂ, ਉਨ੍ਹਾਂ ਦੇ ਮਾਨਵੀ ਅਧਿਕਾਰਾਂ ਦੀ ਰਖਵਾਲੀ ਲਈ ਆਪਣਾ ਤੇ ਆਪਣੇ ਸਮੁੱਚੇ ਪਰਿਵਾਰ ਨੂੰ ਕੁਰਬਾਨ ਕਰ ਦਿੱਤਾ ਸੀ। 'ਭੈ ਕਾਹੂ ਕੋ ਦੇਤਿ ਨ, ਨਾ ਭੈ ਮਾਨਤ ਆਨ' ਦੀ ਮਹਾਨ ਸਿੱਖਿਆ ਨੂੰ ਅਮਲੀ ਜਾਮਾ ਪਹਿਨਾ ਕੇ, ਓਸ ਗੁਰੂ ਦੀ ਨਾਯਾਬ, ਲਾਮਿਸਾਲ, ਬੇਜੋੜ, ਅਦੁੱਤੀ ਅਤੇ ਅਜ਼ੀਮ ਸ਼ਹਾਦਤ ਦਾ ਮੁੱਲ ਚੁਕਾਇਆ ਜਾ ਸਕਦਾ ਹੈ।

ਨਿਰਸੰਦੇਹ, ਦੇਸ਼-ਵਿਦੇਸ਼ ਦੇ ਸਿੱਖ ਭਾਈਚਾਰੇ ਵਿਚ ਇਸ ਵੇਲੇ ਵੀ ਬੇਚੈਨੀ, ਨਿਰਾਸ਼ਾ, ਅਣਗੌਲਣਾ ਅਤੇ ਦੁਰਕਾਰੇ ਜਾਣ ਦਾ ਅਹਿਸਾਸ ਹੈ ਜੋ ਕਿ 1947 ਦੀ ਦੁੱਖਦਾਈ ਦੇਸ਼ ਵੰਡ ਦੇ ਸਮੇਂ ਤੋਂ ਲਗਾਤਾਰ ਪਨਪਦਾ ਆ ਰਿਹਾ ਹੈ। ਕੁੱਲ 2 ਫੀਸਦੀ ਆਬਾਦੀ ਵਾਲੀ ਜਾਬਾਜ਼ ਸਿੱਖ ਕੌਮ ਨੇ 85 ਫੀਸਦੀ ਯੋਗਦਾਨ ਦੇ ਕੇ, ਇਸ ਦੇਸ਼ ਦੀ ਤਕਦੀਰ ਤੇ ਤਸਵੀਰ ਭਾਵੇਂ ਬਦਲੀ ਪਰੰਤੂ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਕੁਝ ਨਹੀਂ ਕੀਤਾ ਗਿਆ। ਗ਼ੈਰਤਮੰਦ, ਅਣਖੀ, ਸੂਰਮੇ ਤੇ ਮਿਹਨਤੀ ਪੰਜਾਬੀਆਂ ਨੂੰ ਦੇਸ਼ ਦੇ ਹੋਰਨਾਂ ਲੋਕਾਂ ਵਰਗੀਆਂ ਸਹੂਲਤਾਂ, ਦਰਜਾ ਅਤੇ ਸਨਮਾਨ ਨਹੀਂ ਨਸੀਬ ਹੋਇਆ। ਇਸ ਇਤਿਹਾਸਕ ਸ਼ਹੀਦੀ ਸ਼ਤਾਬਦੀ ਮੌਕੇ ਸਾਰੇ ਗਿਲੇ ਸ਼ਿਕਵੇ, ਰੋਸ ਮਨੇਵੇਂ ਅਤੇ ਨਾਰਾਜ਼ਗੀਆਂ ਛੱਡ ਕੇ, ਸਰਕਾਰਾਂ ਨੂੰ ਸਿੱਖਾਂ ਨੂੰ ਕਲਾਵੇ 'ਚ ਲੈਣ ਦੀ ਫੌਰੀ ਲੋੜ ਹੈ। ਅਜਿਹਾ ਹੋਣ ਉਪਰੰਤ ਹੀ ਸਾਨੂੰ ਅਹਿਸਾਸ ਹੋ ਸਕੇਗਾ ਕਿ ਸਿੱਖਾਂ ਦੀ ਵੀ ਕੋਈ 'ਸਮਰੱਥ ਅਥਾਰਿਟੀ' ਹੈ।

-0-

# ਚੜ੍ਹਦੀ ਕਲਾ ਦੀ ਪ੍ਰਾਪਤੀ

**ਮੰਗਤ ਸਿੰਘ ਰਾਹੀ # 98882-91607**

**17 ਅਕਤੂਬਰ 1762 ਨੂੰ ਦਿਵਾਲੀ 'ਤੇ 60 ਹਜ਼ਾਰ ਸਿੰਘਾਂ ਦਾ ਅੰਮ੍ਰਿਤਸਰ ਇਕੱਠ ਹੋਇਆ। ਅਬਦਾਲੀ ਨੇ ਸੰਧੀ ਕਰਨ ਲਈ ਦੂਤ ਭੇਜਿਆ ਪਰ ਸਿੰਘਾਂ ਨੇ ਇਨਕਾਰ ਕਰ ਦਿੱਤਾ। ਅਬਦਾਲੀ ਫ਼ੌਜ ਲੈ ਕੇ ਅੰਮ੍ਰਿਤਸਰ ਆਇਆ ਤਾਂ ਸਿੰਘਾਂ ਨੇ ਦਿਨ ਭਰ ਕਰਾਰੇ ਹੱਥ ਦਿਖਾ ਕੇ ਪਠਾਣਾਂ ਨੂੰ ਭਾਂਜ ਦਿੱਤੀ ਤੇ ਲਾਹੌਰ ਤੱਕ ਪਿੱਛਾ ਕੀਤਾ। ਮਰਾਠਿਆਂ 'ਤੇ ਵਿਜੈ ਪਾਉਣ ਵਾਲੇ ਅਬਦਾਲੀ ਦੀ ਇਹ ਹਾਰ ਸਚੁਮੱਚ ਹੀ ਹੈਰਾਨੀ ਭਰੀ ਸੀ। ਅਖ਼ੀਰ ਖੁਆਜਾ ਅਬੀਦ ਖ਼ਾਂ ਨੂੰ ਲਾਹੌਰ ਦਾ ਹਾਕਮ ਤੇ ਕਾਬਲੀ ਮੱਲ ਨੂੰ ਦੀਵਾਨ ਥਾਪ ਕੇ ਦਸੰਬਰ 1762 ਵਿਚ ਉਹ ਆਪਣੇ ਵਤਨ ਅਫ਼ਗਾਨਿਸਤਾਨ ਨੂੰ ਮੁੜ ਗਿਆ। ਸਿੰਘਾਂ ਨੇ ਉਸ ਨੂੰ ਝਨਾਂ ਤੱਕ ਲੁੱਟਿਆ ਤੇ ਬਹੁਤ ਸਾਰੇ ਪਠਾਣਾਂ ਨੂੰ ਕੈਦੀ ਬਣਾ ਕੇ ਲਿਆਂਦਾ ਤੇ ਉਹਨਾਂ ਕੋਲੋਂ ਅੰਮ੍ਰਿਤਸਰ ਦੀ ਸਰੋਵਰ ਦੀ ਮਿੱਟੀ ਕਢਾਈ। ਇਹ ਸੀ ਚੜ੍ਹਦੀ ਕਲਾ ਜੋ ਸਿੱਖਾਂ ਨੇ ਨਿਰਭਉ ਪ੍ਰਭੂ ਦਾ ਜਾਪ ਕਰਦਿਆਂ, ਸਮਸਤ ਭੈਆਂ ਤੋਂ ਉੱਪਰ ਉਠ ਕੇ, ਨਿਰਭੈ ਹੋ ਕੇ, ਜ਼ਿੰਦਗੀ ਨਾਲ ਠੱਠਾ ਕਰਦੇ, ਦੁੱਖਾਂ ਤਕਲੀਫ਼ਾਂ ਦਾ ਮਜ਼ਾਕ ਉਡਾਉਂਦੇ, ਨਾਮ ਦੇ ਸੱਚ, ਸਤਿਨਾਮ ਦੇ ਆਸਰੇ ਪ੍ਰਾਪਤ ਕੀਤੀ ਸੀ।**

ਜਦੋਂ ਮਨੁੱਖ ਹਰ ਤਰਫੋਂ ਨਿਰਾਸ਼ ਹੋ ਜਾਵੇ, ਔਕੜਾਂ ਵਿਚ ਘਿਰੇ ਹੋਏ ਨੂੰ ਕੋਈ ਸਹਾਰਾ ਨਾ ਦਿਸਦਾ ਹੋਵੇ ਤੇ ਜੀਵਨ ਵਿਚ ਤਣਾਅ ਹੀ ਤਣਾਅ ਹੋਵੇ, ਤਾਂ ਉਸ ਵੇਲੇ ਹਰ ਇਨਸਾਨ ਬਦੋਬਦੀ ਉਸ ਮਾਲਕ-ਏ-ਕੁਲ-ਆਲਮ, ਪਰਮ-ਪਿਤਾ ਪਰਮੇਸ਼ਰ ਅੱਗੇ ਆਪਣੀ ਉਸ ਔਕੜ ਨੂੰ ਦੂਰ ਕਰਨ ਲਈ ਅਰਦਾਸ ਕਰਦਾ ਹੈ, ਉਸ ਦੇ ਸਿਮਰਨ ਵਿਚ ਜੁੜਦਾ ਹੈ। ਅਰਦਾਸ ਉਸ ਅੰਤਰਜਾਮੀ, ਸਰਬੱਤ ਦੇ ਰਖਵਾਲੇ ਦਾਤਾਰ ਪ੍ਰਭੂ ਦਾ ਸਹਾਰਾ ਭਾਲਣਾ ਹੈ। ਉਸ ਅਕਾਲ ਪੁਰਖ ਦੇ ਗੁਣਾਂ ਨੂੰ ਮਨ ਵਿਚ ਵਸਾ ਕੇ ਉਨ੍ਹਾਂ ਗੁਣਾਂ ਨੂੰ ਵਾਰ ਵਾਰ ਯਾਦ ਕਰਨਾ ਹੀ ਉਸਦੇ ਸਿਮਰਨ ਵਿਚ ਜੁੜਨਾ ਹੈ। ਇਸ ਨਾਮ ਸਿਮਰਨ ਕਰਕੇ ਹੀ ਮਨੁੱਖ ਵਿਚ ਚੜ੍ਹਦੀ ਕਲਾ ਆ ਸਕਦੀ ਹੈ। ਚੜ੍ਹਦੀ ਕਲਾ ਦਾ ਭਾਵ ਹੈ—ਵਾਹਿਗੁਰੂ ਨਾਲ ਜੁੜ ਕੇ ਉਹ ਸ਼ਕਤੀ ਹਾਸਲ ਕਰਨੀ, ਜਿਸ ਨਾਲ ਮਨੁੱਖ ਦੁੱਖ ਸੁਖ ਤੇ ਹਰ ਦਸ਼ਾ ਵਿਚ ਉਤਸ਼ਾਹੀ, ਆਸ਼ਾਵਾਦੀ ਤੇ ਦ੍ਰਿੜ੍ਹ ਵਿਸ਼ਵਾਸੀ ਹੋ ਕੇ ਰਹੇ। ਕੋਈ ਤਣਾਅ ਜਾਂ ਪਰੇਸ਼ਾਨੀ ਉਸ ਦੇ ਨੇੜੇ ਨਾ ਫਟਕ ਸਕੇ।


ਚੜ੍ਹਦੀ ਕਲਾ ਵਿਚ ਨਿਰਭੈਤਾ, ਨਿਰਵੈਰਤਾ, ਆਤਮ ਗੌਰਵ ਤੇ ਆਤਮ ਸੰਪੰਨਤਾ ਦਾ ਸਦ-ਅਨੰਦ ਵਰਤਦਾ ਹੈ। ਇਹ ਹਾਲਾਤ ਤੋਂ ਨਹੀਂ ਬਣਦੀ, ਇਹ ਤਾਂ ਹਾਲਾਤ ਨੂੰ ਚੁਨੌਤੀ ਦੇ ਕੇ ਵਿਚਰਦੀ ਹੈ। ਭਾਵੇਂ ਸੰਗ ਸਖਾ ਸਭ ਤਜ ਜਾਣ, ਇਸਦਾ ਧੀਰਜ ਬਲਵਾਨ ਰਹਿੰਦਾ ਹੈ। ਚੜ੍ਹਦੀ ਕਲਾ ਕਿਸੇ ਔਕੜ ਨੂੰ ਔਕੜ ਨਹੀਂ ਮੰਨਦੀ। ਹਰ ਔਕੜ ਨਾਲ ਟਿਚਕਰਾਂ ਕਰਦੀ ਇਕ ਅਜੀਬ ਅਡੋਲਤਾ ਵਿਚ ਵਿਚਰਦੀ ਹੈ। ਨਿਰਭੈਤਾ ਇਸਦਾ ਮੂਲ ਗੁਣ ਹੁੰਦਾ ਹੈ। ਮੌਤ ਨਾਲ ਵੀ ਇਹ ਮਖ਼ੌਲ ਕਰਦੀ ਹੈ। ਇਹ ਤਾਂ ਅਨੰਤ ਖੁਸ਼ੀਆਂ ਦਾ ਘਰ ਹੈ, ਜਿੱਥੇ ਸੋਗ ਜਾਂ ਤਣਾਅ ਦਾ ਨਾਮ-ਨਿਸ਼ਾਨ ਵੀ ਨਹੀਂ ਹੁੰਦਾ। ਇਹ ਤਾਂ "ਸਤਿ ਸੁਹਾਣੁ ਸਦਾ ਮਨਿ ਚਾਉ" ਦੀ ਅਵਸਥਾ ਹੈ। ਪਰ ਇਹ ਦਸ਼ਾ ਉਸ ਦੇ ਜੀਵਨ ਵਿਚ ਵਰਤਦੀ ਹੈ ਜੋ ਨਾਮ-ਰਸ ਵਿਚ ਭਿੱਜਾ ਹੋਵੇ, ਜੋ 'ਤਤ ਜੋਗ ਦਾ ਬੇਤਾ' ਹੋਵੇ।

ਭਾਣਾ ਤਾਂ ਹਰ ਕੋਈ ਮੰਨਦਾ ਹੈ, ਕਿਉਂਕਿ ਮੰਨਣਾ ਪੈਂਦਾ ਹੈ। ਪਰ, ਭਾਣੇ ਨੂੰ ਮਿੱਠਾ ਕਰਕੇ ਉਹੋ ਮੰਨਦਾ ਹੈ, ਜਿਸਦੀ ਆਤਮਾ ਨਾਮ ਵਿਚ ਰੰਗੀ ਹੁੰਦੀ ਹੈ ਤੇ ਜੋ ਸਦਾ ਚੜ੍ਹਦੀ ਕਲਾ ਵਿਚ ਵਿਚਰਦਾ ਹੈ- ਨਾਮ ਦੀ ਚੜ੍ਹਦੀ ਕਲਾ ਵਿਚ।

ਨਾਮ ਸਿਮਰਨ ਵਾਲਾ ਹੀ ਖੋਪਰੀ ਉਤਰਵਾ ਸਕਦਾ ਹੈ। ਨਾਮ ਦੀ ਠੰਡ ਦੇ ਸਹਾਰੇ ਤੋਂ ਬਿਨਾਂ ਕੋਈ ਨਾ ਦੇਗ ਵਿਚ ਉਬਲ ਸਕਦਾ ਹੈ, ਨਾ ਤੱਤੀ ਰੇਤ ਪਵਾ ਸਕਦਾ ਹੈ, ਨਾ ਤੱਤੀ ਲੋਹ ਉੱਪਰ ਆਸਣ ਲਾ ਸਕਦਾ ਹੈ। ਸ਼ਰਾਬੀ ਦੀ ਚੜ੍ਹਦੀ ਕਲਾ ਕਿਸ ਤਰ੍ਹਾਂ ਹੋਵੇਗੀ? ਅਫ਼ੀਮਚੀ ਦੀ ਵੀ ਢਹਿੰਦੀ ਕਲਾ ਹੀ ਹੁੰਦੀ ਹੈ। ਜੁਆਰੀ ਦੀ ਭੀ ਜੇ ਚੜ੍ਹਦੀ ਕਲਾ ਹੋ ਜਾਏ ਤਾਂ ਫਿਰ ਢਹਿੰਦੀ ਕਲਾ ਕਿਸ ਦੀ ਹੋਣੀ ਹੈ?

ਮੈਨੂੰ ਇਸ ਗੱਲ 'ਤੇ ਫ਼ਖ਼ਰ ਹੈ ਕਿ ਮੈਂ ਉਸ ਬਿਰਾਦਰੀ ਵਿਚੋਂ ਹਾਂ ਜਿਸ ਨੇ ਮੁਗ਼ਲਾਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ, ਪਠਾਣਾਂ ਦੇ ਮੂੰਹ ਮੋੜ ਦਿੱਤੇ। 10 ਦਸੰਬਰ 1710 ਈ. ਨੂੰ ਮੁਗ਼ਲ ਸਰਕਾਰ ਵਲੋਂ ਸ਼ਾਹੀ ਫ਼ੁਰਮਾਨ ਹੋਇਆ ਕਿ "ਜਿੱਥੇ ਕਿਤੇ ਵੀ ਗੁਰੂ ਨਾਨਕ ਦੇ ਪੈਰੋਕਾਰ ਮਿਲਣ, ਜਾਨੋਂ ਮਾਰ ਦਿੱਤੇ ਜਾਣ।" ਅਗਲੇ ਪੰਜਾਹ ਸਾਲ ਤੱਕ ਇਸ ਉੱਤੇ ਅਮਲ ਹੁੰਦਾ ਰਿਹਾ। ਘਰ ਵਿਚ ਮੁਗ਼ਲ ਹਕੂਮਤ ਵੈਰੀ ਸੀ, ਬਾਹਰੋਂ ਅਬਦਾਲੀ ਹਮਲੇ ਕਰ ਰਿਹਾ ਸੀ। ਸਰਕਾਰ ਦੀਆਂ ਨਜ਼ਰਾਂ ਵਿਚ ਸਾਰੇ ਸਿੱਖ ਉਗਰਵਾਦੀ ਸਨ। ਹਰ ਥਾਂ ਤੂੰਬਿਆਂ ਵਾਂਗ ਉਡਾਏ ਜਾ ਰਹੇ ਸਨ। ਇਹਨਾਂ ਦੇ ਸਿਰ ਨੇਜ਼ਿਆਂ 'ਤੇ ਟੰਗ ਕੇ ਲਿਜਾਏ ਜਾ ਰਹੇ ਸਨ। ਜੰਗਲਾਂ ਵਿਚ ਭੁੱਖੇ-ਤਿਹਾਏ ਲੁਕਦੇ ਫਿਰਦੇ ਸਨ। ਪੱਤਾ ਪੱਤਾ ਸਿੱਖਾਂ ਦਾ ਵੈਰੀ ਸੀ। ਫਿਰ ਵੀ ਚੜ੍ਹਦੀ ਕਲਾ ਵਿਚ ਸਨ। ਭੁੱਜੇ ਛੋਲਿਆਂ ਨੂੰ ਬਦਾਮ, ਹੋਲਾਂ ਨੂੰ ਲਾਚੀਆਂ, ਸਾਗ ਨੂੰ ਸਬਜ਼ ਪੁਲਾਓ, ਛੋਲੀਏ ਨੂੰ ਸੌਗੀ, ਬੇਰਾਂ ਨੂੰ ਖੁਰਮਾਂ, ਡੇਲਿਆਂ ਨੂੰ ਬਿਦਾਨਾ, ਬਾਜਰੇ ਨੂੰ ਲਾਚੀਦਾਣਾ, ਫਾਕੇ ਨੂੰ ਲੰਗਰ ਮਸਤਾਨਾ ਆਖ ਕੇ ਸਭ ਮੁਸੀਬਤਾਂ ਨਾਲ ਟਿੱਚਰਾਂ ਕਰਦੇ ਫਿਰਦੇ ਸਨ। ਟੁੱਟੇ ਛੱਪਰ ਨੂੰ ਸ਼ੀਸ਼ ਮਹੱਲ, ਇਕ ਇਕੱਲਾ ਸਿੱਖ ਆਪਣੇ ਆਪ ਨੂੰ ਫ਼ੌਜ ਤੇ ਜੰਗਲ ਜਾਣ ਨੂੰ ਮੈਦਾਨ ਮਾਰਨਾ ਆਖਦੇ ਸਨ। ਹਰ ਸਿੰਘ ਦਾ ਡੇਰਾ ਛਾਉਣੀ ਤੇ ਹਰ ਬਾਲਕ ਭੁਜੰਗੀ ਸੀ। ਕੋਈ ਗੁਜ਼ਰ ਜਾਏ ਤਾਂ ਕਹਿੰਦੇ ਉਹ ਚੜ੍ਹਾਈ ਕਰ ਗਿਆ। ਇਹ ਸਾਰੇ ਸਿੰਘ ਬੋਲੇ ਉਹਨਾਂ ਦੀ ਚੜ੍ਹਦੀ ਕਲਾ ਦੇ ਸੂਚਕ ਸਨ।

1761 ਈ: ਵਿਚ ਪਾਨੀਪਤ ਦੇ ਮੈਦਾਨ



**ਚੜ੍ਹਦੀ ਕਲਾ ਵਿਚ ਨਿਰਭੈਤਾ, ਨਿਰਵੈਰਤਾ, ਆਤਮ ਗੌਰਵ ਤੇ ਆਤਮ ਸੰਪੰਨਤਾ ਦਾ ਸਦ-ਅਨੰਦ ਵਰਤਦਾ ਹੈ। ਇਹ ਹਾਲਾਤ ਤੋਂ ਨਹੀਂ ਬਣਦੀ, ਇਹ ਤਾਂ ਹਾਲਾਤ ਨੂੰ ਚੁਨੌਤੀ ਦੇ ਕੇ ਵਿਚਰਦੀ ਹੈ। ਭਾਵੇਂ ਸੰਗ ਸਖਾ ਸਭ ਤਜ ਜਾਣ, ਇਸਦਾ ਧੀਰਜ ਬਲਵਾਨ ਰਹਿੰਦਾ ਹੈ। ਚੜ੍ਹਦੀ ਕਲਾ ਕਿਸੇ ਔਕੜ ਨੂੰ ਔਕੜ ਨਹੀਂ ਮੰਨਦੀ।ਹਰ ਔਕੜ ਨਾਲ ਟਿਚਕਰਾਂ ਕਰਦੀ ਇਕ ਅਜੀਬ ਅਡੋਲਤਾ ਵਿਚ ਵਿਚਰਦੀ ਹੈ। ਨਿਰਭੈਤਾ ਇਸਦਾ ਮੂਲ ਗੁਣ ਹੁੰਦਾ ਹੈ। ਮੌਤ ਨਾਲ ਵੀ ਇਹ ਮਸ਼ੌਲ ਕਰਦੀ ਹੈ। ਇਹ ਤਾਂ ਅਨੰਤ ਖੁਸ਼ੀਆਂ ਦਾ ਘਰ ਹੈ, ਜਿੱਥੇ ਸੋਗ ਜਾਂ ਤਣਾਅ ਦਾ ਨਾਮ-ਨਿਸ਼ਾਨ ਵੀ ਨਹੀਂ ਹੁੰਦਾ।ਇਹ ਤਾਂ "ਸਤਿ ਸੁਹਾਣੁ ਸਦਾ ਮਨਿ ਚਾਉ" ਦੀ ਅਵਸਥਾ ਹੈ। ਪਰ ਇਹ ਦਸ਼ਾ ਉਸ ਦੇ ਜੀਵਨ ਵਿਚ ਵਰਤਦੀ ਹੈ ਜੋ ਨਾਮ-ਰਸ ਵਿਚ ਭਿੱਜਾ ਹੋਵੇ, ਜੋ 'ਤਤ ਜੋਗ ਦਾ ਬੇਤਾ' ਹੋਵੇ।**

ਅੰਦਰ ਅਹਿਮਦ ਸ਼ਾਹ ਅਬਦਾਲੀ ਹੱਥੋਂ ਮਰਾਠਿਆਂ ਦੀ ਬੁਰੀ ਤਰ੍ਹਾਂ ਹਾਰ ਹੋਈ ਤੇ ਅਬਦਾਲੀ ਨੇ ਮਰਾਠਿਆਂ ਦਾ ਲੱਕ ਬੁਰੀ ਤਰ੍ਹਾਂ ਤੋੜ ਦਿੱਤਾ ਸੀ।5 ਫਰਵਰੀ 1762 ਸ਼ੁੱਕਰਵਾਰ ਵਾਲੇ ਦਿਨ ਕੁਪ ਰਹੀੜੇ ਦੇ ਸਥਾਨ 'ਤੇ ਅਹਿਮਦਸ਼ਾਹ ਅਬਦਾਲੀ ਨਾਲ ਸਿੰਘਾਂ ਦਾ ਟਾਕਰਾ ਹੋਇਆ, ਜਿਸ ਵਿਚ 15-20 ਹਜ਼ਾਰ ਸਿੰਘਾਂ, ਸਿੰਘਣੀਆਂ ਤੇ ਬੱਚਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਸ਼ਹੀਦ ਹੋਏ ਸਿੰਘਾਂ ਦੇ ਪੰਜਾਹ ਗੱਡੇ ਲੱਦ ਕੇ ਲਾਹੌਰ ਲਿਜਾਏ ਗਏ।ਸ: ਜੱਸਾ ਸਿੰਘ ਆਹਲੂਵਾਲੀਆ ਨੂੰ 22 ਜ਼ਖਮ ਤੇ ਸ: ਚੜ੍ਹਤ ਸਿੰਘ ਨੂੰ 16 ਜ਼ਖ਼ਮ ਆਏ।ਪਰੰਤੂ ਬਾਵਜੂਦ ਇਤਨੇ ਭਾਰੀ ਸੰਕਟ ਤੇ ਇਤਨੇ ਵੱਡੇ ਜਾਨੀ ਅਤੇ ਮਾਲੀ ਨੁਕਸਾਨ ਦੇ ਸਿੰਘਇਹ ਆਖ ਰਹੇ ਸਨ ਕਿ ਖ਼ਾਲਸਾ ਘੱਲੂਘਾਰੇ ਦੀ ਅੱਗ ਵਿਚ ਪੈ ਕੇ ਸ਼ੁੱਧ ਕੁੰਦਨ ਹੋ ਗਿਆ ਹੈ।ਅਜਿਹੀ ਚੜ੍ਹਦੀ ਕਲਾ ਦੀ ਸਪਿਰਟ ਵਾਲੇ ਸਿੱਖ ਚੈਨ ਨਾਲ ਕਦੋਂ ਬੈਠ ਸਕਦੇ ਸਨ।ਇਤਿਹਾਸ ਗਵਾਹ ਹੈ ਕਿ ਅਬਦਾਲੀ ਨੇ ਮਰਾਠਿਆਂ ਦਾ ਅਜਿਹਾ ਲੱਕ ਤੋੜਿਆ ਕਿ ਉਹ ਮੁੜ ਕੇ ਉਠ ਨਾ ਸਕੇ, ਪਰੰਤੂ ਘੱਲੂਘਾਰੇ ਵਰਗੀ ਸਖ਼ਤ ਸੱਟ ਖਾ ਕੇ ਵੀ ਸਿੰਘ ਸੂਰਮੇ ਫਿਰ ਉਠੇ ਤੇ ਮਈ 1762 ਵਿਚ ਸਰਹੰਦ 'ਤੇ ਧਾਵਾ ਬੋਲ ਕੇ ਦੋਸ਼ੀਆਂ ਨੂੰ ਦੰਡ ਦਿੱਤਾ। 17 ਅਕਤੂਬਰ 1762 ਨੂੰ ਦਿਵਾਲੀ 'ਤੇ 60 ਹਜ਼ਾਰ ਸਿੰਘਾਂ ਦਾ ਅੰਮ੍ਰਿਤਸਰ ਇਕੱਠ ਹੋਇਆ। ਅਬਦਾਲੀ ਨੇ ਸੰਧੀ ਕਰਨ ਲਈ ਦੂਤ ਭੇਜਿਆ ਪਰ ਸਿੰਘਾਂ ਨੇ ਇਨਕਾਰ ਕਰ ਦਿੱਤਾ। ਅਬਦਾਲੀ ਫ਼ੌਜ ਲੈ ਕੇ ਅੰਮ੍ਰਿਤਸਰ ਆਇਆ ਤਾਂ ਸਿੰਘਾਂ ਨੇ ਦਿਨ ਭਰ ਕਰਾਰੇ ਹੱਥ ਦਿਖਾ ਕੇ ਪਠਾਣਾਂ ਨੂੰ ਭਾਂਜ ਦਿੱਤੀ ਤੇ ਲਾਹੌਰ ਤੱਕ ਪਿੱਛਾ ਕੀਤਾ। ਮਰਾਠਿਆਂ 'ਤੇ ਵਿਜੈ ਪਾਉਣ ਵਾਲੇ ਅਬਦਾਲੀ ਦੀ ਇਹ ਹਾਰ ਸਚੁਮੱਚ ਹੀ ਹੈਰਾਨੀ ਭਰੀ ਸੀ। ਅਖ਼ੀਰ ਖੁਆਜਾ ਅਬੀਦ ਖ਼ਾਂ ਨੂੰ ਲਾਹੌਰ ਦਾ ਹਾਕਮ ਤੇ ਕਾਬਲੀ ਮੱਲ ਨੂੰ ਦੀਵਾਨ ਥਾਪ ਕੇ ਦਸੰਬਰ 1762 ਵਿਚ ਉਹ ਆਪਣੇ ਵਤਨ ਅਫ਼ਗਾਨਿਸਤਾਨ ਨੂੰ ਮੁੜ ਗਿਆ। ਸਿੰਘਾਂ ਨੇ ਉਸ ਨੂੰ ਝਨਾਂ ਤੱਕ ਲੁੱਟਿਆ ਤੇ ਬਹੁਤ ਸਾਰੇ ਪਠਾਣਾਂ ਨੂੰ ਕੈਦੀ ਬਣਾ ਕੇ ਲਿਆਂਦਾ ਤੇ ਉਹਨਾਂ ਕੋਲੋਂ ਅੰਮ੍ਰਿਤਸਰ ਦੀ ਸਰੋਵਰ ਦੀ ਮਿੱਟੀ ਕਢਾਈ।




ਇਹ ਸੀ ਚੜ੍ਹਦੀ ਕਲਾ ਜੋ ਸਿੱਖਾਂ ਨੇ ਨਿਰਭਉ ਪ੍ਰਭੂ ਦਾ ਜਾਪ ਕਰਦਿਆਂ, ਸਮਸਤ ਭੈਆਂ ਤੋਂ ਉੱਪਰ ਉਠ ਕੇ, ਨਿਰਭੈ ਹੋ ਕੇ, ਜ਼ਿੰਦਗੀ ਨਾਲ ਠੱਠਾ ਕਰਦੇ, ਦੁੱਖਾਂ ਤਕਲੀਫ਼ਾਂ ਦਾ ਮਜ਼ਾਕ ਉਡਾਉਂਦੇ, ਨਾਮ ਦੇ ਸੱਚ, ਸਤਿਨਾਮ ਦੇ ਆਸਰੇ ਪ੍ਰਾਪਤ ਕੀਤੀ ਸੀ।

"ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ" ਦੁਆਰਾ ਗੁਰਮਤਿ ਆਸ਼ੇ ਨੂੰ ਬੜੇ ਸਪੱਸ਼ਟ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਅਕਾਲ ਪੁਰਖ ਦਾ ਨਾਮ ਜਪਣ ਨਾਲ ਮਨੁੱਖ ਦੀ ਮਨੋਬਿਰਤੀ ਚੜ੍ਹਦੀ ਕਲਾ ਭਾਵ ਆਤਮਕ ਸ਼ਕਤੀ ਵਾਲੀ ਬਣ ਜਾਂਦੀ ਹੈ। ਪ੍ਰਭੂ ਦਾ ਭਾਣਾ ਪ੍ਰਵਾਨ ਕਰ ਲੈਣ ਨਾਲ ਸਾਰੀ ਮਨੁੱਖਤਾ ਦਾ ਕਲਿਆਣ-ਭਲਾ ਹੁੰਦਾ ਹੈ।

ਚੜ੍ਹਦੀ ਕਲਾ ਉਹ ਬਿਰਤੀ ਹੈ ਜੋ ਫ਼ਿਕਰ ਫਾਕੇ ਤੋਂ ਪਰੇ, ਦੁੱਖਾਂ-ਕਲੇਸ਼ਾਂ ਤੋਂ ਉੱਪਰ, ਰੋਗ ਸੋਗ ਤੋਂ ਕੋਹਾਂ ਦੂਰ ਹੈ। ਕਹਿਣ ਨੂੰ ਤਾਂ ਕਈ ਮਨੁੱਖ ਆਪਣੇ ਆਪ ਨੂੰ ਚੜ੍ਹਦੀ ਕਲਾ ਵਾਲੇ ਕਹਿੰਦੇ ਹੋਣਗੇ, ਪਰ ਕੋਈ ਵਿਰਲੇ ਹੀ ਹੁੰਦੇ ਹਨ ਜਿਨ੍ਹਾਂ ਦੇ ਜੀਵਨ ਵਿਚੋਂ ਦੁੱਖ ਤੇ ਤਣਾਅ ਸਚਮੁੱਚ ਹੀ ਉਠ ਜਾਂਦਾ ਹੈ ਤੇ ਸਦਾ ਸੁਖ ਹੀ ਵਰਤਦਾ ਹੈ, ਬੁਰਾ ਕੁਝ ਵੀ ਨਹੀਂ ਹੁੰਦਾ, ਸਭ ਚੰਗਾ ਹੀ ਹੁੰਦਾ ਹੈ, ਸੋਗ ਕਿਧਰੇ ਦਿਸਦਾ ਹੀ ਨਹੀਂ, ਹਰ ਥਾਂ ਖੁਸ਼ੀ ਹੀ ਖੁਸ਼ੀ ਦਿਸਦੀ ਹੈ, ਹਾਰ ਕਦੇ ਹੁੰਦੀ ਹੀ ਨਹੀਂ, ਸਦਾ ਜਿੱਤ ਹੀ ਨਜ਼ਰ ਆਉਂਦੀ ਹੈ।

**ਕਹਨ ਕਹਾਵਨ ਕਉ ਕਈ ਕੇਤੈ॥**
**ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ॥ ਰਹਾਉ॥**

**ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥**
**ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥**
**ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ॥**

**(1302)**

ਇਹ ਚੜ੍ਹਦੀ ਕਲਾ ਪ੍ਰਾਪਤ ਹੁੰਦੀ ਹੈ ਪ੍ਰਭੂ ਦੇ ਨਾਮ ਸਿਮਰਨ ਨਾਲ, ਉਸ ਅਕਾਲ ਪੁਰਖ ਨਾਲ ਜੁੜਿਆਂ, ਉਸ ਪਰਮ-ਪਿਤਾ ਪਰਮਾਤਮਾ ਦੇ ਗੁਣਾਂ ਨੂੰ ਯਾਦ ਕੀਤਿਆਂ ਤੇ ਉਨ੍ਹਾਂ ਗੁਣਾਂ ਨੂੰ ਯਾਦ ਕਰਦਿਆਂ ਉਸ ਗੁਣੀ ਜਿਹਾ ਹੀ ਬਣ ਜਾਣ ਨਾਲ।ਕਿਉਂਕਿ ਪ੍ਰਭੂ ਦਾ ਨਾਮ ਹੀ ਸਭ ਸੁਖਾਂ ਦਾ ਮੂਲ ਹੈ ਤੇ ਇਹ ਨਾਮ ਸਿਮਰਨ ਕਰਨ ਵਾਲਿਆਂ ਦੇ ਹਿਰਦੇ ਵਿਚ ਵੱਸਦਾ ਹੈ:

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥**
**ਭਗਤ ਜਨਾ ਕੈ ਮਨਿ ਬਿਸ੍ਰਾਮ॥ (262)**

ਪਵਿੱਤਰ ਆਚਰਣ ਰੱਖਣ ਵਾਲੇ ਮਨੁੱਖ ਆਪਣੇ ਮਨ ਦੀ ਪਵਿੱਤਰਤਾ ਕਰਕੇ ਸਦਾ ਮਨੁੱਖਤਾ ਦੇ ਭਲੇ ਲਈ ਤਤਪਰ ਰਹਿੰਦੇ ਹਨ ਤੇ ਇਸ ਕਾਰਣ ਸੰਸਾਰ ਦੇ ਦੁੱਖ, ਕਲੇਸ਼ ਤੇ ਤਣਾਅ ਉਹਨਾਂ ਤੋਂ ਕੋਹਾਂ ਦੂਰ ਰਹਿੰਦੇ ਹਨ। ਸਦਾ ਯਾਦ ਰੱਖੀਏ ਕਿ ਪ੍ਰਭੂ ਦੇ ਨਾਮ ਜਪਣ ਤੇ ਪਵਿੱਤਰ ਆਚਰਣ ਰੱਖਣ ਵਾਲਾ ਧਰਮ ਹੀ ਸਾਰੇ ਧਰਮਾਂ ਨਾਲੋਂ ਚੰਗਾ ਹੈ:

**ਸਰਬ ਧਰਮ ਮਹਿ ਸ੍ਰੇਸਟ ਧਰਮੁ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**

**(266)**

ਇਸ ਚੜ੍ਹਦੀ ਕਲਾ ਦੀ ਪ੍ਰਾਪਤੀ ਕਰਕੇ ਹੀ ਮਨੁੱਖ ਤਣਾਅ ਤੋਂ ਸਦਾ ਲਈ ਮੁਕਤ ਹੋ ਕੇ ਸਦੀਵੀ ਅਨੰਦ ਦੇ ਸੁੱਖ ਨੂੰ ਭੋਗਦਾ ਹੈ।

-0-




## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐਪ ਕਰ ਸਕਦੇ ਹੋ।**

## ਕਿਤਾਬ ਸਮੀਖਿਆ

# ਗੁਰਬਾਣੀ ਦੇ ਚਾਨਣ ਵਿਚ ਮਨੁੱਖੀ ਮਨ




ਸਤਿਕਾਰਯੋਗ ਸ: ਮੰਗਤ ਸਿੰਘ ਰਾਹੀ ਦੁਆਰਾ ਲਿਖੀ ਪੁਸਤਕ **ਗੁਰਬਾਣੀ ਦੇ ਚਾਨਣ ਵਿੱਚ ਮਨੁੱਖੀ ਮਨ** ਬਹੁਤ ਹੀ ਗਿਆਨ ਭਰਪੂਰ ਹੈ, ਰਾਹੀ ਸਾਹਿਬ ਜੀ ਨੇ ਬੜੀ ਮਿਹਨਤ ਨਾਲ ਗੁਰਬਾਣੀ ਦੀਆਂ ਉਹ ਤੁਕਾਂ ਇਕੱਠੀਆਂ ਕੀਤੀਆਂ ਹਨ, ਜਿਹੜੀਆਂ ਮਨੁੱਖ ਦੇ ਮਨ ਨਾਲ ਸਬੰਧਿਤ ਹਨ ਅਤੇ ਉਹ ਗੁਰਬਾਣੀ ਉਪਦੇਸ਼ ਜੋ ਮਨ ਨੂੰ ਹੁਲਾਰਾ ਦੇ ਕੇ ਆਪਣਾ ਆਪ ਗੁਰੂ ਤੋਂ ਵਾਰਨ ਨੂੰ ਤਿਆਰ ਕਰਦੇ ਹਨ। ਗੁਰੂ ਸਾਹਿਬ ਜੀ ਦੇ ਉਪਦੇਸ਼ ਮਨ ਵਿੱਚ ਧਾਰਨ ਕਰਨ ਤੋਂ ਬਾਅਦ ਕੀ ਤਬਦੀਲੀ ਆਉਂਦੀ ਹੈ। **ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥ (990)**

ਇਸ ਪੁਸਤਕ ਵਿੱਚ ਉਨ੍ਹਾਂ ਨੇ ਮਨ ਕੀ ਹੈ ਬਾਰੇ ਵਰਨਣ ਕਰਦਿਆਂ ਹੋਇਆਂ ਮਨ ਨੂੰ ਪੰਛੀ ਦੇ ਨਾਲ ਵੀ ਤੁਲਨਾ ਕਰਕੇ ਗੁਰਬਾਣੀ ਸੇਧ ਲਈ ਹੈ। **ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥ (990)** ਜੋ ਗੁਰਬਾਣੀ ਵਿਚ ਵਰਨਣ ਕੀਤਾ ਗਿਆ ਹੈ, ਸੌਖੇ ਸ਼ਬਦਾਂ ਵਿੱਚ ਪਾਠਕਾਂ ਸਾਹਮਣੇ ਰੱਖਿਆ ਹੈ। ਸੱਚਮੁੱਚ ਇਹ ਕਿਤਾਬ ਦਿਲ ਨੂੰ ਟੁੰਬਣ ਅਤੇ ਹਲੂਣਾ ਦੇਣ ਵਾਲੀ ਹੈ, ਕਿਉਂਕਿ ਜਦੋਂ ਇਸ ਪੁਸਤਕ ਨੂੰ ਪੜ੍ਹਨਾ ਸ਼ੁਰੂ ਕਰਦੇ ਹਾਂ ਤਾਂ ਦਿਲਚਸਪੀ ਬਣੀ ਰਹਿੰਦੀ ਹੈ। ਇਸ ਪੁਸਤਕ ਵਿੱਚ ਰਾਹੀ ਸਾਹਿਬ ਜੀ ਨੇ ਨਾਮ ਜਪਣਾ, ਵਿਕਾਰਾਂ ਤੋਂ ਬਚਣਾ ਅਤੇ ਸੁਚੱਜਾ ਜੀਵਨ ਜਿਊਣ ਲਈ ਮਨ ਦੀਆਂ ਵੱਖ-ਵੱਖ ਕਿਰਿਆਵਾਂ ਬਾਰੇ ਬਿਆਨ ਕੀਤਾ ਹੈ।

ਸ. ਮੰਗਤ ਸਿੰਘ ਜੀ ਰਾਹੀ ਦੇ ਵਿਚਾਰ ਬੜੇ ਹੀ ਸਰਲ ਅਤੇ ਭਾਵਪੂਰਵਕ ਹੁੰਦੇ ਹਨ, ਇਨ੍ਹਾਂ ਨਾਲ ਜ਼ਿਆਦਾ ਕਰਕੇ ਗੁਰਬਾਣੀ ਦੇ ਉਪਦੇਸ਼ ਦੀ ਵਿਚਾਰ ਹੁੰਦੀ ਰਹਿੰਦੀ ਹੈ। ਇਹਨਾਂ ਹੀ ਗੋਸ਼ਟੀਆਂ ਵਿਚੋਂ ਇਸ ਪੁਸਤਕ ਦਾ ਮੁੱਢ ਬੱਝਾ। ਭਾਈ ਸਾਹਿਬ ਜੀ ਨੇ ਬੜੀ ਮਿਹਨਤ ਸਦਕਾ ਪੁਸਤਕ ਦਾ ਖਰੜਾ ਤਿਆਰ ਕੀਤਾ।

ਇਹਨਾਂ ਦੀ ਪੁਸਤਕ **ਗੁਰਬਾਣੀ ਵਿੱਚ ਆਏ ਪਸ਼ੂ, ਪੰਛੀ ਅਤੇ ਬਨਸਪਤੀ ਦੇ ਬਿੰਬ** ਵਿੱਚ ਅਰਥ ਭਰਪੂਰ ਜਾਣਕਾਰੀ ਦਿੱਤੀ ਗਈ ਹੈ ਅਤੇ ਪੁਸਤਕ ਦੀ ਸਫਲਤਾ ਤੋਂ ਬਾਅਦ ਮਨ ਵਿੱਚ ਉੱਠੇ ਵੀਚਾਰਾਂ ਨੇ ਮਨ ਸੰਬੰਧੀ ਪੁਸਤਕ ਲਿਖਣ ਨੂੰ ਉਤਸ਼ਾਹ ਦਿੱਤਾ ਹੈ।

ਹਥਲੀ ਪੁਸਤਕ **ਗੁਰਬਾਣੀ ਦੇ ਚਾਨਣ ਵਿੱਚ ਮਨੁੱਖੀ ਮਨ** ਬਹੁਤ ਮਿਹਨਤ ਸਦਕਾ ਸੰਪੂਰਨ ਹੋਈ ਹੈ। ਇਸ ਪੁਸਤਕ ਨੂੰ ਵੀਚਾਰ ਕੇ ਪੜ੍ਹਨ ਨਾਲ ਅਕਾਲ ਪੁਰਖ ਨਾਲ ਸਦੀਵੀ ਸਾਂਝ ਪਾਉਣ ਦੀ ਜਾਚ ਆਉਂਦੀ ਹੈ।

ਆਸ ਕਰਦੇ ਹਾਂ ਕਿ ਸ. ਮੰਗਤ ਸਿੰਘ ਜੀ ਰਾਹੀ ਵਲੋਂ ਤਿਆਰ ਕੀਤੀ ਪੁਸਤਕ ਕੌਮ ਨੂੰ ਸੇਧ ਪ੍ਰਦਾਨ ਕਰੇਗੀ। ਮੰਗਤ ਸਿੰਘ ਜੀ 'ਰਾਹੀ' ਇਸ ਨਿਵੇਕਲੇ ਉਦਮ ਲਈ ਵਧਾਈ ਦੇ ਪਾਤਰ ਹਨ। ਮੈਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ ਕਿ ਰਹਿੰਦੀ ਉਮਰ ਵੀ ਇਸੇ ਤਰ੍ਹਾਂ ਲਿਖਦੇ ਹੋਏ ਕੌਮੀ ਕਾਰਜਾਂ ਦੇ ਲੇਖੇ ਲਾਉਣ।


**ਨੋਟ–** ਇਹ ਪੁਸਤਕ **ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ** ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਕੈਪਟਨ ਅਵਤਾਰ ਸਿੰਘ ਪਰਿੰਗੜੀ
ਸੰਪਾਦਕ ਗੁਰਮਤਿ ਵਿਰਸਾ
ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਲੁਧਿਆਣਾ

# ਵਿਟਾਮਿਨ 'ਸੀ' ਅਤੇ ਤੁਹਾਡੀ ਸਿਹਤ

**ਡਾ. ਸੋਨੀ ਮਲਹੋਤਰਾ**

ਵਿਟਾਮਿਨ ਸੀ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਹੈ। ਇਹ ਕੋਲੇਜਨ ਨਾਮਕ ਇਕ ਪ੍ਰੋਟੀਨ ਦੇ ਨਿਰਮਾਣ ਵਿਚ ਸਹਾਇਕ ਹੁੰਦਾ ਹੈ। ਇਹ ਪ੍ਰੋਟੀਨ ਹੱਡੀਆਂ, ਮਾਸਪੇਸ਼ੀਆਂ ਅਤੇ ਖ਼ੂਨ ਦੀਆਂ ਨਾੜੀਆਂ ਦੇ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ, ਪਰ ਵਿਟਾਮਿਨ 'ਸੀ' ਦਾ ਸੇਵਨ ਜ਼ਰੂਰੀ ਮਾਤਰਾ ਤੋਂ ਬਹੁਤ ਘੱਟ ਕੀਤਾ ਜਾਂਦਾ ਹੈ। ਇਸ ਲਈ ਵਿਟਾਮਿਨ 'ਸੀ' ਦਾ ਕਾਫੀ ਮਾਤਰਾ ਵਿਚ ਸੇਵਨ ਬਹੁਤ ਜ਼ਰੂਰੀ ਹੈ।




ਸੰਤਰੇ ਵਿਚ ਸਭ ਤੋਂ ਵਧੇਰੇ ਵਿਟਾਮਿਨ 'ਸੀ' ਦੀ ਮਾਤਰਾ ਪਾਈ ਜਾਂਦੀ ਹੈ। ਵਿਟਾਮਿਨ 'ਸੀ' ਦੇ ਸੇਵਨ ਲਈ ਇਹ ਵੀ ਜ਼ਰੂਰੀ ਹੈ ਕਿ ਖਾਣ ਵਾਲੇ ਪਦਾਰਥ ਪਕਾਉਂਦੇ ਸਮੇਂ, ਸਟੋਰ ਕਰਦੇ ਸਮੇਂ ਇਹ ਧਿਆਨ ਰੱਖੋ ਕਿ ਵਿਟਾਮਿਨ 'ਸੀ' ਨਸ਼ਟ ਨਾ ਹੋਵੇ। ਇਸ ਲਈ ਕੱਚੇ ਫਲ ਅਤੇ ਸਬਜ਼ੀਆਂ ਦਾ ਸੇਵਨ ਵਧੇਰੇ ਕਰੋ। ਇਹੀ ਨਹੀਂ, ਫਲਾਂ ਅਤੇ ਸਬਜ਼ੀਆਂ ਨੂੰ ਘੱਟ ਤੋਂ ਘੱਟ ਪਾਣੀ ਵਿਚ ਉਬਾਲੋ, ਭਾਫ ਵਿਚ ਪਕਾਉ ਅਤੇ ਇਨ੍ਹਾਂ ਦੇ ਪਕਾਉਣ ਦਾ ਸਮਾਂ ਵੀ ਘੱਟ ਰੱਖੋ।




# ਐਮੇਜ਼ੌਨ ਵਰਖਾ ਵਣ

-ਬੂਟਾ ਸਿੰਘ ਵਾਕਫ 98762-24461

ਸੰਸਾਰ ਪ੍ਰਸਿੱਧ ਨਦੀ ਐਮੇਜ਼ੌਨ ਤੇ ਉਸ ਦੀਆਂ ਸਹਾਇਕ ਨਦੀਆਂ ਵੱਲੋਂ ਘੇਰੇ ਗਏ ਭੂ-ਭਾਗ ਨੂੰ ਐਮੇਜ਼ੌਨ ਘਾਟੀ ਕਿਹਾ ਜਾਂਦਾ ਹੈ। ਇਹ ਘਾਟੀ ਲਗਪਗ 70 ਲੱਖ ਵਰਗ ਕਿਲੋਮੀਟਰ ਖੇਤਰ ਵਿਚ ਫੈਲੀ ਹੋਈ ਹੈ ਜੋ ਦੱਖਣੀ ਅਮਰੀਕਾ ਮਹਾਂਦੀਪ ਦਾ ਕਰੀਬ 40 ਫ਼ੀਸਦੀ ਹਿੱਸਾ ਬਣਦੀ ਹੈ। ਇਸ ਖੇਤਰ ਵਿਚ ਪਾਏ ਜਾਣ ਵਾਲੇ ਰੁੱਖਾਂ ਨੂੰ ਐਮੇਜ਼ੌਨ ਵਰਖਾ ਵਣਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਵਰਖਾ ਵਣ ਖੇਤਰ ਐਮੇਜ਼ੌਨ ਘਾਟੀ ਦੇ ਆਲੇ ਦੁਆਲੇ ਫੈਲਿਆ ਹੋਇਆ ਹੈ। ਘਾਟੀ ਦੇ ਕਰੀਬ 55 ਲੱਖ ਵਰਗ ਕਿਲੋਮੀਟਰ ਦੇ ਰਕਬੇ ਵਿਚ ਕੇਵਲ ਵਰਖਾ ਵਣ ਹੀ ਪਾਏ ਜਾਂਦੇ ਹਨ। ਇਸ ਖੇਤਰ ਵਿਚ ਵਧੇਰੇ ਤਰ ਚੌੜੇ ਪੱਤਿਆਂ ਵਾਲੇ ਨਮੀ ਨੂੰ ਸਾਂਭ ਕੇ ਰੱਖਣ ਵਾਲੇ ਵਣ/ਰੁੱਖ ਮਿਲਦੇ ਹਨ। ਇਹ ਵਣ ਵਰਖਾ ਲਿਆਉਣ ਵਿਚ ਸਹਾਈ ਹੁੰਦੇ ਹਨ, ਇਸੇ ਕਰਕੇ ਇਨ੍ਹਾਂ ਨੂੰ ਵਰਖਾ ਵਣ ਆਖਦੇ ਹਨ। ਇਸ ਵਣ ਖੇਤਰ ਨੇ ਬ੍ਰਾਜ਼ੀਲ ਦਾ ਕਰੀਬ 60 ਪ੍ਰਤੀਸ਼ਤ ਭੂ-ਭਾਗ ਮੱਲਿਆ ਹੋਇਆ ਹੈ, ਜਦੋਂ ਕਿ ਨਾਲ ਲੱਗਦੇ 8 ਦੇਸ਼ਾਂ ਪੇਰੂ, ਕੋਲੰਬੀਆ, ਵੈਨਜ਼ੁਏਲਾ, ਬੋਲੀਵੀਆ, ਐਕੂਆਡੋਰ, ਗੁਆਨਾ, ਸਰੀਨੇਮ ਤੇ ਫਰਾਂਸ ਵਿਚ ਵੀ ਇਸ ਵਣ ਖੇਤਰ ਦਾ ਵਿਸਥਾਰ ਹੈ। ਸੰਸਾਰ ਦੇ ਕੁੱਲ ਵਰਖਾ ਵਣਾਂ ਦਾ ਕਰੀਬ ਅੱਧਾ ਹਿੱਸਾ ਵਰਖਾ ਵਣ ਇਸੇ ਖੇਤਰ ਵਿਚ ਪਾਏ ਜਾਂਦੇ ਹਨ। ਇੱਥੇ ਸੰਸਾਰ ਵਿਚ ਮਿਲਣ ਵਾਲੀਆਂ ਪ੍ਰਜਾਤੀਆਂ ਵਿਚੋਂ ਸਭ ਤੋਂ ਵੱਧ ਪ੍ਰਜਾਤੀਆਂ ਦੇ ਪੇੜ ਪੌਦੇ ਪਾਏ ਜਾਂਦੇ ਹਨ।

ਇਸ ਵਣ ਖੇਤਰ ਦਾ ਨਿਰਮਾਣ ਕਰੀਬ 55 ਮਿਲੀਅਨ ਸਾਲ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ। ਉਸ ਸਮੇਂ ਦੱਖਣੀ ਅਮਰੀਕਨ ਪਲੇਟ ਅਤੇ ਨਾਜ਼ਾਕਾ ਪਲੇਟ ਦੇ ਆਪਸੀ ਟਕਰਾਓ ਕਾਰਨ ਐਂਡੀਜ ਪਰਬਤਾਂ ਦਾ ਨਿਰਮਾਣ ਹੋਇਆ। ਐਂਡੀਜ ਪਰਬਤਾਂ ਦੇ ਨਿਰਮਾਣ ਅਤੇ ਬ੍ਰਾਜ਼ੀਲੀਅਨ ਤੇ ਗੀਨੀਆ ਬੈਡਰਾਕ ਸ਼ੀਟ ਦੇ ਆਪਸੀ ਮੇਲ ਕਾਰਨ ਐਮੇਜ਼ੌਨ ਘਾਟੀ ਦਾ ਨਿਰਮਾਣ ਹੋਇਆ। ਇਸ ਪ੍ਰਕਾਰ ਘਾਟੀ ਦੇ ਨਿਰਮਾਣ ਦੀ ਇਹ ਪ੍ਰਕਿਰਿਆ ਪੂਰੀ ਹੋਣ 'ਤੇ ਲੱਖਾਂ ਸਾਲ ਲੱਗੇ। ਐਮੇਜ਼ੌਨ ਵਰਖਾ ਵਣ ਖੇਤਰ ਦੀ ਜੈਵਿਕ ਵਿਭਿੰਨਤਾ ਵਿਸ਼ਾਲ ਹੈ। ਇੱਥੇ 2.5 ਮਿਲੀਅਨ ਤੋਂ ਵਧੇਰੇ ਕੀਟ ਪਤੰਗਿਆਂ ਤੇ ਜੀਵ ਜੰਤੂਆਂ ਦੀਆਂ ਪ੍ਰਜਾਤੀਆਂ ਮਿਲਦੀਆਂ ਹਨ। ਦਸ ਹਜ਼ਾਰ ਤੋਂ ਵਧੇਰੇ ਰੁੱਖਾਂ ਦੀਆਂ ਪ੍ਰਜਾਤੀਆਂ ਮਿਲਦੀਆਂ ਹਨ। ਇਹ ਵਣ ਖੇਤਰ ਦੋ ਹਜ਼ਾਰ ਦੇ ਕਰੀਬ ਪੰਛੀਆਂ ਤੇ ਜਾਨਵਰਾਂ ਦੀਆਂ ਪ੍ਰਜਾਤੀਆਂ ਦਾ ਰੈਣ ਬਸੇਰਾ ਹੈ। ਇੱਥੇ ਵਗਦੀਆਂ ਨਦੀਆਂ ਵਿਚ ਵੀ ਦੋ ਹਜ਼ਾਰ ਦੇ ਕਰੀਬ ਮੱਛੀਆਂ ਦੀਆਂ ਪ੍ਰਜਾਤੀਆਂ ਮਿਲਦੀਆਂ ਹਨ। ਇੱਥੇ ਸਾਧਾਰਨ ਜਾਨਵਰਾਂ ਤੋਂ ਇਲਾਵਾ ਭਾਂਤ-ਭਾਂਤ ਦੇ ਰੰਗ-ਬਿਰੰਗੇ ਪੰਛੀ, ਬਹੁਤ ਸਾਰੇ ਖ਼ੂੰਖਾਰ, ਹਮਲਾਵਰ ਤੇ ਜ਼ਹਿਰੀਲੇ ਜਾਨਵਰ ਵੀ ਪਾਏ ਜਾਂਦੇ ਹਨ।



ਇਹ ਵਣ ਖੇਤਰ ਇੱਥੇ ਵਸਣ ਵਾਲੇ ਲੋਕਾਂ ਲਈ ਸਦੀਆਂ ਤੋਂ ਰੁਜ਼ਗਾਰ ਦਾ ਸਾਧਨ ਹੈ। ਇੱਥੇ ਰਬੜ ਤੋਂ ਇਲਾਵਾ ਪਾਮ ਫ਼ਲ, ਬ੍ਰਾਜ਼ੀਲੀ ਅਖਰੋਟ ਤੇ ਗੰਭੀਰ ਮਨੁੱਖੀ ਬਿਮਾਰੀਆਂ ਦਾ ਇਲਾਜ ਕਰਨ ਲਈ ਬੇਸ਼ੁਮਾਰ ਜੜੀਆਂ ਬੂਟੀਆਂ ਮਿਲਦੀਆਂ ਹਨ। ਵਰਖਾ ਲਿਆਉਣ ਵਿਚ ਸਹਾਈ ਹੋਣ ਕਰਕੇ 90 ਤੋਂ 140 ਮਿਲੀਅਨ ਟਨ ਕਾਰਬਨ ਨੂੰ ਸਾਂਭਣ ਵਾਲੇ ਅਤੇ ਕੁੱਲ ਦੁਨੀਆਂ ਦਾ 20 ਫ਼ੀਸਦੀ ਆਕਸੀਜਨ ਦੇਣ ਵਾਲੇ ਇਸ ਖੇਤਰ ਨੂੰ ਧਰਤੀ ਦੇ ਫੇਫੜੇ ਕਹਿ ਕੇ ਨਿਵਾਜਿਆ ਜਾਂਦਾ ਹੈ। ਭੂ-ਮੱਧ ਰੇਖਾ ਦੇ ਨੇੜੇ ਹੋਣ ਕਰਕੇ ਇਸ ਖੇਤਰ ਵਿਚ ਸੂਰਜ ਦੀ ਰੌਸ਼ਨੀ ਸਾਰਾ ਸਾਲ ਲਗਪਗ ਸਿੱਧੀ ਪੈਂਦੀ ਹੈ ਜਿਸ ਕਾਰਨ ਇਸ ਖੇਤਰ ਦਾ ਤਾਪਮਾਨ ਦੂਸਰੇ ਊਸ਼ਣ ਕਟੀਬੰਧ ਖੇਤਰਾਂ ਵਾਂਗ ਗਰਮ ਤੇ ਨਮੀ ਭਰਪੂਰ ਹੈ। ਇਹ ਸੂਰਜੀ ਰੌਸ਼ਨੀ ਤੇ ਵਰਖਾ ਸਾਰਾ ਸਾਲ ਇਸ ਖੇਤਰ ਦੇ ਪੌਦਿਆਂ ਦੇ ਵਾਧੇ ਤੇ ਵਿਕਾਸ ਲਈ ਲਾਹੇਵੰਦ ਸਾਬਤ ਹੁੰਦੀ ਹੈ। ਆਰਥਿਕ ਦ੍ਰਿਸ਼ਟੀ ਤੋਂ ਇਹ ਵਣ ਖੇਤਰ ਵਪਾਰੀਆਂ ਤੇ ਆਮ ਲੋਕਾਂ ਲਈ ਲਾਹੇਵੰਦ ਹੋਣ ਕਰਕੇ ਇਸ ਖੇਤਰ ਦਾ ਉਜਾੜਾ ਲਗਾਤਾਰ ਜਾਰੀ ਹੈ। ਪਿਛਲੇ 40 ਸਾਲਾਂ ਵਿਚ ਹੀ ਇਸ ਖੇਤਰ ਦਾ ਕਰੀਬ 20 ਪ੍ਰਤੀਸ਼ਤ ਹਿੱਸਾ ਉਜਾੜਿਆ ਜਾ ਚੁੱਕਾ ਹੈ। 2003 ਵਿਚ ਇਨ੍ਹਾਂ ਵਣਾਂ ਦਾ 9 ਹਜ਼ਾਰ ਵਰਗ ਮੀਲ ਤੋਂ ਵਧੇਰੇ ਖੇਤਰ ਕੱਟਿਆ ਜਾ ਚੁੱਕਾ ਹੈ। ਇਕੱਲੇ ਬ੍ਰਾਜ਼ੀਲ ਵਿਚ ਯੂਰੋਪੀਅਨ ਨਿਵੇਸ਼ਵਾਦੀਆਂ ਨੇ ਹੁਣ ਤਕ 90 ਹਜ਼ਾਰ ਤੋਂ ਵਧੇਰੇ ਵਣ ਪ੍ਰਜਾਤੀਆਂ ਦਾ ਸਫਾਇਆ ਕਰ ਦਿੱਤਾ ਹੈ। ਇੱਥੇ ਰਬੜ ਦੇ ਰੁੱਖ ਮਿਲਦੇ ਹੋਣ ਕਰਕੇ ਇਹ ਰੁੱਖ ਰਬੜ ਦਾ ਵਪਾਰ ਕਰਨ ਵਾਲੇ ਵਪਾਰੀਆਂ ਦੇ ਨਿਸ਼ਾਨੇ 'ਤੇ ਹਨ। ਹਰ ਸਾਲ ਲੱਖਾਂ ਰੁੱਖ ਇਨ੍ਹਾਂ ਦੀ ਬਲੀ ਚੜ੍ਹਦੇ ਹਨ। ਇਸ ਤੋਂ ਇਲਾਵਾ ਖੇਤੀ ਤੇ ਰਿਹਾਇਸ਼ ਲਈ ਜ਼ਮੀਨ ਦੀ ਵਰਤੋਂ ਵੀ ਇਨ੍ਹਾਂ ਰੁੱਖਾਂ ਦੇ ਉਜਾੜੇ ਦਾ ਕਾਰਨ ਬਣ ਰਹੀ ਹੈ। ਇਹ ਉਜਾੜਾ ਇਸ ਖੇਤਰ ਦੀ ਜੈਵਿਕ ਵਿਭਿੰਨਤਾ ਲਈ ਖ਼ਤਰੇ ਦਾ ਸੰਕੇਤ ਹੈ।

ਪਿਛਲੇ ਕਈ ਸਾਲਾਂ ਤੋਂ ਇਸ ਖੇਤਰ ਵਿਚ ਲਗਾਤਰ ਅੱਗ ਲੱਗਦੀ ਆ ਰਹੀ ਹੈ। ਇਸ ਸਾਲ ਵੀ ਇੱਥੇ ਭਿਆਨਕ ਅੱਗ ਲੱਗੀ ਹੋਈ ਹੈ। ਭਾਵੇਂ ਇਸਦਾ ਕਾਰਨ ਖੁਸ਼ਕ ਮੌਸਮ ਦੱਸਿਆ ਜਾ ਰਿਹਾ ਹੈ, ਪਰ ਇਸ ਪਿੱਛੇ ਕਿਸੇ ਸਾਜ਼ਿਸ਼ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਨੂੰ ਕਾਬੂ ਕਰਨਾ ਔਖਾ ਹੁੰਦਾ ਜਾ ਰਿਹਾ ਹੈ। ਇਸ ਨਾਲ ਵਣ ਖੇਤਰ ਵਿਚ ਰਹਿਣ ਵਾਲੇ ਬਹੁਤੇ ਪਸ਼ੂ, ਪੰਛੀਆਂ ਤੇ ਕੀਟ ਪਤੰਗਿਆਂ ਦਾ ਉਜਾੜਾ ਵੀ ਹੋ ਰਿਹਾ ਹੈ। ਹਰ ਸਾਲ ਲੱਗਣ ਵਾਲੀ ਅੱਗ ਕਾਰਨ ਇਸ ਖੇਤਰ ਦਾ ਕਰੀਬ 640 ਮਿਲੀਅਨ ਏਕੜ ਖੇਤਰ ਪ੍ਰਭਾਵਿਤ ਹੋਇਆ ਹੈ। ਜੇਕਰ ਇਸ ਨੂੰ ਫੌਰੀ ਤੌਰ 'ਤੇ ਨਾ ਰੋਕਿਆ ਗਿਆ ਤਾਂ ਭਵਿੱਖ ਵਿਚ ਗ੍ਰੀਨ ਹਾਊਸ ਪ੍ਰਭਾਵ 'ਤੇ ਇਸ ਦਾ ਸਿੱਧਾ ਅਸਰ ਪਵੇਗਾ। ਜਿਸ ਨਾਲ ਧਰਤੀ ਦਾ ਤਾਪਮਾਨ ਵਧੇਗਾ। -0-

# ਨੇਕੀ ਦੀ ਹੈ ਜਿੱਤ ਯਕੀਨੀ

**ਸੁਰਿੰਦਰ ਸਿੰਘ ਕਰਮ ਲਧਾਣਾ 98146-81444**

ਪਿਆਰੇ ਬੱਚਿਓ! 'ਦੂਜਿਆਂ ਦਾ ਬੁਰਾ ਚਾਹੁਣ ਵਾਲੇ ਹਮੇਸ਼ਾ ਹਾਰਦੇ ਆਏ ਹਨ ਅਤੇ ਭਲਾ ਚਾਹੁਣ ਵਾਲੇ ਹਮੇਸ਼ਾ ਜਿੱਤਦੇ ਹਨ' ਦੀ ਸਚਾਈ ਨੂੰ ਸਿੱਧ ਕਰਦੀ ਇਸ ਕਹਾਣੀ ਵਿਚ ਇਕ ਵਾਰ ਇਕ ਬੇਈਮਾਨ ਅਤੇ ਜ਼ਾਲਮ ਕਾਂ ਨੇ ਇਕ ਚਿੜੀ ਨਾਲ ਦੋਸਤੀ ਗੰਢ ਲਈ। ਇਕ ਦਿਨ ਉਹ ਚੋਗਾ ਚੁਗਣ ਵਾਸਤੇ ਇਕੱਠੇ ਘਰੋਂ ਨਿਕਲੇ। ਕਾਫੀ ਦੇਰ ਘੁੰਮਦੇ ਰਹੇ ਪਰ ਉਨ੍ਹਾਂ ਨੂੰ ਖਾਣ ਲਈ ਕੁਝ ਨਾ ਮਿਲਿਆ। ਮੰਦੀ ਨੀਤ ਵਾਲਾ ਕਾਂ ਬੇਹੱਦ ਭੁੱਖਾ ਸੀ। ਉਸ ਦਾ ਦਿਲ ਕਰੇ ਕਿ ਉਹ ਚਿੜੀ ਨੂੰ ਹੀ ਨੋਚ-ਨੋਚ ਕੇ ਖਾ ਲਵੇ ਅਤੇ ਆਪਣੀ ਭੁੱਖ ਮਿਟਾ ਲਵੇ। ਪਰ ਉਹ ਦੋਸਤੀ ਦੇ ਨਾਂਅ 'ਤੇ ਧੱਬਾ ਨਹੀਂ ਸੀ ਲਗਾਉਣਾ ਚਾਹੁੰਦਾ। ਇਸ ਕਰਕੇ ਉਹ ਆਪਣੀ ਜ਼ਾਲਮ ਸੋਚ ਨੂੰ ਦੌੜਾਉਂਦਾ ਹੋਇਆ ਚਿੜੀ ਨੂੰ ਖਾਣ ਦੇ ਬਹਾਨੇ ਲੱਭਣ ਲੱਗਾ।

ਅਚਾਨਕ ਕਾਂ ਨੇ ਦੇਖਿਆ ਕਿ ਇਕ ਘਰ ਦੀ ਛੱਤ ਉੱਤੇ ਹਰੀਆਂ ਮਿਰਚਾਂ ਸੁੱਕਣੀਆਂ ਪਾਈਆਂ ਹੋਈਆਂ ਹਨ। ਦੋਵਾਂ ਨੇ ਸੋਚਿਆ ਕਿ ਕਿਉਂ ਨਾ ਅੱਜ ਹਰੀਆਂ ਮਿਰਚਾਂ ਖਾ ਕੇ ਹੀ ਪੇਟ ਭਰ ਲਿਆ ਜਾਵੇ। ਪਰ ਕਾਂ ਦੀ ਨੀਤ ਤਾਂ ਪਹਿਲਾਂ ਹੀ ਬਦਨੀਤ ਹੋ ਚੁੱਕੀ ਸੀ। ਕਹਿਣ ਲੱਗਾ, 'ਅੱਜ ਤੇਰਾ-ਮੇਰਾ ਮਿਰਚਾਂ ਖਾਣ ਦਾ ਮੁਕਾਬਲਾ ਹੋ ਜਾਵੇ।' ਚਿੜੀ ਨੇ ਆਪਣੇ ਨੇਕੀ ਵਾਲੇ ਸੁਭਾਅ ਅਨੁਸਾਰ ਕਿਹਾ, 'ਮੈਂ ਮਿਰਚਾਂ ਖਾਣ ਵਿਚ ਤੇਰਾ ਮੁਕਾਬਲਾ ਨਹੀਂ ਕਰ ਸਕਦੀ।' ਕਾਂ ਚਲਾਕੀ ਨਾਲ ਬੋਲਿਆ, 'ਅੱਛਾ, ਤੂੰ ਮੇਰੇ ਨਾਲੋਂ ਅੱਧੀਆਂ ਮਿਰਚਾਂ ਖਾਈਂ।' ਚਿੜੀ ਮੰਨ ਗਈ। ਕਾਂ ਆਪਣੀ ਭੈੜੀ ਯੋਜਨਾ ਮੁਤਾਬਿਕ ਬੋਲਿਆ, 'ਜਿਹੜਾ ਜਿੱਤ ਗਿਆ, ਦੂਜਾ ਹਮੇਸ਼ਾ ਉਸ ਦਾ ਗੁਲਾਮ ਹੋ ਜਾਵੇਗਾ। ਜਿੱਤਣ ਵਾਲਾ ਹਾਰਨ ਵਾਲੇ ਨੂੰ ਭਾਵੇਂ ਖਾਵੇ, ਭਾਵੇਂ ਕੋਈ ਹੋਰ ਕੰਮ ਕਰਨ ਨੂੰ ਕਹੇ, ਹਾਰਨ ਵਾਲੇ ਨੂੰ ਮੰਨਣਾ ਪਵੇਗਾ।' ਭੋਲੀ ਚਿੜੀ ਨੇ ਫਿਰ ਹਾਮੀ ਭਰੀ, 'ਮਨਜ਼ੂਰ ਹੈ।' ਕਾਂ ਨੇ ਮੁਕਾਬਲੇ 'ਚ ਚਲਾਕੀ ਨਾਲ ਚਿੜੀ ਨੂੰ ਹਰਾ ਦਿੱਤਾ। ਕਾਂ ਬੋਲਿਆ, 'ਤੂੰ ਹੁਣ ਹਾਰ ਗਈ ਏਂ। ਤੂੰ ਮੇਰੀ ਗੁਲਾਮ ਏਂ। ਤੈਨੂੰ ਮੇਰਾ ਕਹਿਣਾ ਮੰਨਣਾ ਪਵੇਗਾ। ਇਸ ਕਰਕੇ ਮੈਨੂੰ ਬਹੁਤ ਸਖ਼ਤ ਭੁੱਖ ਲੱਗੀ ਹੋਈ ਹੈ। ਮੈਂ ਤੈਨੂੰ ਖਾਣਾ ਚਾਹੁੰਦਾ ਹਾਂ।' ਚਿੜੀ ਕਾਂ ਦੀ ਚਲਾਕੀ ਸਮਝ ਗਈ। ਉਹ ਬੋਲੀ, 'ਇਹ ਗੱਲ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਬੇਸ਼ੱਕ ਤੂੰ ਮੇਰਾ ਮਾਸ ਨੋਚ ਸਕਦਾ ਏਂ ਪਰ ਪਹਿਲਾਂ ਆਪਣੀ ਚੁੰਝ ਧੋ ਕੇ ਆ, ਇਹ ਬਹੁਤ ਗੰਦੀ ਹੈ। ਤੇਰੀ ਮਿਰਚਾਂ ਵਾਲੀ ਚੁੰਝ ਨਾਲ ਮੇਰਾ ਪਿੰਡਾ ਸੜੂੰ-ਸੜੂੰ ਕਰੇਗਾ।' ਕਾਂ ਵਿਚੋਂ ਖੁਸ਼ ਹੋ ਕੇ ਉੱਪਰੋਂ ਸ਼ਾਂਤੀ ਨਾਲ ਮੰਨ ਗਿਆ। ਉਹ ਚੁੰਝ ਧੋਣ ਲਈ ਉਥੋਂ ਉਡ ਗਿਆ।

ਜਦੋਂ ਉਹ ਨਦੀ ਦੇ ਪਾਣੀ ਵਿਚ ਆਪਣੀ ਚੁੰਝ ਧੋਣ ਲੱਗਾ ਤਾਂ ਨਦੀ ਨੇ ਉਸ ਨੂੰ ਝਿੜਕ ਦਿੱਤਾ। ਨਦੀ ਕਹਿੰਦੀ ਤੂੰ ਕਿਧਰੋਂ ਕਟੋਰਾ ਲੈ ਕੇ ਆ। ਫਿਰ ਮੈਂ ਤੈਨੂੰ ਆਪਣਾ ਪਾਣੀ ਦੇਵਾਂਗੀ। ਉਹ ਕਟੋਰਾ ਲੈਣ ਲਈ ਘੁਮਿਆਰ ਕੋਲ ਗਿਆ ਤਾਂ ਉਸ ਨੇ ਵੀ ਉਸ ਨੂੰ ਡਾਂਟ ਦਿੱਤਾ। ਉਸ ਨੇ ਕਿਹਾ ਕਿ ਉਹ ਕਟੋਰਾ ਤਾਂ ਦੇਵੇਗਾ ਜੇਕਰ ਉਹ ਉਸ ਲਈ ਮਿੱਟੀ ਪੁੱਟ ਕੇ ਲਿਆਵੇਗਾ। ਜਦੋਂ ਉਹ ਚੁੰਝ ਨਾਲ ਧਰਤੀ ਮਾਂ ਨੂੰ ਕੁਰੇਦਣ ਲੱਗਾ ਤਾਂ ਉਸ ਨੇ ਵੀ ਖੂਬ ਝਾੜ ਪਾਉਂਦਿਆਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਉਹ ਰੰਬਾ ਲਿਆਵੇ ਤਾਂ ਉਹ ਮਿੱਟੀ ਪੁੱਟਣ ਦੇਵੇਗੀ। ਗੰਦੀ ਚੁੰਝ ਨਾਲ ਮਿੱਟੀ ਨਹੀਂ ਪੁੱਟਣ ਦੇਵੇਗੀ। ਰੰਬਾ ਮੰਗਣ ਲਈ ਉਹ ਲੁਹਾਰ ਕੋਲ ਗਿਆ ਤਾਂ ਅੱਗੋਂ ਲੁਹਾਰ ਨੇ ਵੀ ਸ਼ਰਤ ਰੱਖ ਦਿੱਤੀ ਕਿ ਪਹਿਲਾਂ ਉਹ ਭੱਠੀ ਮਘਾਉਣ ਲਈ ਕਿਧਰੋਂ ਅੱਗ ਲਿਆਵੇ ਤਾਂ ਉਸ ਨੂੰ ਰੰਬਾ ਦੇਵੇਗਾ। ਅੱਗ ਲੈਣ ਲਈ ਕਾਂ ਇਕ ਘਰ 'ਚ ਜਾ ਕੇ ਘਰ ਦੀ ਸੁਆਣੀ ਨੂੰ ਬੇਨਤੀ ਕਰਨ ਲੱਗਾ। ਸੁਆਣੀ ਬਹੁਤ ਨੇਕਦਿਲ ਸੀ। ਉਹ ਬੋਲੀ ਕਿ ਅੱਜ ਤੂੰ ਮੇਰੇ ਕੋਲੋਂ ਲੈ ਜਾ ਪਰ ਤੂੰ ਕਿਸ ਤਰ੍ਹਾਂ ਅੱਗ ਲਿਜਾਵੇਂਗਾ? ਕਾਂ ਖੁਸ਼ ਹੋ ਕੇ ਕਹਿੰਦਾ, 'ਤੂੰ ਅੱਗ ਮੇਰੀ ਪਿੱਠ ਉੱਤੇ ਬੰਨ੍ਹ ਦੇ।' ਸੁਆਣੀ ਨੇ ਅੱਗ ਦਾ ਕੋਲਾ ਉਹਦੀ ਪਿੱਠ ਉੱਤੇ ਬੰਨ੍ਹ ਦਿੱਤਾ ਅਤੇ ਉਹ ਅੱਗ ਲੈ ਕੇ ਉਡਣ ਲੱਗਾ। ਥੋੜ੍ਹੀ ਦੂਰ ਜਾ ਕੇ ਕਾਂ ਦੇ ਖੰਭਾਂ ਨੂੰ ਅੱਗ ਲੱਗ ਗਈ ਤੇ ਉਹ ਸੜਦਾ-ਭੁੱਜਦਾ ਚਿੜੀ ਕੋਲ ਆਣ ਡਿਗਿਆ। ਸਾਰਾ ਸਰੀਰ ਸੜਨ ਕਰਕੇ ਕਾਂ ਮਰ ਗਿਆ।

# ਬੁਝਾਰਤਾਂ

ਪਿਆਰੇ ਬੱਚਿਓ!

**1.** ਨਾ ਉਸ ਦੀ ਮਾਂ, ਨਾ ਉਸ ਦਾ ਬਾਪ, ਦਿਨ-ਰਾਤ ਫਿਰੇ ਅਵਾਰਾ।

**2.** ਉੱਪਰੋਂ ਕੰਡੇ, ਵਿਚੋਂ ਆਂਡੇ। **3.** ਇਕ ਬੰਦੇ ਦੇ ਸੱਠ ਝੱਗੇ।

**4.** ਤੂੰ ਚੱਲ ਮੈਂ ਆਇਆ। **5.** ਇੰਨੀ ਕੁ ਹੱਡੀ, ਧਰਤੀ ਵਿਚ ਗੱਡੀ।

(1) ਹਵਾ, (2) ਅਲੀਚੀ, (3) ਗੰਢਾ, (4) ਦਰਵਾਜ਼ਾ, (5) ਮੂਲੀ।

# ਅਹਿਮ ਗੱਲਾਂ

- ਜ਼ਿੰਦਗੀ ਦਾ ਅਸਲੀ ਸੋਮਾ ਵਿੱਦਿਆ ਹੈ।
- ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ।
- ਧੋਖਾ ਖਾਣਾ ਮੂਰਖਤਾ ਦਾ ਕੰਮ ਨਹੀਂ, ਧੋਖਾ ਦੇਣਾ ਬੇਈਮਾਨਾਂ ਦਾ ਕੰਮ ਹੈ।
- ਧਨ ਇਕੱਠਾ ਕਰਨ ਵਾਲਾ ਆਦਮੀ ਆਪਣੇ ਨਾਲ ਦੁੱਖ ਵੀ ਇਕੱਠੇ ਕਰਦਾ ਹੈ।
- ਕਿਸੇ ਦਾ ਦਿਲ ਦੁਖਾਉਣ ਨਾਲੋਂ ਵੱਡਾ ਪਾਪ ਕੋਈ ਨਹੀਂ ਹੁੰਦਾ।
- ਸਿਆਣਾ ਆਦਮੀ ਜ਼ਿਆਦਾ ਨਹੀਂ ਬੋਲਦਾ।
- ਵੱਡਿਆਂ ਦਾ ਆਦਰ ਕਰੋ, ਛੋਟਿਆਂ ਨਾਲ ਪਿਆਰ ਕਰੋ।

# ਮੀਟ੍ਰਿਕ ਪ੍ਰਣਾਲੀ ਦੀ ਦਿਲਚਸਪ ਕਹਾਣੀ

**ਪਰਮਜੀਤ ਸਿੰਘ ਨਿੱਕੇ ਘੁੰਮਣ # 97816-46008**

ਪਿਆਰੇ ਬੱਚਿਓ, ਤੁਸੀਂ ਸਭ ਨੇ ਗਣਿਤ ਵਿਸ਼ੇ ਦੀਆਂ ਪੁਸਤਕਾਂ ਵਿਚ ਸੈਂਟੀਮੀਟਰ ਜਾਂ ਮੀਟਰ ਦੇ ਰੂਪ ਵਿਚ ਮਾਪੀਆਂ ਜਾਣ ਵਾਲੀਆਂ ਵਸਤਾਂ ਜਾਂ ਥਾਵਾਂ ਬਾਰੇ ਜ਼ਰੂਰ ਪੜ੍ਹਿਆ ਹੋਵੇਗਾ ਪਰ ਇਹ ਮੀਟਰ ਤੇ ਸੈਂਟੀਮੀਟਰ ਕਿਵੇਂ ਬਣੇ ਤੇ ਕਿਸ ਨੇ ਬਣਾਏ, ਇਸ ਸਬੰਧੀ ਆਓ ਕੁਝ ਦਿਲਚਸਪ ਤੱਥਾਂ ਦੇ ਰੂਬਰੂ ਹੋਈਏ-

ਮੀਟਿਕ ਪ੍ਰਣਾਲੀ ਦੀ ਕਾਢ ਫਰਾਂਸ ਵਿਖੇ ਕੱਢੀ ਗਈ ਸੀ। ਇਸ ਕਾਢ ਦਾ ਮੁੱਢ ਉਦੋਂ ਬੱਝਿਆ ਸੀ ਜਦੋਂ ਸੰਨ 1790 ਵਿਚ ਫਰਾਂਸ ਦੀ ਨੈਸ਼ਨਲ ਅਸੈਂਬਲੀ ਨੇ ਲੰਬਾਈ, ਚੌੜਾਈ ਜਾਂ ਦੂਰੀ ਮਾਪਣ ਹਿਤ ਉਚਿਤ ਮਾਪਕ ਯੂਨਿਟ ਲੱਭਣ ਦੀ ਜ਼ਿੰਮੇਵਾਰੀ ਪੈਰਿਸ ਦੀ 'ਅਕੈਡਮੀ ਆਫ ਸਾਇੰਸਜ਼' ਨੂੰ ਸੌਂਪ ਦਿੱਤੀ। ਉਪਰੋਕਤ ਅਕੈਡਮੀ ਦੀ ਇਕ ਕਮੇਟੀ ਨੇ ਦਸ਼ਮਲਵ ਪ੍ਰਣਾਲੀ ਦੀ ਵਰਤੋਂ ਕਰਦਿਆਂ ਪਰਿਭਾਸ਼ਾ ਦਿੱਤੀ ਕਿ ਪ੍ਰਿਥਵੀ ਦੇ ਪੋਲ ਤੋਂ ਲੈ ਕੇ ਭੂ-ਮੱਧ ਰੇਖਾ ਤੱਕ ਦੀ ਦੂਰੀ ਦੇ ਕੁਝ ਹਿੱਸੇ ਨੂੰ ਮੀਟਰ ਕਿਹਾ ਜਾਵੇਗਾ।

ਇਸ ਦਾ ਭਾਵ ਇਹ ਸੀ ਕਿ ਪ੍ਰਿਥਵੀ ਦਾ ਘੇਰਾ 40 ਮਿਲੀਅਨ ਮੀਟਰ ਦੇ ਬਰਾਬਰ ਹੋਵੇਗਾ। ਮੀਟਰ ਨੂੰ ਪਰਿਭਾਸ਼ਤ ਕਰਨ ਵਾਲੀ ਕਮੇਟੀ ਦੇ ਮੁੱਖ ਮੈਂਬਰ ਜੀਨ ਚਾਰਲਸ ਬੋਰਡਾ (1733-1799), ਜੌਸਫ ਲੈਗਰੇਂਜ (1736-1813), ਪੀ. ਐੱਸ. ਲੈਪਲੇਸ (1749-1827), ਗਾਸਪਰਡ ਮੋਂਗਾ (1746-1818) ਅਤੇ ਮੈਰੀ ਜੀਨ ਕੈਰੀਟੈਟ (1743-1794) ਨਾਮਕ ਪ੍ਰਸਿੱਧ ਗਣਿਤ ਸ਼ਾਸਤਰੀ ਸਨ।

ਬੱਚਿਓ, 'ਮੀਟਰ' ਸ਼ਬਦ ਯੂਨਾਨੀ ਭਾਸ਼ਾ ਦੇ ਲਫਜ਼ 'ਮੀਟਰੌਨ' ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੁੰਦਾ ਹੈ 'ਮਾਪਣਾ'। ਮੀਟਿਕ ਪ੍ਰਣਾਲੀ ਦੀ ਉਪਰੋਕਤ ਪਰਿਭਾਸ਼ਾ ਨੂੰ ਫਰਾਂਸ ਵਿਚ 1 ਅਗਸਤ, 1793 ਨੂੰ ਕਾਨੂੰਨੀ ਮਾਨਤਾ ਪ੍ਰਦਾਨ ਕਰ ਦਿੱਤੀ ਗਈ ਸੀ। ਇਸ ਤੋਂ ਠੀਕ 167 ਸਾਲ ਬਾਅਦ ਭਾਵ ਸੰਨ 1960 ਵਿਚ ਮੀਟਰ ਨੂੰ ਕ੍ਰਿਪਟਨ-86 ਦੀ ਸੰਤਰੀ-ਲਾਲ ਰੇਡੀਏਸ਼ਨ ਦੀ 16,50,763.73 ਵੇਵਲੈਂਥ ਦੇ ਸਮਾਨ ਦੱਸਿਆ ਗਿਆ, ਜਦੋਂ ਕਿ ਸੰਨ 1983 ਵਿਚ ਮੀਟਰ ਨੂੰ ਪੁਨਰ-ਪਰਿਭਾਸ਼ਤ ਕਰਦਿਆਂ ਹੋਇਆਂ ਪ੍ਰਕਾਸ਼ ਦੁਆਰਾ ਖਲਾਅ (ਵੈਕਿਊਮ) ਵਿਚ ਇਕ ਸਕਿੰਟ ਅੰਦਰ ਤੈਅ ਕੀਤੀ ਦੂਰੀ ਦੇ 1/29,97,92,458 ਭਾਗ ਵਜੋਂ ਦਰਸਾਇਆ ਗਿਆ ਸੀ।

ਪਿਆਰੇ ਬੱਚਿਓ, ਭਾਵੇਂ ਕਿ 'ਗ੍ਰਾਮ' ਨੂੰ ਭਾਰ ਦੀ ਇਕਾਈ ਵਜੋਂ ਜਾਣਿਆ ਜਾਂਦਾ ਹੈ ਪਰ ਇਹ ਵੀ ਕਿਹਾ ਜਾਂਦਾ ਹੈ ਕਿ ਇਕ ਨਿਸਚਿਤ ਤਾਪਮਾਨ 'ਤੇ ਸ਼ੁੱਧ ਪਾਣੀ ਦੇ ਇਕ ਕਿਊਬਿਕ ਸੈਂਟੀਮੀਟਰ ਦਾ 'ਪੁੰਜ' ਇਕ 'ਗ੍ਰਾਮ' ਹੁੰਦਾ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 2

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ ਪੰਥ ਦੇ ਵਿਚਾਰਨਯੋਗ ਮਸਲੇ ਅਤੇ ਸਮਾਧਾਨ

ਇਸ ਪੁਸਤਕ ਵਿੱਚ ਜਪੁ-ਜੀ ਦੀਆਂ "ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ **ਉਤਰਸੁ** ਖੇਹ॥" ਤੁਕਾਂ ਸਬੰਧੀ ਵੱਖ ਵੱਖ ਟੀਕਾਕਾਰਾਂ ਦੇ ਅਰਥ ਤੇ ਵਿਚਾਰ ਲਿਖਣ ਉਪਰੰਤ ਪੰਨਾ ੬੯ 'ਤੇ 'ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ' (ਪੰ. ੨੩੭) ਕਿਤਾਬ ਮੁਤਾਬਿਕ 'ਉਤਰਸੁ' ਪਾਠ ਬਾਰੇ ਡਾ. ਹਰਕੀਰਤ ਸਿੰਘ ਦੇ ਵਿਚਾਰ ਇੰਵ ਅੰਕਿਤ ਕੀਤੇ ਹਨ:

"ਗੁਰਬਾਣੀ ਵਿੱਚ ਕਰਮਣੀ ਰੂਪ ਵਾਲੇ ਪੜਨਾਵੀਂ ਪਿਛੇਤਰ ਵੀ ਮਿਲਦੇ ਹਨ। ਉਦਾਹਰਨ : ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥ (ਗੁਰੂ ਗ੍ਰੰਥ-ਪੰ. ੯੬੭)

ਏਥੇ 'ਸੁਧੋਸੁ' ਦਾ ਪਿਛੇਤਰ 'ਸੁ' ਕਰਮਣੀ ਪਿਛੇਤਰ ਹੈ, ਅਰਥ ਹਨ : ਜਦੋਂ ਉਸ (ਲਹਿਣੇ) ਨੂੰ ਸੋਧ ਲਿਆ ਅਥਵਾ ਪਰਖ ਲਿਆ ਤਾਂ ਉਸ ਨੇ ਅਰਥਾਤ ਗੁਰੂ ਨਾਨਕ ਨੇ ਲਹਿਣੇ ਨੂੰ ਟਿਕ ਲਿਆ (ਚੁਣ ਲਿਆ)। ਇਕ ਹੋਰ ਉਦਾਹਰਨ ਸਹਿਤ ਵੇਖਿਆ ਜਾਵੇ:

'ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ ਛੋਡਿ ਗਇਆ ਸਭ ਭਾਈ ਸਾਕੁ॥ {ਮਃ ੫, ਪੰਨਾ ੮੨੫}

'ਨ ਰਹਿਓਸੁ' ਦਾ ਅਰਥ ਹੈ - ਉਸ ਦਾ ਕੁਛ ਨਾ ਰਿਹਾ। ਇਹ ਵੀ ਕਰਮਣੀ ਰੂਪ ਵਾਲਾ ਪੜਨਾਵੀਂ ਪਿਛੇਤਰ ਹੈ।"

ਡਾ. ਸਾਹਿਬ ਜੀ ਦੇ ਅਜਿਹਾ ਲਿਖਣ ਦਾ ਭਾਵਾਰਥ ਹੈ ਕਿ ਜਪੁ-ਜੀ ਦੇ ਛਾਪੇ ਵਾਲੇ 'ਉਤਰਸੁ' ਪਦ ਨੂੰ ਗੁਰਬਾਣੀ ਵਿਆਕਰਣ ਦੇ ਉਪਰੋਕਤ ਦ੍ਰਿਸ਼ਟੀਕੋਨ ਤੋਂ ਵਿਚਾਰ ਕੇ 'ਉਤਰਸੁ' ਪਾਠ ਵੀ ਕਾਇਮ ਰਖਿਆ ਜਾ ਸਕਦਾ ਹੈ। ਅਰਥ ਹੋਵਗਾ : ਉਸ (ਅੰਗ) ਦੀ ਖੇਹ ਉਤਰ ਜਾਂਦੀ ਹੈ।



ਗਿਆਨੀ ਜਗਤਾਰ ਸਿੰਘ ਜਾਚਕ

ਜਥੇਦਾਰ ਵੇਦਾਂਤੀ ਜੀ ਵਿਅਕਤੀਗਤ ਤੌਰ 'ਤੇ ਡਾ. ਸਾਹਿਬ ਦੀ ਸਲਾਹ ਨਾਲ ਸਹਿਮਤ ਸਨ ਅਤੇ ਟਕਸਾਲ ਭਿੰਡਰਾਂ ਦੇ ਪਦ-ਛੇਦ ਰੂਪ ਨਾਲ ਅਸਹਿਮਤ। ਇਸ ਲਈ ਉਨ੍ਹਾਂ ਨੇ 'ਗੁਰਬਾਣੀ ਲਗ-ਮਾਤ੍ਰੀ ਨਿਯਮਾਵਲੀ ਖੋਜ ਤੇ ਸੰਭਾਵਨਾ' ਪੁਸਤਕ ਵਿੱਚ ਸੰਤ ਗਿਆਨੀ ਸੁੰਦਰ ਸਿੰਘ ਜੀ ਦੇ ਭ੍ਰਾਤਾ ਗਿ. ਇੰਦਰ ਸਿੰਘ ਦੇ ਹਵਾਲੇ ਨਾਲ ਭਰੋਸੇ ਸਹਿਤ ਲਿਖਿਆ ਕਿ ਸੰਨ ੧੯੪੭ ਤਕ ਟਕਸਾਲ ਭਿੰਡਰਾਂ 'ਉਤਰਸੁ' ਪਾਠ ਜੁੜਤ ਹੀ ਮੰਨਦੀ ਰਹੀ। ਪ੍ਰੰਤੂ ਉਸ ਤੋਂ ਬਾਅਦ ਪਤਾ ਨਹੀਂ 'ਸੁ' ਔਂਕੜ ਵੱਖ ਕਿਉਂ ਕਰਨ ਲੱਗ ਪਈ ? ਪਰ ਜਥੇਦਾਰ ਜੀ ਨੇ ਅਜਿਹਾ ਸਭ ਕੁਝ ਵਰਨਣ ਕਰਕੇ ਅੰਤ ਵਿੱਚ ਜੋ ਸ਼ਬਦਾਵਲੀ ਵਰਤੀ, ਉਹ ਪਾਠਕਾਂ ਦਾ ਵਿਸ਼ੇਸ਼ ਧਿਆਨ ਮੰਗਦੀ ਹੈ। ਲਿਖਦੇ ਹਨ: "ਫਿਰ ਵੀ ਗੁਰਮਤਿ ਜੁਗਤ ਵਿਚ ਬੈਠ, ਸਦ-ਭਾਵਨਾ ਤੇ ਸ਼ਰਧਾ ਸਹਿਤ ਪਾਠਾਂ ਦੇ ਉਚਾਰਣ ਸਬੰਧੀ ਵਿਚਾਰ ਕਰਨੀ ਬਣਦੀ ਹੈ।" (ਪੰ. ੭੪)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਾਪੇ ਵਾਲੀ ਪ੍ਰਚਲਿਤ ਬੀੜ ਵਿੱਚ ਜਥੇਦਾਰ ਵੇਦਾਂਤੀ ਜੀ ਮੁਤਾਬਿਕ ਕੁਲ ੨੯੮੬ ਵਾਰ 'ਰਹਾਉ' ਪਦ ਦੀ ਵਰਤੋਂ ਕੀਤੀ ਮਿਲਦੀ ਹੈ। ਈਸ਼ਰ ਮਾਈਕਰੋ ਮੀਡੀਆ ਅਨੁਸਾਰ ਕੁੱਲ ਗਿਣਤੀ ੨੯੮੫ ਹੈ। 'ਰਹਾਉ' ਦੇ ਅਰਥ ਹਨ : ਰਹਿਣਾ, ਟਿਕਣਾ, ਟਿਕਾਉ। ਇਹੀ ਕਾਰਣ ਹੈ ਕਿ ਸੰਗੀਤਕ ਦ੍ਰਿਸ਼ਟੀ ਤੋਂ 'ਰਹਾਉ' ਦੇ ਪਦੇ ਨੂੰ ਸ਼ਬਦ ਦੀ ਟੇਕ ਤੇ ਅਸਥਾਈ ਮੰਨ ਕੇ ਵਾਰ ਵਾਰ ਦੁਹਰਾਏ ਜਾਣ ਦਾ ਵਿਧਾਨ ਹੈ। ਪਾਵਨ ਬੀੜ ਅੰਦਰ 'ਰਹਾਉ' ਪਦ ਇੱਕ ਵਾਰ ਸ਼ਬਦ ਦੀ ਤੁਕ ਵਜੋਂ 'ਹੁਕਮੀ ਕਿਰਿਆ' ਦੇ ਰੂਪ ਵਿੱਚ ਵੀ ਵਰਤਿਆ ਹੋਇਆ ਮਿਲਦਾ ਹੈ। ਜਿਵੇਂ : "ਭਾਈ ਰੇ ! ਗੁਰਮਤਿ ਸਾਚਿ **ਰਹਾਉ**॥" (ਪੰਨਾ ੩੦) ਇਸ ਰੂਪ ਵਿੱਚ 'ਰਹਾਉ' ਦਾ ਅਰਥ ਹੈ : ਟਿਕੇ ਰਹੁ। ਇਸੇ ਤਰ੍ਹਾਂ ਇੱਕ ਵਾਰ ਸ਼ਬਦੀ ਤੁਕ ਵਜੋਂ ਇਸ ਪਦ ਦੀ ਵਰਤੋਂ ਉਤਮ ਪੁਰਖ ਵਿੱਚ ਵੀ ਮਿਲਦੀ ਹੈ। ਜਿਵੇਂ : "ਮੈ ਗੁਰਬਾਣੀ ਆਧਾਰੁ ਹੈ, ਗੁਰਬਾਣੀ ਲਾਗਿ **ਰਹਾਉ**॥" (ਪੰਨਾ ੭੫੯) ਐਸੇ ਰੂਪ ਵਿੱਚ ਉਚਾਰਨ ਬਿੰਦੀ ਸਹਿਤ 'ਰਹਾਉਂ' ਕੀਤਾ ਜਾਂਦਾ ਹੈ ਅਤੇ ਅਰਥ ਹੁੰਦਾ ਹੈ : ਰਹਿੰਦਾ ਹਾਂ।

ਇਸ ਪ੍ਰਕਾਰ ਸ਼ਬਦਾਂ ਦੀ ਸੰਗੀਤਕ ਸੂਚਨਾ ਵਜੋਂ 'ਰਹਾਉ' ਪਦ ਕੁਲ ੨੯੮੪ ਵਾਰ ਵਰਤਿਆ ਗਿਆ ਹੈ, ਜਿਨ੍ਹਾਂ 'ਚੋਂ ੨੫੬ ਸ਼ਬਦ ਐਸੇ ਹਨ, ਜਿਨ੍ਹਾਂ ਵਿੱਚ 'ਰਹਾਉ' ਦੇ ਪਦੇ ਦਾ ਪ੍ਰਤੀਕ ਅੰਕ॥੧॥ ਨਹੀਂ ਛਪ ਰਿਹਾ। ਜਿਵੇਂ ਛਾਪੇ ਦੀ ਪਾਵਨ ਬੀੜ ਵਿਖੇ "ਗਉੜੀ ਮਹਲਾ ੫॥ ਹਰਿ ਸੰਗਿ ਰਾਤੇ ਭਾਹਿ ਨ ਜਲੈ॥......ਭੇਟਤ ਸੰਗਿ ਹਰਿ ਹਰਿ ਗੁਨ ਗਾਇ॥ ਰਹਾਉ॥" {ਪੰ.੨੦੧} ਦੇ ੧੦੯ਵੇਂ ਸ਼ਬਦ ਤੋਂ ਲੈ ਕੇ "ਗਉੜੀ ਮਹਲਾ ੫॥ ਅਪਨੇ ਸੇਵਕ ਕਉ ਆਪਿ ਸਹਾਈ॥......ਕਰਨ ਕਰਾਵਨ ਪੂਰਨੁ ਸਚੁ ਸੋਇ॥ ਰਹਾਉ॥" {ਪੰ. ੨੦੨} ਦੇ ੧੧੩ਵੇਂ ਤਕ ਪੰਜਾਂ ਸ਼ਬਦਾਂ ਵਿੱਚ ਉਪਰੋਕਤ ਅੰਕ ਦੀ ਘਾਟ ਹੈ। 'ਪਾਠ-ਭੇਦ ਸੂਚੀ' ਦੇ ਪੰਨਾ ੫੯ 'ਤੇ ੧੦੯ਵੇਂ ਸ਼ਬਦ ਦੇ ਰਹਾਉ ਵਾਲੀ ਤੁਕ ਦਾ ਪ੍ਰਤੀਕ ਤੁਕਾਂਸ਼ "ਹਰਿ ਗੁਨ ਗਾਇ॥ ਰਹਾਉ॥" ਦੇ ਕੇ, ਇੱਕ ਵਿਸ਼ੇਸ ਨੋਟ ਇੰਵ ਲਿਖਿਆ ਹੈ :

ਏਥੋਂ ਅਗਾੜੀ ੧੧੩ਵੇਂ ਸ਼ਬਦ ਤੱਕ, ਰਹਾਉ ਨਾਲ ਏਕਾਂਗ (ਏਕਾ-ਅੰਕ) ਨਹੀਂ। ਪਰ ਹੋਰਨਾ ਸਭਨਾ ਪੁਰਾਤਨ ਬੀੜਾਂ ਵਿੱਚ ਹੈ।" ਉਥੇ, ਇਸ ਸੱਚਾਈ ਦੇ ਪ੍ਰਮਾਣ ਵਜੋਂ ਬੀੜ ਨੰ. ੧, ੪/੩, ੭, ੨੧/੩੪, ੩੧/੯੯, ੩੨/੬੨੮੧, ੩੮/੧੭੩ ਅਤੇ ੪੪ ਦਾ ਹਵਾਲਾ ਵੀ ਪੇਸ਼ ਕੀਤਾ ਹੈ।

ਜਥੇਦਾਰ ਵੇਦਾਂਤੀ ਜੀ ਨੇ ਆਪਣੀ 'ਖੋਜ ਤੇ ਸੰਭਾਵਨਾ' ਪੁਸਤਕ ਦੇ ਪੰਨਾ ੧੭੯ 'ਤੇ ਵਿਸ਼ੇਸ਼ ਨੋਟ ਦੇ ਸਿਰਲੇਖ ਹੇਠ ਲਿਖਿਆ ਹੈ : "ਗੁਰਬਾਣੀ ਦੀ ਅੰਕ ਨਿਯਮਾਵਲੀ ਅਨੁਸਾਰ ਅੰਕ॥੧॥ ਕਿਸੇ ਸ਼ਬਦ ਦੇ ਪਹਿਲੇ ਪਦੇ ਦੀ ਸਮਾਪਤੀ 'ਤੇ ਵੀ ਅਤੇ ਉਸ ਸ਼ਬਦ ਵਿੱਚ ਆਏ 'ਰਹਾਉ' ਨਾਲ ਵੀ ਅੰਕਿਤ ਕੀਤਾ ਗਿਆ ਹੈ। ਗੁਰਬਾਣੀ ਵਿੱਚ ਕੁਝ ਸ਼ਬਦਾਂ ਦੇ ਆਰੰਭ ਵਿੱਚ 'ਰਹਾਉ' ਪਦ ਅੰਕਿਤ ਹੈ, ਪਰੰਤੂ ਬਹੁਤੇ ਸ਼ਬਦਾਂ ਵਿੱਚ ਪਹਿਲੇ ਪਦੇ ਤੋਂ ਬਾਅਦ ਅੰਕਿਤ ਹੈ। ਸਮੁੱਚੀ ਗੁਰਬਾਣੀ ਵਿੱਚ ਹਰੇਕ ਥਾਂ ਆਏ 'ਰਹਾਉ' ਪਦ ਨਾਲ ਅੰਕ॥੧॥ ਅੰਕਿਤ ਹੈ। ਪਾਵਨ ਗੁਰਬਾਣੀ ਵਿੱਚ ਆਏ ਗੁਰਮਤਿ ਸਿਧਾਂਤਾਂ, ਲਗ-ਮਾਤਰੀ ਨਿਯਮਾਵਲੀ ਅਤੇ ਅੰਕ ਨਿਯਮਾਵਲੀ ਸਬੰਧੀ ਗੁਰੂ ਸਾਹਿਬਾਨ ਦੀ ਆਪਸੀ ਸਮਾਨਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਉਤਾਰੇ ਕਰਨ ਸਮੇਂ ਲਿਖਾਰੀ ਦੀ ਕਲਮ ਦੀ ਉਕਾਈ ਕਾਰਨ ਕਈ ਥਾਵਾਂ 'ਤੇ 'ਰਹਾਉ' ਪਦ ਨਾਲ ਅੰਕ॥੧॥ ਅੰਕਿਤ ਹੋਣੋ ਰਹਿ ਗਿਆ ਹੈ, ਜਿਸ ਨੂੰ ਨੀਯਮ ਨਹੀਂ ਬਣਾਇਆ ਜਾ ਸਕਦਾ। ਪੁਰਾਤਨ ਹੱਥ ਲਿਖਤ ਬੀੜਾਂ ਵਿੱਚ ਗੁਰਬਾਣੀ ਅੰਦਰ ਹਰੇਕ ਥਾਂ ਆਏ **'ਰਹਾਉ'** ਪਦ ਨਾਲ ਅੰਕ॥੧॥ ਅੰਕਿਤ ਹੋਇਆ ਮਿਲਦਾ ਹੈ।(ਇਹੀ ਕਾਰਣ ਹੈ ਕਿ ਉਨ੍ਹਾਂ ਦੁਆਰਾ ਸੋਧੇ ਤੇ ਸਿੱਖ ਬੁੱਕ ਕਲਬ ਅਮਰੀਕਾ ਦੁਆਰਾ ਔਨਲਾਈਨ ਪ੍ਰਕਾਸ਼ਤ ਹੋਏ ਪਾਵਨ ਬੀੜ ਦੇ ਖਰੜੇ ਵਿੱਚ '**ਰਹਾਉ**' ਦੇ ਹਰੇਕ ਪਦੇ ਨਾਲ ਅੰਕ॥੧॥ ਦੇ ਦਰਸ਼ਨ ਹੁੰਦੇ ਹਨ।ਪ੍ਰੰਤੂ ਫਿਰ ਵੀ ਉਨ੍ਹਾਂ ਲਿਖਿਆ) ਬਿਬੇਕ ਬੁੱਧੀ ਦੇ ਧਾਰਨੀ ਗੁਰੂ ਦੇ ਸਨਮੁਖ ਰਹਿਣ ਵਾਲੇ ਵਿਦਵਾਨ ਗੁਰਸਿੱਖਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਹ ਭਾਵਨਾ ਸਹਿਤ ਸਿਰ ਜੋੜ ਕੇ ਇਸ ਕਾਰਜ ਨੂੰ ਤਰਜੀਹ ਦੇ ਕੇ ਸੰਪੂਰਨ ਕਰਨ ਵਾਸਤੇ ਅੱਗੇ ਆਉਣ ਦਾ ਉੱਦਮ ਕਰਨ।" ਭਾਵ, ਗੁਰਮੁਖ ਗੁਰਸਿੱਖ ਵਿਦਵਾਨ ਨਿਰਪਖਤਾ ਸਹਿਤ ਸਿਰ ਜੋੜ ਕੇ ਬੈਠਣ ਤੇ ਅਜਿਹੇ ਪਾਠਾਂਤ੍ਰਾਂ ਸਬੰਧੀ ਪੰਥਕ ਪਧਰ ਦਾ ਕੋਈ ਨਿਰਣੈਜਨਕ ਫੈਸਲਾ ਕਰਨ।ਇਸੇ ਲਈ ਉਨ੍ਹਾਂ ਨੇ ਸਿੱਖ ਬੁੱਕ ਕਲੱਬ ਵਾਲੀ ਬੀੜ ਦੇ ਖੋਜ ਖਰੜੇ ਵਿੱਚ ਸ਼੍ਰੋਮਣੀ ਕਮੇਟੀ ਦੀ ਪਦ-ਛੇਦ ਬੀੜ ਅੰਦਰਲੇ 'ਪਰਸ ਨਪਰਸ' (ਪੰ. ੯੮੧)ਅਤੇ 'ਪਰਸ ਨਿਪਰਸ' (ਪੰ. ੧੩੨੪) ਵਰਗੇ ਕਈ ਤੁਕਾਂਸ਼ਾਂ ਨੂੰ ਸੋਧਣ ਤੋਂ ਵੀ ਸੰਕੋਚ ਕੀਤਾ। ਭਾਵੇਂ ਕਿ ਉਹ ਪਾਠ-ਬੋਧ ਸਮਾਗਮਾਂ

ਮੌਕੇ ਉਪਰੋਕਤ ਤੁਕਾਂਸ਼ਾਂ ਨੂੰ 'ਪਰਸਨ ਪਰਸ' ਤੇ 'ਪਰਸਨਿ ਪਰਸ' ਹੀ ਪੜ੍ਹਿਆ ਕਰਦੇ ਸਨ।

ਸ਼ਾਇਦ ਇਹੀ ਕਾਰਨ ਹੈ ਕਿ 'ਸਿੱਖ ਬੁੱਕ ਕਲੱਬ ਅਮਰੀਕਾ' ਨੇ ਵਾਰ ਵਾਰ ਸਪਸ਼ਟ ਕੀਤਾ ਹੈ ਕਿ ਉਸ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਔਨਲਾਈਨ ਪ੍ਰਕਾਸ਼ਨਾ ਕੋਈ ਅੰਤਮ ਨਿਰਣਾ ਨਹੀਂ। ਉਸ ਦਾ ਮੁਖ ਮਨੋਰਥ ਤਾਂ ਕੇਵਲ ਪਿਛਲੇ ੭੦ ਸਾਲਾਂ ਤੋਂ ਪਾਠ-ਭੇਦਾਂ ਦੀ ਖੋਜ ਵਿੱਚ ਲੱਗੇ ਉਪਰੋਕਤ ਵਿਦਵਾਨਾਂ ਦੀ ਖੋਜੀ ਘਾਲਣਾ ਨੂੰ ਸੰਭਾਲਣਾ ਅਤੇ ਉਸ ਪ੍ਰਤੀ ਧਾਰਮਿਕ ਤੇ ਅਕਾਦਮਿਕ ਖੇਤਰ ਦੇ ਚੋਣਵੇਂ ਵਿਦਵਾਨਾਂ ਦੀ ਨਿਰਣੈ-ਜਨਕ ਸਲਾਹ ਹਾਸਲ ਕਰਨਾ ਹੈ। ਹਰੇਕ ਗੁਰਸਿੱਖ ਵਾਂਗ ਕਲੱਬ ਦੇ ਸਮੂਹ ਸੇਵਾਦਾਰਾਂ ਦੀ ਇੱਕੋ ਹੀ ਸ਼ਰਧਾ-ਜਨਕ ਇੱਛਾ ਹੈ ਕਿ ਪਾਵਨ ਬੀੜ ਦੀ ਸ਼ੁਧ-ਛਪਾਈ ਲਈ ਪੰਥਕ ਪੱਧਰ ਦਾ ਕੋਈ ਸਾਂਝਾ ਉਪਰਾਲਾ ਹੋ ਸਕੇ। ਕਾਰਨ ਹੈ ਕਿ ਸਿੱਖ ਰਹਿਤ ਮਰਯਾਦਾ ਮੁਤਾਬਿਕ ਪੰਥ ਨੂੰ ਪਾਵਨ ਬੀੜ ਦੀ ਨਿਰੋਲਤਾ (ਸ਼ੁਧਤਾ) ਦੇ ਘੇਰੇ ਵਿੱਚ ਸੋਧ-ਸੁਧਾਈ ਤੇ ਛਪਾਈ ਆਦਿਕ ਪ੍ਰਤੀ ਗੁਰਮਤੇ ਦਾ ਅਧਿਕਾਰ ਹੈ। ਜੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਜਥੇਦਾਰ ਨਿਰਪੱਖਤਾ ਸਹਿਤ ਸਿੱਖ ਸੰਪਰਦਾਵਾਂ, ਸਿੱਖ ਮਿਸ਼ਨਰੀ ਸੰਸਥਾਵਾਂ ਅਤੇ ਅਕਾਦਮਿਕ ਖੇਤਰ ਦੇ ਵਿਦਵਾਨਾਂ ਦੀ ਕੋਈ ਭਰੋਸੇਯੋਗ ਸੋਧਕ ਕਮੇਟੀ ਬਣਾ ਕੇ ਨਿਰਣੈ-ਜਨਕ ਫੈਸਲੇ ਦਾ ਉਪਰਾਲਾ ਕਰੇ ਤਾਂ ਕਲੱਬ ਵੀ ਭਵਿੱਖ ਵਿੱਚ ਆਪਣੇ ਪੱਧਰ 'ਤੇ ਸੰਗਤੀ ਸਹਿਯੋਗ ਸਦਕਾ ਗੁਰਬਾਣੀ ਦੀ ਸ਼ੁਧ ਛਪਾਈ ਪੱਖੋਂ ਕੀਤੀ ਜਾਣ ਵਾਲੀ ਹਰੇਕ ਕਾਰਵਾਈ ਬੰਦ ਕਰ ਦੇਵੇਗਾ। ਸਿੱਖ ਜਗਤ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਪ੍ਰਿੰਸੀਪਲ ਜੋਧ ਸਿੰਘ ਹੁਰਾਂ ਨੇ ਅੱਜ ਤੋਂ ੯੦ ਸਾਲ ਪਹਿਲਾਂ ਸੰਨ ੧੯੩੨ ਵਿੱਚ ਹੀ ਚੇਤਾਵਨੀ ਵਜੋਂ ਲਿਖ ਦਿੱਤਾ ਸੀ ਕਿ "ਸਸਤਾ ਵੇਚਣ ਦੀ ਦੌੜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿੱਚ ਲਗ, ਕੰਨੇ ਆਦਿ ਦੀਆਂ ਬਹੁਤ ਅਸ਼ੁੱਧੀਆਂ ਆ ਗਈਆਂ ਹਨ ਤੇ ਜੇ ਕਿਸੇ ਜ਼ਿੰਮੇਵਾਰ ਜਥੇ ਨੇ ਇਹ ਬੀੜਾਂ ਪ੍ਰਕਾਸ਼ਿਤ ਕਰਨ ਦਾ ਕੰਮ ਆਪਣੇ ਜ਼ਿੰਮੇ ਨਾ ਲਿਆ ਤਾਂ ਥੋੜੇ ਚਿਰ ਪਿਛੋਂ ਸ਼ੁਧ ਪਾਠ ਕਰਨਾ ਕਠਨ ਹੋ ਜਾਵੇਗਾ।" (ਗੁਰਮਤਿ ਨਿਰਣਯ, ਪੰਨਾ ੭)

**ਦੂਜਾ ਵੱਡਾ ਮਸਲਾ ਹੈ ਮੂਲਮੰਤ੍ਰ ਅਥਵਾ ਮੰਗਲਾਚਰਣ ਦੇ ਸਥਾਨ ਅਤੇ ਉਸ ਦੇ ਸੰਪੂਰਨ ਤੇ ਸੰਖੇਪਕ ਰੂਪਾਂ ਦਾ :** ਕਿਉਂਕਿ ਛਾਪੇ ਦੀ ਪ੍ਰਚਲਿਤ ਬੀੜ ਦੇ ਦਰਸ਼ਨ ਕਰਦਿਆਂ ਅਸੀਂ ਵੇਖਦੇ ਹਾਂ ਕਿ ਮੰਗਲਾਂ ਦੀ ਰੂਪਕ ਤੇ ਸਥਾਨਿਕ ਤਰਤੀਬ ਵਿੱਚ ਇਕਸਾਰਤਾ ਨਹੀਂ ਹੈ। ਜਿਵੇਂ ਛਾਪੇ ਦੀ ਬੀੜ ਵਿੱਚ ੩੧ ਰਾਗਾਂ ਚੋਂ ੨੬ ਰਾਗਾਂ ਦੇ ਆਰੰਭ ਵਿੱਚ '੧ੳ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥' ਤੱਕ ਦਾ ਸੰਪੂਰਨ ਮੰਗਲ ਹੈ।

ਸਿਰੀਰਾਗੁ, ਜੈਤਸਰੀ, ਬੈਰਾੜੀ, ਤੁਖਾਰੀ ਤੇ ਕੇਦਾਰਾ ਦੇ ਆਰੰਭ ਵਿੱਚ ਸੰਖੇਪ ਮੰਗਲ '੧ੳ ਸਤਿਗੁਰ ਪ੍ਰਸਾਦਿ' ਹੈ। ਭਾਵ, ੩੧ ਰਾਗਾਂ ਚੋਂ ੫ ਰਾਗਾਂ ਦੇ ਮੁੱਢ ਵਿੱਚ ਸੰਖੇਪ ਮੰਗਲ ਹੈ।

ਆਸਾ ਕੀ ਵਾਰ ਤੇ ਉਸ ਦੀ ਭਗਤਬਾਣੀ, ਸਹਸਕ੍ਰਿਤੀ ਸਲੋਕ ਮਃ ੧ ਤੇ ਮਃ ੫, ਸਵਈਏ ਮਃ ੫ ਤੇ 'ਸਲੋਕ ਵਾਰਾਂ ਤੇ ਵਧੀਕ' ਦੇ ਆਦਿ-ਮੰਗਲ ਸੰਪੂਰਣ ਹਨ। ਇਨ੍ਹਾਂ ਤੋਂ ਇਲਾਵਾ ਬਾਕੀ ਬਾਣੀਆਂ ਦੇ ਮੰਗਲ ਸੰਖੇਪ ਹਨ ਤੇ ਉਹ ਵੀ ਤਿੰਨ ਪ੍ਰਕਾਰ ਦੇ। ਜਿਵੇਂ :

(੧) ੧ੳੰ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥ - ੯ ਵਾਰ (ਪੰ. ੧੩੭, ੨੨੦, ੨੩੫, ੨੪੨, ੨੪੩, ੩੨੩, ੩੪੦, ੩੪੫, ੮੫੫)
(੨) ੧ੳੰ ਸਤਿ ਨਾਮੁ ਗੁਰ ਪ੍ਰਸਾਦਿ॥ - ੨ ਵਾਰ (ਪੰ. ੮੧, ੫੪੪)
(੩) ੧ੳੰ ਸਤਿਗੁਰ ਪ੍ਰਸਾਦਿ॥ - ੫੨੨ ਵਾਰ

ਨੋਟ : ਸ਼੍ਰੋਮਣੀ ਕਮੇਟੀ ਦੀ ਸੰਨ ੧੯੫੨ ਵਾਲੀ ਛਾਪੇ ਦੀ ਬੀੜ ਅਤੇ ਸ਼ਬਦਾਰਥ ਦੀਆਂ ਪੋਥੀਆਂ ਵਿੱਚ 'ਮਹਲਾ ੧' ਅਤੇ 'ਮਹਲਾ ੨' ਦੇ ਸਲੋਕਾਂ ਨੂੰ ਨਿਖੇੜਨ ਲਈ ਸ੍ਰੀ ਕਰਤਾਰਪੁਰੀ ਬੀੜ ਮੁਤਾਬਿਕ ਅਤਿ ਸੰਖੇਪ ਮੰਗਲ '੧ੳ' ਦਰਜ ਸੀ, ਜੋ ਹੁਣ ਸ਼੍ਰੋਮਣੀ ਕਮੇਟੀ ਤੇ ਟਕਸਾਲ ਭਿੰਡਰਾਂ ਦੀਆਂ ਪ੍ਰਕਾਸ਼ਤ ਬੀੜਾਂ ਤੇ ਪੋਥੀਆਂ ਵਿਚੋਂ ਅਲੋਪ ਹੈ। ਪਰ ਜਦੋਂ ਅਸੀਂ ੧੭ਵੀਂ ਤੇ ੧੮ਵੀਂ ਸਦੀ ਦੀਆਂ ਹੱਥ-ਲਿਖਤ ਬੀੜਾਂ ਦੇ ਬਰੀਕੀ ਨਾਲ ਦਰਸ਼ਨ ਕਰਦੇ ਹਾਂ ਤਾਂ ਭਾਈ ਬੰਨੋ ਸ਼ਾਖ ਦੀਆਂ ਬੀੜਾਂ ਨੂੰ ਛੱਡ ਕੇ ਭਾਈ ਗੁਰਦਾਸ ਤੇ ਦਮਦਮੀ ਸ਼ਾਖ ਦੀਆਂ ਵਧੇਰੇ ਬੀੜਾਂ ਵਿੱਚ ਮੰਗਲਾਂ ਦੀ ਸਥਾਨਿਕ ਤੇ ਰੂਪਕ ਇਕਸਾਰਤਾ ਦਿਸਦੀ ਹੈ। ੩੧ ਮੁੱਖ ਰਾਗਾਂ ਦੇ ਅਰੰਭਕ ਮੰਗਲ ਸਾਰੇ ਸੰਪੂਰਨ ਹਨ ਅਤੇ ਉਪਰਾਗਾਂ, ਰਾਗਾਂ ਦੇ ਘਰਾਂ, ਵੱਖ ਵੱਖ ਬਾਣੀਕਾਰਾਂ ਦੀਆਂ ਬਾਣੀਆਂ ਦੇ ਜੋ ਵਿਸ਼ੇਸ਼ ਸੰਗ੍ਰਹਿ ਹਨ, ਉਨ੍ਹਾਂ ਅੱਗੇ ਕੇਵਲ '੧ੳ ਸਤਿਗੁਰਪ੍ਰਸਾਦਿ' ਦਾ ਸੰਖੇਪ ਮੰਗਲ ਹੈ। ਪਰ, ਛਾਪੇ ਦੀ ਪ੍ਰਚਲਿਤ ਬੀੜ ਵਿੱਚ ਜੋ ਮੰਗਲ ਹਨ, ਉਨ੍ਹਾਂ ਵਿੱਚੋਂ ਵੀ ਕਈ ਥਾਈਂ ਮੰਗਲਾਚਰਣ ਰਾਗਾਂ ਦੀ ਅਰੰਭਤਾ ਤੇ ਸ਼ਬਦੀ ਸਿਰਲੇਖਾਂ ਤੋਂ ਪਹਿਲਾਂ ਹਨ ਅਤੇ ਕਈ ਥਾਈਂ ਪਿੱਛੋਂ। ਕਿਤੇ ਮੰਗਲ ਸਿਰਲੇਖਾਂ ਦੇ ਬਰਾਬਰ ਹਨ ਅਤੇ ਕਿਤੇ ਸੱਜੇ ਪਾਸੇ ਉੱਪਰ। ਭਾਵੇਂ ਕਿ ਇਸ ਢੰਗ ਨਾਲ ਪਾਵਨ ਬੀੜ ਦੀਆਂ ਇਲਾਹੀ ਰਚਨਾਵਾਂ ਦੇ ਬਾਣੀਕਾਰਾਂ, ਬਾਣੀਆਂ ਦੇ ਨਾਵਾਂ ਤੇ ਕਾਵਿਕ ਛੰਦਾਂ ਪ੍ਰਤੀ ਕਈ ਪ੍ਰਕਾਰ ਦੇ ਭੁਲੇਖੇ ਪੈਦਾ ਹੁੰਦੇ ਹਨ। ਖ਼ਾਸ ਕਰਕੇ ਭਗਤਬਾਣੀ ਦੇ ਸਿਰਲੇਖਾਂ ਅਤੇ ਸੁਖਮਨੀ ਸਾਹਿਬ ਵਾਂਗ ਕੁਝ ਹੋਰ ਵਿਸ਼ੇਸ਼ ਲੰਮੀਆਂ ਬਾਣੀਆਂ ਦੇ ਨਾਵਾਂ ਤੋਂ ਪਿੱਛੋਂ ਆਏ ਸੰਖੇਪ ਮੰਗਲਾਂ ਕਾਰਣ। ਉਦਾਹਰਣ ਵਜੋਂ ਕੁਝ ਹੇਠ ਲਿਖੇ ਸਿਰਲੇਖ ਵਾਚੇ ਜਾ ਸਕਦੇ ਹਨ :-

(੧) ੧ੳੰ ਸਤਿਗੁਰ ਪ੍ਰਸਾਦਿ॥
ਰਾਗੁ ਸਿਰੀਰਾਗ ਮਹਲਾ ਪਹਿਲਾ ੧ ਘਰੁ ੧॥
ਮੋਤੀ ਤ ਮੰਦਰ ਊਸਰਹਿ... ... {ਪੰ. ੧੪}

(੨) ੧ੳੰ ਸਤਿਗੁਰ ਪਸਾਦਿ॥
ਸਿਰੀਰਾਗੁ ਮਹਲਾ ੧ ਘਰੁ ੧ ਅਸਟਪਦੀਆ॥ ਆਖਿ ਆਖਿ... ॥ {ਪੰ.੫੩}

(੩) ੧ੳੰ ਸਤਿਗੁਰ ਪ੍ਰਸਾਦਿ॥
ਸਿਰੀਰਾਗੁ ਕਬੀਰ ਜੀਉ ਕਾ॥ ਏਕੁ ਸੁਆਨੁ ਕੈ... ॥ {ਪੰ.੯੧}

(੪) ਰਾਗ ਮਾਝ ਚਉਪਦੇ
ਘਰੁ ੧ ਮਹਲਾ ੪ ੧ੳੰ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ॥ ... {ਪੰ. ੯੪}

(੫) ਗਉੜੀ ਸੁਖਮਨੀ ਮਃ ੫॥ ਸਲੋਕੁ॥ ੧ੳੰ ਸਤਿਗੁਰ ਪ੍ਰਸਾਦਿ॥
ਆਦਿ ਗੁਰਏ ਨਮਹ॥ ......{ਪੰ. ੨੬੨}

(੬) ਰਾਗੁ ਗਉੜੀ ਪੂਰਬੀ 'ਬਾਵਨ ਅਖਰੀ' ਕਬੀਰ ਜੀਉ ਕੀ॥ ੧ੳ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥ ਬਾਵਨ ਅਛਰ ਲੋਕ ਤ੍ਰੈ...... ॥ {ਪੰ. ੩੪੦}

ਪ੍ਰੰਤੂ, ਪ੍ਰਾਚੀਨ ਹੱਥ-ਲਿਖਤੀ ਬੀੜਾਂ ਵਿੱਚ ਐਸਾ ਨਹੀਂ। ਰਾਗਾਂ ਅਤੇ ਵੱਖ ਵੱਖ ਸ਼ਬਦੀ ਸੰਗ੍ਰਹਿਆਂ ਦੇ ਮੰਗਲ ਸਭ ਥਾਈਂ ਪਤਰੇ ਅਥਵਾ ਪੰਨੇ ਦੇ ਅੱਧ ਤੋਂ ਸੱਜੇ ਪਾਸੇ ਤੇ ਸ਼ਬਦੀ ਸਿਰਲੇਖਾਂ ਤੋਂ ਉੱਚੇਰੇ ਹਨ। ਭਾਵ, ਸਿਰਲੇਖਾਂ ਤੋਂ ਪਹਿਲਾਂ ਲਿਖੇ ਗਏ ਹਨ। ਹਾਂ ! ਭਾਈ ਬੰਨੋ ਤੇ ਸ੍ਰੀ ਕਰਤਾਰਪੁਰੀ ਬੀੜ ਦੇ ਮੰਗਲ ਵੀ ਹਨ ਤਾਂ ਭਾਵੇਂ ਕਈ ਥਾਈਂ ਸਿਰਲੇਖਾਂ ਦੇ ਬਰਾਬਰ, ਪਰ ਹੈਨ ਉਹ ਵੀ ਵਰਕੇ ਦੇ ਸੱਜੇ ਅੱਧ ਵਿੱਚ ਅਤੇ ਕਈ ਥਾਈਂ ਸੱਜੇ ਉੱਪਰ ਵੀ। ਇਸ ਪ੍ਰਕਾਰ ਉਪਰੋਕਤ ਦੋਹਾਂ ਤਰਤੀਬਾਂ ਵਿੱਚ ਮੰਗਲਾਂ ਨੂੰ ਕਿਸੇ ਵੀ ਹਾਲਤ ਵਿੱਚ ਵਰਕੇ ਦੇ ਖੱਬੇ ਅੱਧ ਵਾਲੇ ਪਾਸੇ ਵਧਣ ਨਹੀਂ ਦਿੱਤਾ ਗਿਆ। ਇਸ ਤੋਂ ਸਿੱਧ ਹੈ ਕਿ ਪ੍ਰਾਚੀਨ ਬੀੜਾਂ ਵਿੱਚ ਸਭ ਥਾਈਂ ਮੰਗਲਾਂ ਨੂੰ ਪਹਿਲ ਦਿੰਦਿਆਂ ਸਿਰਲੇਖਾਂ ਦੇ ਆਦਿ ਵਿੱਚ ਰੱਖਿਆ ਗਿਆ ਹੈ। ਕਿਸੇ ਨੂੰ ਸੱਜੇ ਪਾਸੇ ਬਠਾਉਣਾ ਜਾਂ ਰੱਖਣਾ, ਸਭਿਅਕ ਪੱਖੋਂ ਵੀ ਉਸ ਨੂੰ ਪਹਿਲ 'ਤੇ ਅਧਾਰਿਤ ਸਤਿਕਾਰ ਦੇਣਾ ਤੇ ਵਡੱਪਣ ਨੂੰ ਪ੍ਰਵਾਨ ਕਰਨ ਤੁੱਲ ਹੁੰਦਾ ਹੈ। ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੇ ਤਤਕਾਲੀ ਪ੍ਰਿੰਸੀਪਲ ਸਾਹਿਬ ਸਿੰਘ ਜੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੀ ਦਸਵੀਂ ਪੋਥੀ ਦੇ ਅੰਤਲੇ ਭਾਗ ਵਿੱਚ 'ਮੂਲਮੰਤ੍ਰ ਦੀ ਸਹੀ ਥਾਂ ਦਾ ਨਿਰਨਾ' ਸਿਰਲੇਖ ਹੇਠ ਲਿਖਦੇ ਹਨ :

"ਜਦੋਂ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਬੀੜ' ਦੀ ਛਪਾਈ ਦਾ ਕੰਮ ਆਪਣੇ ਹੱਥਾਂ ਵਿੱਚ ਲਿਆ, ਤਾਂ ਪ੍ਰਬੰਧਕਾਂ ਨੇ ਛਪਾਈ ਸ਼ੁਰੂ ਕਰਨ ਤੋਂ ਪਹਿਲਾਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨਾਲ ਸੁਧਾਈ ਕੀਤੀ। ਜਿਹੜੇ ਸੱਜਣ ਸੁਧਾਈ ਦੇ ਕੰਮ ਉਤੇ ਲਾਏ ਗਏ, ਉਨ੍ਹਾਂ ਨੂੰ ਉਸ 'ਬੀੜ' ਦਾ ਲਿਖਣ-ਢੰਗ ਵੇਖ ਕੇ ਇਹ ਨਵਾਂ ਖ਼ਿਆਲ ਸੁੱਝਿਆ ਕਿ ਉਸ ਬੀੜ ਵਿੱਚ ਮੂਲਮੰਤ੍ਰ ਹਰ ਥਾਂ ਬੀੜ ਦੇ ਪੱਤਰੇ ਉੱਤੇ ਸੱਜੇ ਪਾਸੇ ਦੇ ਅਖ਼ੀਰ 'ਤੇ ਹੀ ਲਿਖਿਆ ਹੋਇਆ ਹੈ। ਛੋਟਾ ਮੂਲਮੰਤ੍ਰ '੧ੳ ਸਤਿਗੁਰ ਪ੍ਰਸਾਦਿ' ਤਾਂ ਸੱਜੇ ਪਾਸੇ ਇਕੋ ਹੀ ਪਾਲ ਵਿੱਚ ਮੁੱਕ ਜਾਂਦਾ ਹੈ; ਪਰ ਜਿਥੇ ਕਿਤੇ ਸਾਰਾ ਮੂਲਮੰਤ੍ਰ ਲਿਖਿਆ ਹੋਇਆ ਹੈ, ਉਹ ਉਸੇ ਸਤ੍ਰ ਵਿੱਚ ਖ਼ਤਮ ਨਹੀਂ ਹੋ ਸਕਿਆ ਕਿਉਂਕਿ

ਇਹ ਹਰ ਥਾਂ ਲਿਖਣਾ ਸ਼ੁਰੂ ਹੀ ਹੁੰਦਾ ਹੈ ਪੱਤਰੇ ਦੇ ਅੱਧ ਤੋਂ ਪਿੱਛੋਂ ਸੱਜੇ ਪਾਸੇ ਵਲ। ਮੂਲਮੰਤ੍ਰ ਦੇ ਬਾਕੀ ਬਚੇ ਹਿੱਸੇ ਨੂੰ ਦੂਜੀ ਜਾਂ ਤੀਜੀ ਸਤਰ ਵਿੱਚ ਲਿਖਿਆ ਗਿਆ ਹੈ; ਪਰ ਉਹ ਵੀ ਸੱਜੇ ਪਾਸੇ ਹੀ ਉਪਰਲੀ ਸਤਰ ਦੇ ਹੇਠਵਾਰ। ਮੂਲਮੰਤ੍ਰ ਨੂੰ ਕਿਤੇ ਭੀ ਖੱਬੇ ਪਾਸੇ ਵਲ ਨਹੀਂ ਆਉਣ ਦਿੱਤਾ ਗਿਆ।

ਉਹਨਾਂ ਸੱਜਣਾਂ ਨੇ ਕਮੇਟੀ ਦੇ ਪ੍ਰਬੰਧਕਾਂ ਦਾ ਧਿਆਨ ਇਸ ਪਾਸੇ ਦਿਵਾਇਆ। ਪ੍ਰਬੰਧਕਾਂ ਨੇ ਪੰਥ ਦੇ ਕੁਝ ਮੁਖੀ ਵਿਦਵਾਨ ਸੱਜਣਾਂ ਦਾ ਇਕੱਠ ਕਰਕੇ ਨਿਰਨਾ ਕਰਾਇਆ। ਮੂਲਮੰਤ੍ਰ ਦੀ ਲਿਖਾਈ ਬਾਰੇ (ਹੇਠ ਲਿਖੀਆਂ) ਚਾਰ ਜ਼ਰੂਰੀ ਗੱਲਾਂ ਸਾਹਮਣੇ ਆ ਗਈਆਂ।

(੧) ਹਰੇਕ ਥਾਂ ਮੂਲਮੰਤ੍ਰ ਪੱਤ੍ਰੇ ਦੇ ਸੱਜੇ ਪਾਸੇ ਹੀ ਹੈ। ਸਾਬਤ ਮੂਲਮੰਤ੍ਰ ਦਾ ਪਹਿਲੀ ਸਤਰ ਤੋਂ ਬਚਿਆ ਹਿੱਸਾ ਲਿਖਣ ਵੇਲੇ ਭੀ ਪੱਤਰੇ ਦਾ ਸੱਜਾ ਪਾਸਾ ਹੀ ਵਰਤਿਆ ਹੈ। ਕਿਤੇ ਭੀ ਮੂਲਮੰਤ੍ਰ ਨੂੰ ਖੱਬੇ ਪਾਸੇ ਨਹੀਂ ਆਉਣ ਦਿੱਤਾ ਗਿਆ।

(੨) ਕਈ ਥਾਈਂ ਇਹ ਮੂਲਮੰਤ੍ਰ ਸ਼ਬਦ-ਸੰਗ੍ਰਹਿ ਨਾਲੋਂ ਉਚੇਰਾ ਹੈ।

(੩) ਰਾਗ' ਅਤੇ 'ਮਹਲੇ' ਵਾਲਾ ਸਿਰਲੇਖ ਸਦਾ ਹੀ ਪੱਤਰੇ ਦੇ ਖੱਬੇ ਪਾਸੇ ਲਿਖਿਆ ਗਿਆ ਹੈ। ਜੇ ਕਿਤੇ ਸਿਰਲੇਖ ਲੰਮਾ ਹੋ ਗਿਆ ਹੈ, ਤਾਂ ਇਸ ਨੂੰ ਪੱਤਰੇ ਦੇ ਅੱਧ ਤੋਂ ਸੱਜੇ ਪਾਸੇ ਵਲ ਨਹੀਂ ਜਾਣ ਦਿੱਤਾ ਗਿਆ। ਸਿਰਲੇਖ ਦਾ ਬਾਕੀ ਬਚਿਆ ਹਿੱਸਾ ਮੁੜ ਖੱਬੇ ਪਾਸੇ ਹੀ ਪਹਿਲੇ ਹਿੱਸੇ ਦੇ ਹੇਠ ਲਿਖ ਦਿੱਤਾ ਹੈ।

(੪) ਸਿਰਲੇਖ ਅਤੇ ਮੂਲਮੰਤ੍ਰ-ਇਨ੍ਹਾਂ ਦੋਹਾਂ ਦੇ ਵਿਚਕਾਰ ਪੱਤਰੇ ਉੱਤੇ ਕਾਫ਼ੀ ਥਾਂ ਖ਼ਾਲੀ ਕੋਰਾ ਰੱਖਿਆ ਗਿਆ ਹੈ।

**ਵਿਦਵਾਨਾਂ ਦਾ ਫੈਸਲਾ :**

ਇਕੱਠੇ ਹੋਏ ਵਿਦਵਾਨ ਸੱਜਣ ਇਸ ਨਤੀਜੇ ਉੱਤੇ ਅੱਪੜੇ ਕਿ ਪੱਤਰੇ ਉੱਤੇ ਹਰ ਥਾਂ ਮੂਲਮੰਤ੍ਰ ਨੂੰ ਸੱਜੇ ਪਾਸੇ ਰੱਖ ਕੇ ਆਦਰ-ਸਤਕਾਰ ਦਿੱਤਾ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਿਕਰਮਾਂ ਕਰਨ ਵੇਲੇ ਸਿੱਖ ਸ੍ਰੀ ਹਰਿਮੰਦਰ ਸਾਹਿਬ ਨੂੰ ਸੱਜੇ ਹੱਥ ਹੀ ਰੱਖਦਾ ਹੈ। ਸੋ ਸ੍ਰੀ ਕਰਤਾਰਪੁਰ ਵਾਲੀ 'ਬੀੜ' ਵਿੱਚ ਮੂਲਮੰਤ੍ਰ ਨੂੰ ਸਦਾ 'ਪਹਿਲ' ਦਿੱਤੀ ਹੋਈ ਹੈ। ਪੜ੍ਹਨ ਵੇਲੇ ਪਹਿਲਾਂ ਮੂਲਮੰਤ੍ਰ ਹੀ ਪੜ੍ਹਨਾ ਹੈ। ਪੁਰਾਣੇ ਸਮੇਂ ਲਿਖਣ-ਢੰਗ ਹੀ ਇਹੀ ਸੀ ਕਿ ਆਰੰਭਕ ਮੰਗਲਾਚਰਨ ਨੂੰ ਸੱਜੇ ਪਾਸੇ ਪਹਿਲ ਦਿੱਤੀ ਜਾਏ।

ਅਗਾਂ ਸਦਾ ਲਈ ਪਾਠਕਾਂ ਨੂੰ ਟਪਲੇ ਤੋਂ ਬਚਾਣ ਲਈ ਉਹਨਾ ਵਿਦਵਾਨਾਂ ਨੇ ਇਹ ਫੈਸਲਾ ਕੀਤਾ ਕਿ 'ਬੀੜਾਂ' ਛਾਪਣ ਵੇਲੇ ਮੂਲਮੰਤ੍ਰ ਨੂੰ 'ਪਹਿਲਾਂ' ਛਾਪਿਆ ਜਾਏ। ਪੰਜਾਬੀ ਦੀ ਲਿਖਾਈ ਖੱਬੇ ਪਾਸੇ ਤੋਂ ਸੱਜੇ ਵਲ ਜਾਂਦੀ ਹੈ। ਸੋ, ਇਸ ਫੈਸਲੇ ਅਨੁਸਾਰ ਮੂਲਮੰਤ੍ਰ ਪੱਤਰੇ ਦੇ ਸੱਜੇ ਪਾਸੇ ਛਾਪੇ ਜਾਣ ਦੇ ਥਾਂ ਖੱਬੇ ਪਾਸੇ ਤੋਂ ਸ਼ੁਰੂ ਕੀਤਾ ਗਿਆ। ਸਿਰਫ ਇਸੇ ਤਰੀਕੇ ਨਾਲ ਹੀ ਮੂਲਮੰਤ੍ਰ ਨੂੰ ਪਹਿਲ ਮਿਲ ਸਕਦੀ ਸੀ।"

ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਸਿਸਟੈਂਟ ਪ੍ਰੋਫੈਸਰ ਡਾ. ਗੁਰਮੇਲ ਸਿੰਘ ਵਰਗੇ ਬਰੀਕਬੀਂ ਵਿਦਵਾਨ ਦੇ ਲਿਖੇ 'ਗੁਰਬਾਣੀ ਉਚਾਰਨ' ਨਾਂ ਦੇ ਪਰਚੇ ਮੁਤਾਬਿਕ ਵੀ "ਮੰਗਲਾਚਰਨ (ਮੂਲ ਮੰਤ੍ਰ) ਨੂੰ ਪੜ੍ਹਨ ਦਾ ਵਿਧਾਨ ਸਿਰਲੇਖਾਂ ਤੋਂ ਪਹਿਲਾਂ ਦਾ ਹੈ। ਮੰਗਲਾਚਰਨ, ਸਿਰਲੇਖ ਤੋਂ ਉਪਰ ਤੇ ਸਜੇ ਕਰਕੇ ਹੈ, ਸੋ ਇਸ ਦਾ ਉਚਾਰਨ ਵੀ ਪਹਿਲਾਂ ਹੀ ਹੈ।"

ਮੰਗਲਾਂ ਦੀ ਹੋਰ ਵਿਸਥਾਰਤ ਤੇ ਸਥਾਨਿਕ ਸਪਸ਼ਟਤਾ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੀ ਦਸਵੀਂ ਪੋਥੀ ਦੇ ਪੰਨਾ ੭੧੧ ਤੋਂ 'ਮੂਲਮੰਤ੍ਰ ਦੀ ਸਹੀ ਥਾਂ ਦਾ ਨਿਰਨਾ' ਅਤੇ 'ਸੰਪਾਦਕ ਨਿਰਣੈ ਸ੍ਰੀ ਗੁਰੂ ਗ੍ਰੰਥ ਸਾਹਿਬ', 'ਸੰਪਾਦਨ-ਕਲਾ ਸ੍ਰੀ ਗੁਰੂ ਗ੍ਰੰਥ ਸਾਹਿਬ' ਤੇ 'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ' ਆਦਿਕ ਪੁਸਤਕਾਂ ਨੂੰ ਧੀਰਜ ਸਹਿਤ ਵਾਚਣਾ ਹੋਰ ਵੀ ਲਾਹੇਵੰਦਾ ਹੋ ਸਕਦਾ ਹੈ।

ਜਥੇਦਾਰ ਵੇਦਾਂਤੀ ਜੀ ਦੇ ਅਤਿ ਨਿਕਟਵਰਤ ਸਾਥੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਖੋਜੀ ਪ੍ਰੋਫੈਸਰ ਡਾ. ਅਮਰ ਸਿੰਘ ਦੀ ਰਚਿਤ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਦੀ ਅੰਤਿਕਾ ਨੰ. ੮ ਵਿਖੇ ਮੰਗਲਚਰਨ ਦੇ ਵੱਖ-ਵੱਖ ਸਥਾਨਾਂ ਵਾਲੀਆਂ ਬੀੜਾਂ ਦੀ ਵਿਵਰਨਾਤਮਿਕ ਸੂਚੀ ਇਸ ਪ੍ਰਕਾਰ ਹੈ :

ਮੰਗਲਾਚਰਨ ਦਾ ਸਥਾਨ ਬਾਣੀ ਸਿਰਲੇਖ ਤੋਂ ਪਹਿਲੀ ਪੰਕਤੀ ਵਿੱਚ ਸੱਜੇ ਪਾਸੇ : ੯, ੧੧, ੧੩, ੧੫, ੧੮, ੪੭, ੫੧, ੫੩, ੮੦, ੮੯, ੯੮, ੧੦੭, ੧੦੮ (ਕੁੱਲ ੧੩)

ਮੰਗਲਾਚਰਨ ਦਾ ਸਥਾਨ ਪਤਰੇ ਦੇ ਸੱਜੇ ਪਾਸੇ ਹੈ : ੭, ੧੨, ੧੭, ੨੦, ੨੭, ੩੦, ੩੨, ੪੫, ੫੬, ੫੭, ੬੭, ੭੯, ੮੨, ੮੭, ੯੯, ੧੦੦, ੧੦੨, ੧੦੪, ੧੦੬, ੧੧੫ (ਕੁੱਲ ੨੦)

ਮੰਗਲਾਚਰਨ ਦਾ ਸਥਾਨ ਬਾਣੀ ਸਿਰਲੇਖ ਤੋਂ ਪਹਿਲਾਂ ਹੈ : ੫, ੮, ੨੨, ੨੬, ੨੭, ੩੧, ੩੩, ੩੪, ੩੫, ੩੬, ੫੪, ੬੨, ੬੬, ੬੮ (ਕੁੱਲ ੧੪)

ਜਥੇਦਾਰ ਵੇਦਾਂਤੀ ਜੀ ਮੁਤਾਬਿਕ ਬੁੰਗਾ ਗਿਆਨੀਆਂ, ਸ੍ਰੀ ਅੰਮ੍ਰਿਤਸਰ ਤੋਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿੱਚ ਪਹੁੰਚੀ ਬੀੜ, ਜਿਹੜੀ ਹੁਣ ਡਾ. ਅਨੁਰਾਗ ਸਿੰਘ ਲੁਧਿਆਣਾ ਦੇ ਘਰ ਦੱਸੀ ਜਾਂਦੀ ਹੈ। ਉਸ ਦੇ ਸਾਰੇ ਮੰਗਲ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿੱਚ) ਓਵੇਂ ਹੀ ਲਿਖੇ ਹਨ, ਜਿਵੇਂ ਸ਼੍ਰੋਮਣੀ ਕਮੇਟੀ ਨੇ ਸੰਨ ੧੯੫੨ ਵਿਚ ਛਾਪੇ ਸਨ। ਇਹ ਇੱਕ ਵਖਰਾ ਵਿਸ਼ਾ ਹੈ ਕਿ ਉਸ ਬੀੜ ਵਿੱਚ '੧ੴ' ਦੇ ਪ੍ਰਚਲਿਤ ਰੂਪ ਦੀ ਥਾਂ ਇਉ '੧ਓ' ਦਰਸ਼ਨ ਹੁੰਦੇ ਹਨ। ਇਸ ਬੀੜ ਦੀ ਡਿਜ਼ੀਟਲ ਕਾਪੀ ਮੇਰੀ ਲਾਇਬ੍ਰੇਰੀ ਵਿੱਚ ਮੌਜੂਦ ਹੈ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਚੋਂ ਵੇਦਾਂਤੀ ਜੀ ਦੇ ਸੰਗ੍ਰਹਿ ਦਾ ਭਾਗ ਬਣੀ। 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਹੱਥ ਲਿਖਤੀ ਬੀੜਾਂ ਦੇ ਦਰਸ਼ਨ' ਦੀ ਵਿਵਰਾਨਤਮਕ ਸੂਚੀ ਵਿੱਚ ਵੀ ਉਹ ਬੀੜ ੫੦ ਨੰ 'ਤੇ ਦਰਜ ਹੈ ਅਤੇ ਉਸ ਦੇ ਖਾਲੀ ਪਤਰਿਆਂ ਦਾ ੪੧ ਨੰ. ਚਿੱਤਰ ਵੀ ਪੁਸਤਕ ਦੇ ਪੰਨਾ ੨੨੭ ਮੁਤਾਬਿਕ ਉਸ ਦਾ ਭਾਗ ਹੈ, ਜਿਸ ਉੱਤੇ '੧ੴ' ਤੇ '卐' (ਸਵਾਸਤਿਕ) ਦੇ ਗੇਰੂ ਰੰਗੇ (ਭਗਵੇ) ਨਿਸ਼ਾਨ ਲਗਾਏ ਹੋਏ ਹਨ।

ਅਸਲ ਵਿੱਚ ਕੁਝ ਇਹੋ ਕਾਰਣ ਸਨ, ਜਿਨ੍ਹਾਂ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਸੰਨ ੧੯੫੨ ਤੋਂ ੧੯੬੨ ਤਕ ਪਾਵਨ ਬੀੜਾਂ ਤੇ ਸ਼ਬਦਾਰਥ ਪੋਥੀਆਂ ਦੇ ਮੰਗਲ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿੱਚ) ਛਾਪਣ ਦਾ ਉਪਕਾਰ ਕਰਦੀ ਰਹੀ। ਸ਼੍ਰੋਮਣੀ ਕਮੇਟੀ ਵੱਲੋਂ ਬੀੜ ਦੀ ਛਪਾਈ ਹੋਣ ਕਰਕੇ ਸਥਾਨਕ ਦੁਕਾਨਦਾਰ ਪ੍ਰਕਾਸ਼ਕਾਂ ਦੀ ਵਿਕਰੀ ਘਟ ਗਈ। ਉਨ੍ਹਾਂ ਦੀ ਚੁੱਕਣਾ ਅਤੇ ਮੁੱਠੀ ਗਰਮ ਕਰਨ ਵਾਲੀ ਸੁਆਰਥੀ ਸੋਚ ਅਧੀਨ ਕੁਝ ਸੰਪਰਦਾਈ ਡੇਰੇਦਾਰਾਂ ਅਤੇ 'ਚੀਫ਼ ਖ਼ਾਲਸਾ ਦੀਵਾਨ' ਦੇ ਆਗੂਆਂ ਵੱਲੋਂ ਅਜਿਹੀ ਜ਼ੋਰਦਾਰ ਵਿਰੋਧੀ ਸੁਰ ਅਲਾਪਣੀ ਸ਼ੁਰੂ ਕੀਤੀ ਕਿ ਸ਼੍ਰੋਮਣੀ ਕਮੇਟੀ ਨੇ ਪਾਵਨ ਬੀੜ ਦੇ ਮੰਗਲ ਬਦਲ ਦਿੱਤੇ ਹਨ। ਗੁਰਬਾਣੀ ਬਦਲ ਦਿੱਤੀ ਹੈ। ਇਹ ਘੋਰ ਅਪਰਾਧ ਹੈ। ਜਦ ਕਿ ਅਜਿਹਾ ਕੁਝ ਵੀ ਨਹੀਂ ਸੀ। ਸ਼੍ਰੋਮਣੀ ਕਮੇਟੀ ਵੱਲੋਂ ਸੰਨ ੧੯੫੯ ਵਿੱਚ ਪ੍ਰਕਾਸ਼ਤ '**ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਾਰੇ- **ਜ਼ਰੂਰੀ ਵਾਕਫ਼ੀਅਤ**' ਨਾਂ ਦੇ ਕਿਤਾਚਬੇ ਦੁਆਰਾ ਪੰਥਕ ਵਿਦਵਾਨਾਂ ਦੀਆਂ ਸਮੇਂ ਸਮੇਂ ਹੋਈਆਂ ਇਕੱਤ੍ਰਤਾਵਾਂ ਤੇ ਵਿਚਾਰਾਂ ਸਮੇਤ ਉਪਰੋਕਤ ਕਿਸਮ ਦੀ ਸਾਰੀ ਕਾਰਵਾਈ ਤੋਂ ਸਹਿਜੇ ਹੀ ਜਾਣੂੰ ਹੋਇਆ ਜਾ ਸਕਦਾ ਹੈ। ਇਸ ਵਿੱਚ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ ਦੀਆਂ ਚੋਣਵੀਆਂ ਹੱਥ ਲਿਖਤ ਬੀੜਾਂ ਤੋਂ ਇਲਾਵਾ ਸ੍ਰੀ ਕਰਤਾਰਪੁਰੀ ਅਤੇ ਭਾਈ ਬਿਧੀਚੰਦ ਜੀ ਵਾਲੀ ਸੁਰਸਿੰਘੀ ਬੀੜ ਸਮੇਤ ੫੧ ਬੀੜਾਂ ਦੇ ਵੇਰਵੇ ਨਾਲ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਮੰਗਲਾਂ ਦਾ ਸਹੀ ਸਥਾਨ ਸ਼ਬਦ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿੱਚ) ਹੈ। ਜਨਵਰੀ ੧੪ ਸੰਨ ੧੯੫੭ ਨੂੰ ਪੰਜਾਬ ਦੀਆਂ ਸਮਕਾਲੀ ਅਖ਼ਬਾਰਾਂ ਤੇ ਮਾਸਕ ਪੱਤਰਾਂ ਦੇ ਸਾਰੇ ਸੰਪਾਦਕਾਂ ਨੇ ਇੱਕ ਸਾਂਝੇ ਬਿਆਨ ਰਾਹੀਂ ਸ਼੍ਰੋਮਣੀ ਕਮੇਟੀ ਦੁਆਰਾ ਪਾਵਨ ਬੀੜ ਦੀ ਛਪਾਈ ਕਰਵਾਉਣ ਦੀ ਜ਼ੋਰਦਾਰ ਸ਼ਲਾਘਾ ਕੀਤੀ ਅਤੇ ਸਿੱਖ ਸ਼ਰਧਾਲੂਆਂ ਨੂੰ ਗੁੰਮਰਾਹ ਕਰਨ ਵਾਲੇ ਸਵਾਰਥੀ ਪ੍ਰਾਪੇਗੰਡੇ ਦੀ ਨਿਖੇਧੀ ਕਰਦਿਆਂ ਸਿੱਖ ਜਗਤ ਨੂੰ ਸੁਚੇਤ ਵੀ ਕੀਤਾ। ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਵਿੱਚ ਸ੍ਰ. ਸਾਧੂ ਸਿੰਘ 'ਹਮਦਰਦ', ਸ਼ਾਦੀ ਸਿੰਘ, ਈਸ਼ਰ ਸਿੰਘ 'ਮਝੈਲ' ਅਤੇ ਸ੍ਰ. ਅਵਤਾਰ ਸਿੰਘ ਅਜ਼ਾਦ ਵਰਗੇ ਦਰਜਨ ਤੋਂ ਵਧੇਰੇ ਸੁਘੜ ਸੰਪਾਦਕ, ਸਾਹਿਤਕਾਰ ਤੇ ਪੰਥ-ਦਰਦੀ ਵਿਦਵਾਨ ਸ਼ਾਮਲ ਸਨ, ਜਿਨ੍ਹਾਂ ਦੀ ਘਾਟ ਪੰਥ ਨੂੰ ਸਦਾ ਹੀ ਰੜਕਦੀ ਰਹਿੰਦੀ ਹੈ।

ਪੰਥਕ ਬਦਨਸੀਬੀ ਹੀ ਮੰਨੀ ਜਾ ਸਕਦੀ ਹੈ ਕਿ (ਸੰਤ ਬਾਬਾ) ਫਤਹਿ ਸਿੰਘ ਤੇ ਚੰਨਣ ਸਿੰਘ ਦੀ ਪ੍ਰਧਾਨਗੀ ਮੌਕੇ ਸੰਪਰਦਾਈ ਸੋਚ ਅਤੇ ਰਾਜਨੀਤਕ ਵੋਟ-

ਦ੍ਰਿਸ਼ਟੀ ਅਧੀਨ ਸ਼੍ਰੋਮਣੀ ਕਮੇਟੀ ਨੇ ਪਾਵਨ ਬੀੜ ਦੀ ਸ਼ੁਧ ਛਪਾਈ ਸਬੰਧੀ ਆਪਣਾ ਉਪਰੋਕਤ ਕਿਸਮ ਦਾ ਸਹੀ ਫੈਸਲਾ ਬਦਲ ਲਿਆ। ਗਿ. ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਸਲਾਹ ਨਾਲ ਉਨ੍ਹਾਂ ਦੇ ਪ੍ਰਮੁਖ ਵਿਦਿਆਰਥੀ ਗਿ. ਕਰਤਾਰ ਸਿੰਘ (ਜੋ ਉਨ੍ਹਾਂ ਤੋਂ ਪਿੱਛੋਂ ਡੇਰਾ ਚੌਕ ਮਹਿਤਾ ਦੇ ਮੁਖੀ ਬਣੇ) ਨੂੰ ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈੱਸ ਸ੍ਰੀ ਅੰਮ੍ਰਿਤਸਰ ਵਿਖੇ ਪਾਵਨ ਬੀੜ ਦੀ ਪਰੂਫ਼-ਰੀਡਿੰਗ ਲਈ ਨਿਯੁਕਤ ਕੀਤਾ, ਜਿਨ੍ਹਾਂ ਆਪਣੇ ਉਸਤਾਦ ਦੀਆਂ ਹਦਾਇਤਾਂ ਅਨੁਸਾਰ ਛਾਪੇ ਦੀ ਬੀੜ ਵਿੱਚ ਮੰਗਲਾਂ ਦੀ ਬੇਤਰਤੀਬੀ ਤੋਂ ਇਲਾਵਾ ਸ਼ਬਦ ਜੋੜਾਂ ਵਿੱਚ ਵੀ ਵਾਧੇ-ਘਾਟੇ ਕੀਤੇ। ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੇ ੧੯੭੪-੭੬ ਦੇ ਸ਼ੈਸ਼ਨ ਵਿੱਚ ਸਾਡੀ ਕਲਾਸ ਦੇ ਸਾਰੇ ਵਿਦਿਆਰਥੀਆਂ ਪਾਸ ਸੰਥਾ ਲਈ ਸ਼ਬਦਾਰਥ ਦੀਆਂ ਓਹੀ ਪੋਥੀਆਂ (੪ ਭਾਗ) ਸਨ, ਜਿਨ੍ਹਾਂ ਦੇ ਸਾਰੇ ਮੰਗਲ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿੱਚ) ਸਨ। ਸਹਸਕ੍ਰਿਤੀ ਸਲੋਕ ਮਹਲਾ ੧ ਦੇ ਦੂਜੇ ਸਲੋਕ ਤੋਂ ਪਹਿਲਾਂ '੧ਓ ' ਦਾ ਮੰਗਲ ਸੀ, ਕਿਉਂਕਿ ਅਗਲੇ ਤਿੰਨ ਸਲੋਕ ਮਹਲਾ ੨ ਦੇ ਹਨ, ਜੋ 'ਮਾਝ' ਤੇ ਆਸਾ ਦੀ ਵਾਰ ਵਿੱਚ ਮਃ ੨ ਦੇ ਸਿਰਲੇਖ ਹੇਠ ਦਰਜ ਹੋਏ ਮਿਲਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ ਦੇ ਪ੍ਰਮੁੱਖ ਖੋਜੀ ਮੈਂਬਰ ਤਲਵਾੜਾ ਜੀ ਅਤੇ ਜਥੇਦਾਰ ਵੇਦਾਂਤੀ ਜੀ ਸਾਰੇ ਮੰਗਲਾਂ ਨੂੰ ਪਤਰੇ ਦੇ ਸੱਜੇ ਪਾਸੇ ਸਿਰਲੇਖਾਂ ਤੋਂ ਉੱਪਰ ਲਿਖਣ ਦੀ ਹੀ ਵਕਾਲਤ ਕਰਦੇ ਸਨ, ਕਿਉਂਕਿ ਗੁਰੂ-ਕਾਲ ਦੀਆਂ ਪ੍ਰਮਾਣਿਤ ਬੀੜਾਂ ਤੋਂ ਇਲਾਵਾ ੧੭ਵੀਂ ਤੇ ੧੮ਵੀਂ ਸਦੀ ਦੀਆਂ ਬਹੁਗਿਣਤੀ ਹੱਥ ਲਿਖਤ ਬੀੜਾਂ ਵਿੱਚ ਇਹੀ ਢੰਗ ਅਪਨਾਇਆ ਗਿਆ ਹੈ। ਉਹ ਸੋਚਦੇ ਸਨ ਕਿ ਇਹੀ ਇੱਕ ਅਜਿਹਾ ਮੂਲਿਕ ਢੰਗ ਹੈ, ਜਿਸ ਨਾਲ ਮੰਗਲ ਆਪਣੇ ਸਹੀ ਸਥਾਨ 'ਤੇ ਸ਼ੋਭਨੀਕ ਵੀ ਰਹਿੰਦੇ ਹਨ ਅਤੇ ਮੰਗਲ ਬਦਲਣ ਵਾਲੇ ਕਥਿਤ ਤੇ ਢੁਚਰੀ ਦੋਸ਼ ਤੋਂ ਵੀ ਬਚਿਆ ਜਾ ਸਕਦਾ ਹੈ। ਇਸ ਟੀਮ ਮੁਤਾਬਿਕ ਮੰਗਲ ਹੈਨ ਵੀ ਕੇਵਲ ਦੋ ਕਿਸਮ ਦੇ, ਬਾਕੀ ਸਭ ਲਿਖਾਰੀਆਂ ਦੀਆਂ ਉਕਾਈਆਂ ਤੇ ਮਨਮਰਜ਼ੀਆਂ ਹਨ। ੩੧ ਰਾਗਾਂ ਦੇ ਆਰੰਭ ਵਿੱਚ ਸੰਪੂਰਨ ਅਤੇ ਉਪਰਾਗਾਂ, ਘਰਾਂ ਅਤੇ ਵੱਖ ਵੱਖ ਬਾਣੀਕਾਰਾਂ ਦੇ ਸ਼ਬਦ ਸੰਗ੍ਰਹਿਆਂ ਅੱਗੇ ਕੇਵਲ '੧ਓ ਸਤਿਗੁਰਪ੍ਰਸਾਦਿ' ਦਾ ਸੰਖੇਪ ਮੰਗਲ। ਸਾਡੇ ਪਾਸ ਕਈ ਅਜਿਹੀਆਂ ਪ੍ਰਮਾਣੀਕ ਬੀੜਾਂ ਮਜੂਦ ਹਨ, ਜੋ ਉਪਰੋਕਤ ਹਕੀਕਤ ਦੀ ਗਵਾਹੀ ਭਰਦੀਆਂ ਹਨ।

'ਪਾਠ-ਭੇਦਾਂ ਦੀ ਸੂਚੀ' ਦੇ ਪੰਨਾ ੧੭ ਉੱਤੇ ਜਿਥੇ ਬੀੜ ਨੰ. ੪/੩, ੫, ੮/੮, ੨੧/੩੪, ੨੯/੭੯, ੩੨/੬੨੮੧, ੩੫/੧੧੬, ੩੯/੧੮੨ ਅਤੇ ਬੀੜ ਨੰ. ੪੮ ਦੇ ਹਵਾਲੇ ਨਾਲ ਸਿਰੀਰਾਗੁ ਦੀ ਆਰੰਭਤਾ ਵਜੋਂ ਛਾਪੇ ਦੀ ਬੀੜ ਵਾਲੇ '੧ਓ ਸਤਿਗੁਰ ਪ੍ਰਸਾਦਿ॥' ਸੰਖੇਪ ਮੰਗਲ ਦੀ ਥਾਂ '੧ਓ ਤੋਂ ਗੁਰਪ੍ਰਸਾਦਿ' ਤਕ ਦਾ ਸੰਪੂਰਨ ਮੰਗਲਾਚਰਨ ਲਿਖ ਕੇ ਛਾਪੇ ਦੇ ਸ਼ਬਦ ਸੰਗ੍ਰਹਿ ਦੇ ਸਿਰਲੇਖ 'ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧' ਦੀ ਥਾਂ ਸਹੀ ਸਿਰਲੇਖ 'ਰਾਗੁ ਸਿਰੀਰਾਗੁ ਮਹਲਾ ੧ ਚਉਪਦੇ ਘਰੁ ੧' ਲਿਖਿਆ ਹੈ, ਕਿਉਂਕਿ ਉਸ ਸੰਗ੍ਰਹਿ ਦੇ ਸਾਰੇ ਸ਼ਬਦ ਚਉਪਦੇ ਹਨ। ਉਥੇ, ਇੱਕ ਵਿਸ਼ੇਸ਼ ਨੋਟ ਵੀ ਇਉਂ ਅੰਕਿਤ ਕੀਤਾ ਹੈ:

ਨੋਟ: ਪੁਰਾਤਨ ਲਿਖਤੀ 'ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਸੰਚਿਆਂ ਵਿੱਚ ਸਾਰੇ ਇਕੱਤੀਹਾਂ ਰਾਗਾਂ ਦੇ ਆਰੰਭ ਵਿੱਚ 'ਮੰਗਲ' ਵਜੋਂ 'ਪੂਰਨ ਮੂਲਮੰਤ੍ਰ' ਲਿਖੇ ਹੋਏ ਹਨ। ਅਤੇ ਅੰਦਰਲੇ ਛੋਟੇ ਸਿਰਲੇਖਾਂ ਨਾਲ ਸੰਖੇਪ (੧ਓਸਤਿ...ਗੁਰ ਪ੍ਰਸਾਦਿ।) ਮੂਲਮੰਤ੍ਰ "ਕਟਹ ਕੁੰਟਲ ਨਜਾਯ" ਅਨੁਸਾਰ ਲਿਖਣ ਦਾ ਰਿਵਾਜ ਸੀ।

(੧ਓ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥) ਦੇ ੯ ਵਾਰ ਆਏ ਅਤੇ (੧ਓ ਸਤਿ ਨਾਮੁ ਗੁਰ ਪ੍ਰਸਾਦਿ॥) ਦੇ ਦੋ ਵਾਰ ਆਏ ਮੰਗਲਾਂ ਦੀ ਥਾਂ ਵੀ ਦਰਜਨਾਂ ਬੀੜਾਂ ਦੇ ਹਵਾਲੇ ਨਾਲ ਜਾਣਕਾਰੀ ਲਿਖੀ ਹੈ ਕਿ ਰਾਗਾਂ ਦੇ ਸਿਰਲੇਖਾਂ ਨੂੰ ਛੱਡ ਕੇ ਇਤਿਆਦਿਕ ਸਭ ਥਾਈਂ '੧ਓ ਸਤਿਗੁਰਪ੍ਰਸਾਦਿ॥' ਦਾ ਸੰਖੇਪ ਮੰਗਲ ਹੀ ਸਹੀ ਸਿੱਧ ਹੁੰਦਾ ਹੈ। ਜਿਵੇਂ ਛਾਪੇ ਦੀ ਪਾਵਨ ਬੀੜ ਦੇ ਪੰਨਾ ੨੨੦ ਤੇ ੨੩੫ 'ਤੇ ਮਹਲਾ ੧ ਤੇ ਮਹਲਾ ੫ ਦੀਆਂ ਅਸਟਪਦੀਆਂ ਵਿੱਚ ਲਿਖੇ '੧ਓ ਸਤਿ ਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥' ਮੰਗਲ ਬਾਰੇ ਬੀੜ ਨੰ. ੧, ੪/੩, ੫, ੭, ੨੧/੩੪, ੨੪/੩੬, ੩੧/੯੯, ੩੨/੬੨੮੧, ੩੬/੧੧੭, ੩੮/ ੧੭੩, ੪੧/੨੫੦ ਅਤੇ ੫੫ ਨੰ.ਬੀੜਾਂ ਦੇ ਹਵਾਲੇ ਨਾਲ '੧ਓ ਸਤਿਗੁਰਪ੍ਰਸਾਦਿ॥' ਦੇ ਸੰਖੇਪ ਮੰਗਲ ਨੂੰ ਸਹੀ ਸਿੱਧ ਕੀਤਾ ਹੈ। ਇਸੇ ਤਰਾਂ ਪਾਵਨ ਬੀੜ ਦੇ ਪੰਨਾ ੮੧ ਅਤੇ ਪੰ. ੫੪੪ 'ਤੇ ੨ ਵਾਰ ਅੰਕਿਤ '੧ਓ ਸਤਿ ਨਾਮੁ ਗੁਰਪ੍ਰਸਾਦਿ॥' ਦੇ ਮੰਗਲ ਬਾਰੇ ਬੀੜ ਨੰ. ੫, ੪/੩, ੭, ੨੧/੩੪, ੩੨/੬੨੮੧, ੩੬/੧੧੭, ੩੮/੧੭੩, ੪੦/੨੩੬, ੪੧/੨੫੦, ੪੬, ੪੭, ੪੮, ੫੩/੧ ਅਤੇ ਬੀੜ ਨੰ. ੫੪ ਦੇ ਹਵਾਲੇ ਨਾਲ ਦੱਸਿਆ ਹੈ ਕਿ ਉਪਰੋਕਤ ਦੋਈਂ ਥਾਈਂ ਵੀ ਮੰਗਲ ਦਾ ਸੰਖੇਪ ਰੂਪ '੧ਓ ਸਤਿ ਗੁਰਪ੍ਰਸਾਦਿ॥' ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' (ਪੰ. ੨੭੪) ਪੁਸਤਕ ਦੀ ਅੰਤਿਕਾ ਨੰ. ੧੦ ਮੁਤਾਬਿਕ ਯੂਨੀਵਰਸਿਟੀ ਦੇ ਉਪਰੋਕਤ ਕੇਂਦਰ ਦੀ ਲਾਇਬ੍ਰੇਰੀ ਵਿਖੇ ਹੇਠ ਲਿਖੀਆਂ ੬੫ ਪੁਰਾਤਨ ਬੀੜਾਂ ਮਜੂਦ ਹਨ, ਜਿਨ੍ਹਾਂ ਵਿੱਚ ਰਾਗ 'ਸਿਰੀਰਾਗੁ' ਦੇ ਅਰੰਭ ਵਿੱਚ ਸੰਖੇਪ ਮੰਗਲਾਚਰਨ '੧ਓ ਸਤਿਗੁਰਪ੍ਰਸਾਦਿ॥' (ਪੰ. ੧੪) ਦੀ ਥਾਂ '੧ਓ ਤੋਂ ਗੁਰਪ੍ਰਸਾਦਿ॥' ਤਕ ਦਾ ਸੰਪੂਰਨ ਮੰਗਲ ਹੈ। ਦਰਸ਼ਨ ਕਰੋ ! ਬੀੜ ਨੰ. ੧, ੨, ੫, ੭, ੮, ੧੩, ੧੯, ੨੨, ੨੪, ੨੫, ੨੬, ੩੧, ੩੩, ੩੪, ੩੫, ੩੬, ੩੯, ੪੨, ੪੩, ੪੪, ੪੫, ੪੮, ੫੦, ੫੧, ੫੨, ੫੩ ਆਦਿਕ।

ਅੰਤਿਕਾ ਨੰ. ੧੩ (ਪੰ. ੨੭੫)- ਉਨ੍ਹਾਂ ਪੁਰਾਤਨ ਬੀੜਾਂ ਦੀ ਸੂਚੀ, ਜਿਨ੍ਹਾਂ ਵਿੱਚ ਛਾਪੇ ਦੀ ਪਾਵਨ ਬੀੜ ਵਿਖੇ ਰਾਗੁ ਸਿਰੀਰਾਗੁ ਮਹਲਾ ੪ ਵਣਜਾਰਾ (ਪੰ. ੮੧) ਅਤੇ ਰਾਗੁ ਬਿਹਾਗੜਾ ਮਹਲਾ ੫॥ ਛੰਤ ਘਰੁ ੨ (ਪੰ. ੫੪੪) ਦੇ ਸਿਰਲੇਖਾਂ ਪਿਛੋਂ ਛਪੇ ਮੰਗਲਾਚਰਨ '੧ਓ ਸਤਿ ਨਾਮੁ ਗੁਰਪ੍ਰਸਾਦਿ॥' ਦੀ ਥਾਂ ਅਰੰਭ ਵਿੱਚ ਮੰਗਲ ਕੇਵਲ '੧ਓ ਸਤਿਗੁਰ ਪ੍ਰਸਾਦਿ॥' ਹੈ। ਅਜਿਹੀਆਂ ਹੱਥ ਲਿਖਤਾਂ ਦੀ ਕੁਲ ਗਿਣਤੀ ੮੭ ਹੈ। ਜਿਵੇਂ ਬੀੜ ਨੰ. ੨, ੩, ੫, ੬, ੭, ੮, ੧੦, ੧੧, ੧੨, ੧੩, ੧੫, ੧੬, ੧੭, ੧੯, ੨੦, ੨੧, ੨੨, ੨੪, ੨੫, ੨੬, ੨੭, ੩੧, ੩੨, ੩੩, ੩੪, ੩੫, ੩੬, ੩੯, ੪੦, ੪੧, ੪੨, ੪੩, ੪੪, ੪੫, ੪੯, ੫੦, ੫੧, ੫੨, ੫੩, ੫੪, ੫੫, ੫੬, ੫੭, ੫੮, ੫੯, ੬੦, ੬੨, ੬੪, ੬੬, ੬੭, ੭੧, ੭੩, ੭੪, ੭੫, ੭੬, ੭੭, ੭੮, ੮੦, ੮੧, ੮੨, ੮੩, ੮੪, ੮੬, ੮੭, ੮੯, ੯੦, ੯੧, ੯੮, ੯੯, ੧੦੦, ੧੦੧, ੧੦੨, ੧੦੪, ੧੦੮, ੧੧੦, ੧੧੫, ੧੧੬, ੧੧੭, ੧੧੯, ੧੨੦, ੧੨੨, ੧੨੫, ੧੨੮, ੧੩੦, ੧੩੫, ੧੪੦ ਤੇ ੧੪੫।

ਅੰਤਿਕਾ ਨੰ. ੧੪ (ਪੰ. ੨੭੫)- ਉਨ੍ਹਾਂ ਬੀੜਾਂ ਦੀ ਸੂਚੀ, ਜਿਨ੍ਹਾਂ ਵਿੱਚ ਰਾਗੁ ਗਉੜੀ ਛੰਤ ਮਹਲਾ ੧ (ਪੰ. ੨੪੨), ਮਹਲਾ ੩ (ਪੰ. ੨੪੩), ਭਗਤਾਂ ਕੀ ਬਾਣੀ (ਪੰ.੩੨੩), ਬਾਵਨ ਅਖਰੀ ਕਬੀਰ ਜੀ (ਪੰ. ੩੪੦) ਅਤੇ ਭਗਤ ਰਵਿਦਾਸ ਜੀ ਦੀ ਬਾਣੀ (ਪੰ. ੩੪੫) ਦੇ ਆਰੰਭ ਵਿੱਚ ਮੰਗਲਾਚਰਨ '੧ਓ ਸਤਿ ਨਾਮੁ ਕਰਤਾ ਪੁਰਖ ਗੁਰਪ੍ਰਸਾਦਿ॥' ਦੀ ਥਾਂ ਵੀ ਕੇਵਲ '੧ਓ ਸਤਿਗੁਰਪ੍ਰਸਾਦਿ॥' ਦਾ ਸੰਖੇਪ ਮੰਗਲ ਹੈ। ਅਜਿਹੀਆਂ ਪਾਵਨ ਬੀੜਾਂ ਦੀ ਕੁਲ ਗਿਣਤੀ ੬੭ ਹੈ। ਜਿਵੇਂ ਬੀੜ ਨੰ. ੫, ੭, ੮, ੯, ੧੧, ੧੩, ੧੪, ੧੮, ੨੦, ੨੨, ੨੩, ੨੫, ੨੬, ੨੭, ੩੦, ੩੧, ੩੨, ੩੪, ੩੫, ੩੯, ੪੨, ੪੩, ੪੪, ੪੫, ੪੬, ੪੭, ੫੧, ੫੩, ੫੪, ੫੫, ੫੬, ੫੭, ੫੮, ੫੯, ੬੦, ੬੩, ੬੪, ੬੬, ੬੭, ੬੮, ੭੦, ੭੩, ੭੪, ੭੯, ੮੦, ੮੧, ੮੨, ੮੩, ੮੬, ੮੭, ੯੧, ੯੯, ੧੦੦, ੧੦੨, ੧੦੪, ੧੦੬, ੧੦੮, ੧੧੦, ੧੧੫, ੧੧੯, ੧੨੫, ੧੨੮, ੧੩੫, ੧੩੯, ੧੪੦, ੧੪੮ ਤੇ ੧੫੦।

ਅੰਤਿਕਾ ਨੰ. ੪੦ (ਉਹੀ ਪੁਸਤਕ, ਪੰ. ੨੭੮)- ਸਲੋਕ ਸਹਸਕ੍ਰਿਤੀ ਮਹਲਾ ੧ ਦੇ ਦੂਜੇ ਸਲੋਕ 'ਨਿਹਫਲੰ ਤਸ੍ਯ ਜਨਮਸ੍ਯ ਜਾਵਦ ਬ੍ਰਹਮ ਨ ਬਿੰਦਤੇ॥' ਤੋਂ ਪਹਿਲਾਂ ਮੰਗਲਾਚਰਨ ਕੇਵਲ '੧ਓ' ਜਾਂ '੧ਓ ਸਤਿਗੁਰਪ੍ਰਸਾਦਿ॥' ਵਾਲੀਆਂ ਬੀੜਾਂ ਦੀ ਸੂਚੀ : ੨, ੪, ੧੨, ੧੫, ੧੭, ੧੮, ੧੯, ੨੨, ੩੩, ੪੦, ੪੨, ੪੩, ੪੫, ੫੩, ੫੬, ੧੦੧, ੧੦੪, ੧੦੭, ੧੦੮, ੧੨੦ (ਕੁੱਲ-੨੦)

ਇਹੀ ਕਾਰਣ ਹੈ ਕਿ ਜਥੇਦਾਰ ਵੇਦਾਂਤੀ ਜੀ ਦੁਆਰਾ ਪਾਵਨ ਬੀੜ ਦੇ ਸੋਧੇ ਹੋਏ ਖਰੜੇ ਵਿਖੇ ਵੀ ਇਸੇ ਮੰਗਲ ਸ਼ੈਲੀ ਨੂੰ ਹੀ ਮਹੱਤਵ ਦਿੱਤਾ ਗਿਆ ਹੈ। ਭਾਵ, 'ਸਿੱਖ ਬੁੱਕ ਕਲੱਬ ਅਮਰੀਕਾ' ਵਾਲੀ ਪਾਵਨ ਬੀੜ ਦੇ ਖਰੜੇ ਵਿਖੇ ੩੧ ਰਾਗਾਂ ਦੇ ਮੰਗਲ ਸੰਪੂਰਨ ਹਨ ਅਤੇ ਬਾਕੀ ਦੇ ਅੰਦਰਲੇ ਸਾਰੇ ਮੰਗਲ '੧ਓ ਸਤਿ ਗੁਰਪ੍ਰਸਾਦਿ॥' ਸੰਖੇਪ ਰੂਪ ਹਨ।

-੦-

# ਫੌਜੀਆਂ ਨੂੰ ਆਪਣੀ ਹੀ ਸਰਕਾਰ ਖਿਲਾਫ਼ ਕਿਉਂ ਲੜਨਾ ਪਵੇ?

**-ਡੀ. ਐਸ. ਹੁੱਡਾ ਲੈਫ. ਜਨਰਲ (ਸੇਵਾ ਮੁਕਤ)**

**ਸਤੰਬਰ 2023 ਵਿੱਚ ਹਥਿਆਰਬੰਦ ਸੈਨਾਵਾਂ ਦੀ ਅਪੰਗਤਾ ਪੈਨਸ਼ਨ ਦੀ ਗਰਾਂਟ ਲਈ ਨਵੇਂ ਹੱਕਦਾਰੀ ਨਿਯਮ ਜਾਰੀ ਕੀਤੇ ਗਏ ਸਨ। ਜਿਨ੍ਹਾਂ ਹਾਲਾਤਾਂ ਵਿੱਚ ਸੈਨਿਕ ਕੰਮ ਕਰਦੇ ਹਨ, ਉਨ੍ਹਾਂ ਦਾ ਧਿਆਨ ਰੱਖਣ ਦੀ ਬਜਾਏ, ਨਿਯਮਾਂ ਨੇ ਯੋਗਤਾ ਦੀਆਂ ਸ਼ਰਤਾਂ ਨੂੰ ਸੀਮਤ ਕਰ ਦਿੱਤਾ ਹੈ। ਇਹ ਨਿਯਮ ਸਿਵਲੀਅਨ ਕਰਮਚਾਰੀਆਂ ਦੇ ਮੁਕਾਬਲੇ ਨਾਜਾਇਜ਼ ਅਸੰਤੁਲਨ ਪੈਦਾ ਕਰਦੇ ਹਨ, ਜਿਨ੍ਹਾਂ ਨੂੰ ਅਜਿਹੀਆਂ ਸਖ਼ਤ ਸ਼ਰਤਾਂ ਤੋਂ ਬਿਨਾਂ ਹੀ ਕੰਮ ਨਾਲ ਸਬੰਧਿਤ ਸਿਹਤ ਸਮੱਸਿਆਵਾਂ ਦੇ ਮਾਮਲਿਆਂ ਵਿੱਚ ਵਿਆਪਕ ਸੁਰੱਖਿਆ ਮਿਲਣੀ ਜਾਰੀ ਹੈ। ਨਵੇਂ ਨਿਯਮ ਲਾਗੂ ਹੋਣ ਤੋਂ ਇੱਕ ਮਹੀਨੇ ਬਾਅਦ, ਇਹ ਰਿਪੋਰਟ ਆਈ ਸੀ ਕਿ ਰੱਖਿਆ ਮੰਤਰਾਲੇ ਨੇ ਫੌਜ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ ਏਐੱਫਟੀਜ਼ (ਹਥਿਆਰਬੰਦ ਬਲ ਟ੍ਰਿਬਿਊਨਲ) ਵੱਲੋਂ ਅਪਾਹਜ ਸੈਨਿਕਾਂ ਦੇ ਹੱਕ ਵਿੱਚ ਪਾਸ ਕੀਤੇ ਸਾਰੇ ਆਦੇਸ਼ਾਂ ਵਿਰੁੱਧ ਰਿੱਟ ਪਟੀਸ਼ਨਾਂ ਦਾਇਰ ਕਰੇ।**



ਜਦੋਂ ਕਿਸੇ ਵਿਕਲਾਂਗ ਸਾਬਕਾ ਫ਼ੌਜੀ ਜਾਂ ਉਸ ਦੇ ਪਰਿਵਾਰ ਨੂੰ ਕਿਸੇ ਸਰਹੱਦੀ ਮੋਰਚੇ ਦੀ ਬਜਾਏ ਅਦਾਲਤ ਵਿੱਚ ਲੜਾਈ ਲੜਨੀ ਪੈਂਦੀ ਹੈ ਤਾਂ ਸਾਡੇ ਸਿਸਟਮ ਵਿੱਚ ਕੁਝ ਨਾ ਕੁਝ ਟੁੱਟ ਜਾਂਦਾ ਹੈ ਜੋ ਜ਼ਬਾਨੀ ਕਲਾਮੀ ਫ਼ੌਜੀ ਦੀ ਪ੍ਰਸ਼ੰਸਾ ਕਰਦਾ ਹੈ ਪਰ ਸੇਵਾ ਮੁਕਤੀ ਤੋਂ ਬਾਅਦ ਉਸ ਨੂੰ ਮੁਕੱਦਮੇਬਾਜ਼ੀ ਵਿੱਚ ਉਲਝਾ ਦਿੰਦਾ ਹੈ। ਕਈ ਹਾਲੀਆ ਫੈਸਲਿਆਂ ਵਿੱਚ ਅਦਾਲਤਾਂ ਨੇ ਸਰਕਾਰ ਨੂੰ ਫੌਜੀਆਂ ਨੂੰ ਪੈਨਸ਼ਨ ਰਾਹਤ ਦੇਣ ਵਾਲੇ ਹਥਿਆਰਬੰਦ ਬਲ ਟ੍ਰਿਬਿਊਨਲ (ਏਐਫਟੀ) ਦੇ ਲਗਭਗ ਹਰੇਕ ਫੇਸਲੇ ਨੂੰ ਚੁਣੌਤੀ ਦੇਣ ਦੀ ਲਗਾਤਾਰ ਪ੍ਰਥਾ ਦੇ ਖ਼ਿਲਾਫ ਖ਼ਬਰਦਾਰ ਕੀਤਾ ਹੈ। ਇਹ ਟਿੱਪਣੀ ਉਦੋਂ ਕੀਤੀ ਗਈ ਜਦੋਂ ਦਿੱਲੀ ਹਾਈ ਕੋਰਟ ਵੱਲੋਂ ਮੇਜਰ ਸੰਜੀਵ ਚੱਢਾ ਜਿਨ੍ਹਾਂ ਦੀ 25 ਸਾਲ ਪਹਿਲਾਂ ਮੌਤ ਹੋ ਗਈ ਸੀ, ਦੇ ਕੇਸ ਵਿੱਚ ਸੁਣਵਾਈ ਕੀਤੀ ਜਾ ਰਹੀ ਸੀ।

ਪਿਛਲੇ ਮਹੀਨੇ ਇੱਕ ਹੋਰ ਕੇਸ ਵਿੱਚ ਦਿੱਲੀ ਹਾਈ ਕੋਰਟ ਨੇ ਵਿਕਲਾਂਗ ਪੈਨਸ਼ਨ ਦੇਣ ਦੇ ਏਐੱਫਟੀ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਰੱਖਿਆ ਮੰਤਰਾਲੇ ਵੱਲੋਂ ਦਾਇਰ ਕੀਤੀਆਂ 300 ਪਟੀਸ਼ਨਾਂ ਖਾਰਜ ਕਰ ਦਿੱਤੀਆਂ। ਅਦਾਲਤ ਨੇ ਆਖਿਆ, "ਇਹ ਕੋਈ ਫਰਾਖ਼ਦਿਲੀ ਦੀ ਕਾਰਵਾਈ ਨਹੀਂ ਹੈ, ਸਗੋਂ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਉਹ ਕੁਰਬਾਨੀਆਂ ਦਾ ਬਣਦਾ ਹੱਕ ਮਹਿਜ਼ ਪ੍ਰਵਾਨ ਕੀਤਾ ਗਿਆ ਹੈ ਜੋ ਫ਼ੌਜੀ ਸੇਵਾ ਦੌਰਾਨ ਹੋਈਆਂ ਵਿਕਲਾਂਗਤਾ ਜਾਂ ਵਿਗਾੜਾਂ ਦੇ ਰੂਪ ਵਿੱਚ ਹੋਈਆਂ ਸਨ... ਇਹ ਅਜਿਹਾ ਉਪਰਾਲਾ ਹੈ ਜੋ ਹੌਸਲੇ ਤੇ ਤਨਦੇਹੀ ਨਾਲ ਆਪਣੇ ਦੇਸ਼ ਦੀ ਸੇਵਾ ਕਰਨ ਵਾਲੇ ਫ਼ੌਜੀਆਂ ਪ੍ਰਤੀ ਰਾਜ ਦੇ ਫ਼ਰਜ਼ ਨੂੰ ਬੁਲੰਦ ਕਰਦਾ ਹੈ।"

ਸਾਡੇ ਸਾਹਮਣੇ ਅਸਲ ਮੁੱਦਾ ਇਹ ਹੈ- ਫ਼ੌਜੀਆਂ ਪ੍ਰਤੀ ਰਾਜ (State) ਦੀ ਜ਼ਿੰਮੇਵਾਰੀ। ਉਂਝ, ਇਸ ਤੋਂ ਪਹਿਲਾਂ ਕਿ ਅਸੀਂ ਇਸ ਵੱਲ ਆਈਏ, ਸਾਨੂੰ ਇਹ ਵੀ ਸਮਝਣਾ ਪਵੇਗਾ ਕਿ ਫ਼ੌਜ ਦੇ ਮੈਂਬਰਾਂ ਦਾ ਵਿਸ਼ੇਸ਼ ਖਿਆਲ ਕਿਉਂ ਰੱਖਿਆ ਜਾਣਾ ਚਾਹੀਦਾ ਹੈ। ਫ਼ੌਜ ਨੂੰ ਰਾਸ਼ਟਰ ਦੀ ਤਰਫ਼ੋਂ ਖਾਸ ਜ਼ਿੰਮਾ ਸੌਂਪਿਆ ਗਿਆ ਹੈ। ਜੇ ਇਸ (ਫ਼ੌਜ) ਦਾ ਵਿਹਾਰ ਗ਼ੈਰ-ਜ਼ਿੰਮੇਵਾਰ ਹੋ ਜਾਵੇ ਤਾਂ ਇਸ ਨਾਲ ਦੇਸ਼ ਦੀ ਸੁਰੱਖਿਆ ਅਤੇ ਭਲਾਈ ਕਮਜ਼ੋਰ ਹੋ ਸਕਦੀ ਹੈ। ਇਸ ਲਈ ਗੁੱਝੀਆਂ ਕਦਰਾਂ-ਕੀਮਤਾਂ ਦਾ ਸਮੂਹ ਹੋਣਾ ਚਾਹੀਦਾ ਹੈ; ਭਾਵ, ਫ਼ੌਜ ਇਖ਼ਲਾਕ ਜਿਸ ਤੋਂ ਫ਼ੌਜੀ ਸੇਧ ਲੈਣ ਸਕਣ। ਇਹ ਇਖ਼ਲਾਕ ਸਿਆਸੀ ਸਰਕਾਰ ਦੀ ਸਰਵਉੱਚਤਾ ਨੂੰ ਪ੍ਰਵਾਨ ਕਰਦਾ ਹੈ, ਇਹ ਭਾਵਨਾ ਵਿੱਚ ਕਾਰਪੋਰੇਟਿਵ ਹੁੰਦੀ ਹੈ ਅਤੇ ਵਫ਼ਾਦਾਰੀ ਤੇ ਫਰਮਾਬਰਦਾਰੀ ਉੱਪਰ ਜ਼ੋਰ ਦਿੰਦੀ ਹੈ; ਹਾਲਾਂਕਿ, ਫ਼ੌਜੀ ਇਖ਼ਲਾਕ ਦਾ ਸਭ ਤੋਂ ਮਹੱਤਵਪੂਰਨ ਤੱਤ 'ਅਸੀਮਤ ਫ਼ਰਜ਼' ਸੰਕਲਪ ਹੁੰਦਾ ਹੈ।

'ਅਸੀਮਤ ਫ਼ਰਜ਼' ਦਾ ਮਤਲਬ ਹੈ ਕਿ ਫ਼ੌਜ ਦੇ ਸਾਰੇ ਮੈਂਬਰ ਇਹ ਪ੍ਰਵਾਨ ਕਰਦੇ ਹਨ ਕਿ ਉਨ੍ਹਾਂ ਨੂੰ ਅਜਿਹੇ ਕਿਸੇ ਵੀ ਹਾਲਾਤ ਵਿੱਚ ਜਾਣ ਲਈ ਕਾਨੂੰਨਨ ਹੁਕਮ ਦਿੱਤਾ ਜਾ ਸਕਦਾ ਹੈ ਜਿਸ ਨਾਲ ਉਨ੍ਹਾਂ ਦੀ ਮੌਤ ਹੋ ਸਕਦੀ ਹੈ। ਇਹ ਖ਼ਾਸ ਤੌਰ 'ਤੇ ਫੌਜੀ ਉਪਬੰਧ ਹੁੰਦਾ ਹੈ ਜੋ ਇਸ ਨੂੰ ਕਿਸੇ ਵੀ ਹੋਰ ਕਿੱਤੇ ਨਾਲੋਂ ਵੱਖ ਕਰਦੀ ਹੈ ਅਤੇ ਇਸ ਵਿੱਚ ਮੁੱਖ ਤੌਰ 'ਤੇ ਸਮਝਣ ਵਾਲੀ ਗੱਲ ਇਹ ਹੈ ਕਿ ਡਿਊਟੀ ਦਾ ਮਤਲਬ ਉਹੀ ਹੁੰਦਾ ਹੈ ਜਿਸ ਨੂੰ ਫ਼ੌਜੀ ਜਿਵੇਂ ਤੱਕਦਾ ਹੈ। ਫ਼ੌਜੀ ਦੀ ਬੁਨਿਆਦੀ ਫਿਤਰਤ ਜਾਨ ਲੈਣਾ ਨਹੀਂ ਹੁੰਦੀ (ਹਾਲਾਂਕਿ ਜਿੱਤਣ ਲਈ ਅਜਿਹਾ



ਜ਼ਰੂਰੀ ਹੁੰਦਾ ਹੈ) ਸਗੋਂ ਮਰਨ ਦੀ ਇੱਛਾ ਹੁੰਦੀ ਹੈ। ਸਾਨੂੰ ਖ਼ੁਦ ਤੋਂ ਇਹ ਪੁੱਛਣਾ ਚਾਹੀਦਾ ਹੈ ਕਿ ਫ਼ੌਜੀਆਂ ਨੂੰ ਹਿਮਾਲਿਆਈ ਜਲ ਖੇਤਰਾਂ, ਸਿਆਚਿਨ ਦੀਆਂ ਬਰਫੀਲੀਆਂ ਚੋਟੀਆਂ, ਕਸ਼ਮੀਰ ਵਿੱਚ ਅਤਿਵਾਦ ਵਿਰੋਧੀ ਮੁਹਿੰਮਾਂ ਦੌਰਾਨ ਲੱਕ-ਲੱਕ ਤੱਕ ਬਰਫ਼ ਵਿੱਚ ਗਸ਼ਤ ਕਰਨ ਅਤੇ ਅਸਲ ਕੰਟਰੋਲ ਰੇਖਾ 'ਤੇ ਤੋਪਖਾਨੇ ਦੀ ਲੜਾਈ ਵਿੱਚ ਸ਼ਾਮਿਲ ਹੋਣ ਲਈ ਅਜਿਹੇ ਸਭ ਤੋਂ ਦੁਸ਼ਵਾਰਕੁਨ ਹਾਲਾਤ ਵਿੱਚ ਕੀ ਕਰਨਾ ਪੈਂਦਾ ਹੈ। ਜੋ ਚੀਜ਼ ਉਨ੍ਹਾਂ ਨੂੰ ਅੱਗੇ ਵਧਾਉਂਦੀ ਹੈ, ਉਹ ਹੈ ਉਦੇਸ਼ ਦੀ ਇਹ ਪ੍ਰਬਲ ਸੋਝੀ ਕਿ ਉਨ੍ਹਾਂ ਦੀ ਔਕੜ ਨਾਲੋਂ ਉਨ੍ਹਾਂ ਦਾ ਫਰਜ਼ ਕਿਤੇ ਵੱਡੇ ਉਦੇਸ਼ ਲਈ ਕਾਰਜਸ਼ੀਲ ਹੈ। ਉਹ ਦੇਸ਼ ਦੇ ਸਨਮਾਨ ਦੀ ਰਾਖੀ ਕਰ ਰਹੇ ਹਨ, ਇਹ ਜਾਣਦੇ ਹੋਏ ਕਿ ਦੇਸ਼ ਦੀ ਸੁਰੱਖਿਆ ਹਰੇਕ ਫ਼ੌਜੀ ਦੇ ਅਹਿਦ ਉੱਪਰ ਨਿਰਭਰ ਕਰਦੀ ਹੈ।

ਕੋਈ ਫ਼ੌਜੀ ਸਰਕਾਰ ਤੋਂ ਬਦਲੇ ਵਿੱਚ ਕੀ ਮੰਗਦਾ ਹੈ? ਕਿ ਉਸ ਨਾਲ ਮਾਣ, ਸਤਿਕਾਰ ਅਤੇ ਇੱਜ਼ਤ ਨਾਲ ਪੇਸ਼ ਆਇਆ ਜਾਵੇ। ਜੇਕਰ ਉਹ ਜ਼ਖ਼ਮੀ ਹੋ ਜਾਂਦਾ ਹੈ ਜਾਂ ਆਪਣੀ ਜਾਨ ਗੁਆ ਦਿੰਦਾ ਹੈ ਤਾਂ ਉਸ ਦਾ ਜਾਂ ਉਸ ਦੇ ਪਰਿਵਾਰ ਦਾ ਖਿਆਲ ਰੱਖਿਆ ਜਾਵੇ। ਇਸ ਜ਼ਿੰਮੇਵਾਰੀ ਨੂੰ 'ਮਿਲਟਰੀ ਕੋਵਨੈਂਟ' (ਫ਼ੌਜੀ ਅਹਿਦਨਾਮਾ) ਕਿਹਾ ਜਾਂਦਾ ਹੈ। ਸਿਪਾਹੀ ਤੇ ਸਰਕਾਰ ਵਿਚਕਾਰ ਇਹ ਤਾਲਮੇਲ ਅਟੁੱਟ ਬੰਧਨ ਬਣਾਉਂਦਾ ਹੈ ਜਿਸ ਨੇ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਸੈਨਾ ਨੂੰ ਕਾਇਮ ਰੱਖਿਆ ਹੈ।

'ਫ਼ੌਜੀ ਅਹਿਦਨਾਮਾ' ਨਾ ਸਿਰਫ਼ ਵਰਦੀਧਾਰੀ ਬੰਦਿਆਂ 'ਤੇ ਲਾਗੂ ਹੁੰਦਾ ਹੈ, ਸਗੋਂ ਅਤਿ ਮਹੱਤਵਪੂਰਨ ਢੰਗ ਨਾਲ, ਇਹ ਬਿਨਾਂ ਵਰਦੀ ਵਾਲੇ ਲੋਕਾਂ 'ਤੇ ਵੀ ਲਾਗੂ ਹੁੰਦਾ ਹੈ। ਇਹ ਸਾਬਕਾ ਸੈਨਿਕ ਹਨ, ਜੋ ਦੇਸ਼ ਭਰ ਦੇ ਹਜ਼ਾਰਾਂ ਪਿੰਡਾਂ ਵਿੱਚ ਰਹਿ ਰਹੇ ਹਨ, ਜਿਨ੍ਹਾਂ ਨੂੰ ਸੇਵਾਦਾਰ ਸਿਪਾਹੀ ਨੂੰ ਮਿਲਣ ਵਾਲੀ ਸੰਸਥਾਈ ਸਹਾਇਤਾ ਨਹੀਂ ਮਿਲਦੀ, ਜੋ ਸਰਕਾਰੀ ਮਿਹਰਬਾਨੀ ਦੇ ਸਭ ਤੋਂ ਵੱਧ ਹੱਕਦਾਰ ਹਨ। ਬਦਕਿਸਮਤੀ ਨਾਲ, ਸੂਰਤ-ਏ-ਹਾਲ ਇਹ ਹੈ ਕਿ ਉਹ ਹਜ਼ਾਰਾਂ ਲੋਕ ਜਿਨ੍ਹਾਂ ਦੇਸ਼ ਦੇ ਝੰਡੇ ਲਈ ਆਪਣਾ ਖ਼ੂਨ ਵਹਾਇਆ ਹੈ, ਹੁਣ ਜੱਜਾਂ ਅੱਗੇ ਬੇਨਤੀ ਕਰ ਰਹੇ ਹਨ। ਮੇਜਰ ਸੰਜੀਵ ਚੱਢਾ ਦੇ ਪਰਿਵਾਰ ਨੂੰ ਇਨਸਾਫ਼ ਲਈ 25 ਸਾਲਾਂ ਤੱਕ ਇੰਤਜ਼ਾਰ ਕਰਨਾ ਪਿਆ।

2015 'ਚ ਸਰਕਾਰ ਨੇ ਮੁਕੱਦਮੇਬਾਜ਼ੀ ਘਟਾਉਣ ਅਤੇ ਸਾਬਕਾ ਫ਼ੌਜੀਆਂ ਦੀਆਂ ਸ਼ਿਕਾਇਤਾਂ ਦੇ ਨਿਬੇੜੇ ਦੀ ਪ੍ਰਣਾਲੀ 'ਚ ਸੁਧਾਰ ਦਾ ਵਾਅਦਾ ਕੀਤਾ। ਰੱਖਿਆ ਮੰਤਰੀ ਨੇ ਮਾਹਿਰਾਂ ਦੀ ਕਮੇਟੀ ਬਣਾਈ ਅਤੇ 32 ਸਿਫ਼ਾਰਸ਼ਾਂ ਵਿੱਚੋਂ ਜੋ ਸਵੀਕਾਰ ਕੀਤੀਆਂ, ਉਨ੍ਹਾਂ ਵਿੱਚੋਂ ਇੱਕ ਸੀ ਅਦਾਲਤਾਂ ਦੁਆਰਾ ਨਿਬੇੜੇ ਸਾਰੇ ਕੇਸਾਂ ਵਿੱਚ ਮੁਕੱਦਮੇਬਾਜ਼ੀ ਨੂੰ ਵਾਪਸ ਲੈਣਾ; ਹਾਲਾਂਕਿ, ਜ਼ਮੀਨੀ ਪੱਧਰ ਉੱਤੇ ਤਬਦੀਲੀ ਬਹੁਤ ਘੱਟ ਦੇਖਣ ਨੂੰ ਮਿਲੀ।

ਸਤੰਬਰ 2023 ਵਿੱਚ ਹਥਿਆਰਬੰਦ ਸੈਨਾਵਾਂ ਦੀ ਅਪੰਗਤਾ ਪੈਨਸ਼ਨ ਦੀ ਗਰਾਂਟ ਲਈ ਨਵੇਂ ਹੱਕਦਾਰੀ ਨਿਯਮ ਜਾਰੀ ਕੀਤੇ ਗਏ ਸਨ। ਜਿਨ੍ਹਾਂ ਹਾਲਾਤਾਂ ਵਿੱਚ ਸੈਨਿਕ ਕੰਮ ਕਰਦੇ ਹਨ, ਉਨ੍ਹਾਂ ਦਾ ਧਿਆਨ ਰੱਖਣ ਦੀ ਬਜਾਏ, ਨਿਯਮਾਂ ਨੇ ਯੋਗਤਾ ਦੀਆਂ ਸ਼ਰਤਾਂ ਨੂੰ ਸੀਮਤ ਕਰ ਦਿੱਤਾ ਹੈ। ਇਹ ਨਿਯਮ ਸਿਵਲੀਅਨ ਕਰਮਚਾਰੀਆਂ ਦੇ ਮੁਕਾਬਲੇ ਨਾਜਾਇਜ਼ ਅਸੰਤੁਲਨ ਪੈਦਾ ਕਰਦੇ ਹਨ, ਜਿਨ੍ਹਾਂ ਨੂੰ ਅਜਿਹੀਆਂ ਸਖ਼ਤ ਸ਼ਰਤਾਂ ਤੋਂ ਬਿਨਾਂ ਹੀ ਕੰਮ ਨਾਲ ਸਬੰਧਿਤ ਸਿਹਤ ਸਮੱਸਿਆਵਾਂ ਦੇ ਮਾਮਲਿਆਂ ਵਿੱਚ ਵਿਆਪਕ ਸੁਰੱਖਿਆ ਮਿਲਣੀ ਜਾਰੀ ਹੈ। ਨਵੇਂ ਨਿਯਮ ਲਾਗੂ ਹੋਣ ਤੋਂ ਇੱਕ ਮਹੀਨੇ ਬਾਅਦ, ਇਹ ਰਿਪੋਰਟ ਆਈ ਸੀ ਕਿ ਰੱਖਿਆ ਮੰਤਰਾਲੇ ਨੇ ਫੌਜ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ ਏਐੱਫਟੀਜ਼ (ਹਥਿਆਰਬੰਦ ਬਲ ਟ੍ਰਿਬਿਊਨਲ) ਵੱਲੋਂ ਅਪਾਹਜ ਸੈਨਿਕਾਂ ਦੇ ਹੱਕ ਵਿੱਚ ਪਾਸ ਕੀਤੇ ਸਾਰੇ ਆਦੇਸ਼ਾਂ ਵਿਰੁੱਧ ਰਿੱਟ ਪਟੀਸ਼ਨਾਂ ਦਾਇਰ ਕਰੇ।

ਏਐੱਫਟੀਜ਼ (AFT) ਦੇ ਫੈਸਲਿਆਂ ਨੂੰ ਸਵੀਕਾਰਨ ਤੋਂ ਇਨਕਾਰ ਕਰਨ ਨਾਲ ਸਮੱਸਿਆ ਹੋਰ ਵਧ ਗਈ ਹੈ। ਅਕਤੂਬਰ 2024 ਵਿੱਚ ਨਵੀਂ ਦਿੱਲੀ 'ਚ ਏਐੱਫਟੀਜ਼ ਦੇ ਪ੍ਰਿੰਸੀਪਲ ਬੈਂਚ ਨੇ ਫ਼ੌਜ ਮੁਖੀ ਅਤੇ ਰੱਖਿਆ ਸਕੱਤਰ ਨੂੰ ਸੰਮਨ ਜਾਰੀ ਕੀਤੇ ਸਨ। ਬੈਂਚ ਨੇ ਟਿੱਪਣੀ ਕੀਤੀ, "ਅਸੀਂ ਦੇਖਿਆ ਹੈ ਕਿ ਏਐੱਫਟੀਜ਼ ਦੇ ਪ੍ਰਿੰਸੀਪਲ ਬੈਂਚ (ਨਵੀਂ ਦਿੱਲੀ) ਤੇ 10 ਹੋਰ ਖੇਤਰੀ ਬੈਂਚਾਂ ਕੋਲ ਬਕਾਇਆ 6500 ਤੋਂ ਵੱਧ ਕੇਸਾਂ ਵਿੱਚ ਜਵਾਬਦੇਹ ਧਿਰਾਂ ਇਸ ਟ੍ਰਿਬਿਊਨਲ ਵੱਲੋਂ ਪਾਸ ਕੀਤੇ ਗਏ ਆਦੇਸ਼ਾਂ ਨੂੰ ਲਾਗੂ ਨਹੀਂ ਕਰ ਰਹੀਆਂ ਹਨ।"

ਅਧਿਕਾਰੀਆਂ ਦੁਆਰਾ ਅਕਸਰ ਦਿੱਤਾ ਗਿਆ ਤਰਕ ਇਹ ਹੈ ਕਿ "ਬੇਈਮਾਨ ਕਰਮਚਾਰੀਆਂ" ਦੁਆਰਾ ਅਪੰਗਤਾ ਲਾਭਾਂ ਦਾ ਫ਼ਾਇਦਾ ਚੁੱਕਿਆ ਜਾ ਰਿਹਾ ਹੈ ਅਤੇ "ਜੀਵਨ ਸ਼ੈਲੀ ਦੀਆਂ ਬਿਮਾਰੀਆਂ ਲਈ ਵੀ ਅਪੰਗਤਾ ਦੀ ਮੰਗ ਕਰਨ ਵਾਲੇ ਕਰਮਚਾਰੀਆਂ" ਵਿੱਚ ਵਾਧਾ ਹੋਇਆ ਹੈ। ਇਹ ਦਾਅਵਾ ਜਾਂਚ-ਪਰਖ਼ ਦੀ ਕਸੌਟੀ 'ਤੇ ਖਰਾ ਨਹੀਂ ਉਤਰਦਾ, ਕਿਉਂਕਿ ਵੱਡੀ ਗਿਣਤੀ ਵਿੱਚ ਕੇਸ ਅਜਿਹੇ ਹਨ ਜਿੱਥੇ ਅਦਾਲਤਾਂ ਨੇ ਏਐੱਫਟੀਜ਼ ਦੇ ਫ਼ੈਸਲਿਆਂ ਖ਼ਿਲਾਫ਼ ਰੱਖਿਆ ਮੰਤਰਾਲੇ ਦੀਆਂ ਚੁਣੌਤੀਆਂ ਨੂੰ ਰੱਦ ਕੀਤਾ ਹੈ।

ਇਸ ਲਈ ਰੱਖਿਆ ਮੰਤਰਾਲੇ ਨੂੰ ਅਪੰਗਤਾ ਦੀ ਹੱਕਦਾਰੀ ਬਾਰੇ ਆਪਣੀ ਨੀਤੀ ਦੀ ਸਮੀਖਿਆ ਕਰਨੀ ਚਾਹੀਦੀ ਹੈ, ਕਿਸੇ ਵੀ ਦੁਰਵਰਤੋਂ ਨੂੰ ਰੋਕਣ ਅਤੇ ਸਿਪਾਹੀਆਂ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋਣ ਖਾਤਰ, ਜਿਨ੍ਹਾਂ ਦੀ ਸਿਹਤ ਦਾ ਉਨ੍ਹਾਂ ਖ਼ਤਰਨਾਕ ਹਾਲਾਤ ਵਿੱਚ ਖ਼ਰਾਬ ਹੋਣਾ ਯਕੀਨੀ ਹੈ ਜਿਨ੍ਹਾਂ ਵਿੱਚ ਉਹ ਕੰਮ ਕਰਦੇ ਹਨ। ਇਹ ਮਹਿਜ਼ ਤਕਨੀਕੀ ਨਹੀਂ, ਬਲਕਿ ਇਖ਼ਲਾਕੀ ਕਾਰਵਾਈ ਵੀ ਹੋਣੀ ਚਾਹੀਦੀ ਹੈ।

ਅਕਸਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਫ਼ੌਜ ਵੱਡਾ ਸੰਗਠਨ ਹੈ ਅਤੇ ਅਦਾਲਤ ਦੇ ਆਦੇਸ਼ਾਂ ਨੂੰ ਲਾਗੂ ਕਰਨ ਦੇ ਵਿੱਤੀ ਅਸਰ ਪਹਿਲਾਂ ਤੋਂ ਹੀ ਦਬਾਅ ਹੇਠ ਰਹਿੰਦੇ ਮਾਲੀ ਬਜਟ 'ਤੇ ਵਾਧੂ ਦਬਾਅ ਪਾਉਣਗੇ। ਇਨਸਾਫ਼ ਨੂੰ ਅਣਗੌਲਿਆਂ ਕਰ ਕੇ ਪੈਸੇ ਜੋੜਨਾ ਸਹੀ ਗੱਲ ਨਹੀਂ ਹੈ। ਕਿਸੇ ਵੀ ਹੁਕਮ ਨੂੰ ਮਿਲਦੀ ਚੁਣੌਤੀ ਅਦਾਲਤੀ ਆਦੇਸ਼ਾਂ ਵਿੱਚ ਵਿਘਨ ਪਾਉਂਦੀ ਹੈ, ਪੁਨਰਵਾਸ ਵਿੱਚ ਦੇਰੀ ਹੁੰਦੀ ਹੈ ਅਤੇ ਸੈਨਿਕ ਤੇ ਸਰਕਾਰ ਵਿਚਾਲੇ ਭਰੋਸਾ ਟੁੱਟਦਾ ਹੈ। ਕਿਸੇ ਫ਼ੌਜੀ ਦੀ ਆਖ਼ਿਰੀ ਲੜਾਈ ਉਸ ਦੀ ਆਪਣੀ ਹੀ ਸਰਕਾਰ ਵਿਰੁੱਧ ਨਹੀਂ ਹੋਣੀ ਚਾਹੀਦੀ।

-0-

# ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।




ਵੱਲੋਂ ਅਦਾਰਾ
'ਗੁਰਮਤਿ ਵਿਰਸਾ'

# ਪੰਜਾਬੀ ਸਾਹਿਤ ਦਾ ਇੱਕ ਅਹਿਮ ਸ਼ਾਹਕਾਰ, ਨਜ਼ਾਬਤ ਦੀ ਵਾਰ (ਨਾਦਰ ਸ਼ਾਹ ਦੀ ਵਾਰ)

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ) # ਪੰਡੋਰੀ ਸਿੱਧਵਾਂ 9501100062**

ਔਰੰਗਜ਼ੇਬ ਦੀ ਮੌਤ (1707 ਈਸਵੀ) ਤੋਂ ਬਾਅਦ ਮੁਗਲ ਰਾਜ ਢਹਿੰਦੀਆਂ ਕਲਾਂ ਵੱਲ ਜਾਣ ਲੱਗ ਪਿਆ ਸੀ। ਦਰਬਾਰੀ ਸਾਜ਼ਿਸ਼ਾਂ ਕਾਰਨ ਬਾਦਸ਼ਾਹਾਂ ਦੇ ਲਗਾਤਾਰ ਕਤਲ ਕੀਤੇ ਜਾ ਰਹੇ ਸਨ। ਸੰਨ 1719 ਈਸਵੀ ਵਿੱਚ ਮੁਹੰਮਦ ਸ਼ਾਹ ਗੱਦੀ 'ਤੇ ਬੈਠਾ ਤੇ ਉਸ ਨੇ ਸੰਨ 1748 ਈਸਵੀ ਤੱਕ ਰਾਜ ਕੀਤਾ, ਪਰ ਨਾਚ ਗਾਣੇ ਅਤੇ ਸ਼ਰਾਬ ਸ਼ਬਾਬ ਦਾ ਸ਼ੌਕੀਨ ਹੋਣ ਕਾਰਨ ਉਸ ਦਾ ਤਖ਼ਲੱਸ ਰੰਗੀਲਾ ਪੈ ਗਿਆ। ਇਰਾਨ ਦਾ ਬਾਦਸ਼ਾਹ ਨਾਦਰ ਸ਼ਾਹ 1736 ਈਸਵੀ ਵਿੱਚ ਗੱਦੀ 'ਤੇ ਬੈਠਾ ਸੀ ਤੇ ਉਸ ਵੇਲੇ ਦਾ ਏਸ਼ੀਆ ਦਾ ਸਭ ਤੋਂ ਕਾਮਯਾਬ ਜਰਨੈਲ ਸੀ। ਇਲਾਕੇ ਦੇ ਵਿਸਤਾਰ ਨੂੰ ਲੈ ਕੇ ਉਸ ਦਾਤੁਰਕੀ ਅਤੇ ਰੂਸ ਨਾਲ ਘਮਸਾਨ ਚੱਲ ਰਿਹਾ ਸੀ ਜਿਸ ਲਈ ਉਸ ਨੂੰ ਪੈਸੇ ਦੀ ਸਖ਼ਤ ਜਰੂਰਤ ਸੀ। ਜਦੋਂ ਉਸ ਨੂੰ ਮੁਗਲ ਰਾਜ ਦੀ ਕਮਜ਼ੋਰੀ ਬਾਰੇ ਪਤਾ ਚੱਲਿਆ ਤਾਂ ਉਸ ਨੇ ਆਪਣੇ ਖਜ਼ਾਨੇ



ਭਰਨ ਲਈ ਭਾਰਤ 'ਤੇ ਹਮਲਾ ਕਰਨ ਦਾ ਫੈਸਲਾ ਕੀਤਾ। ਅਕਤੂਬਰ 1738 ਵਿੱਚ ਨਾਦਰ ਸ਼ਾਹ ਨੇ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ 8 ਜਨਵਰੀ 1739 ਨੂੰ ਉਹ ਲਾਹੌਰ ਪਹੁੰਚ ਗਿਆ। 11 ਜਨਵਰੀ ਨੂੰ ਥੋੜ੍ਹੀ ਜਿਹੀ ਮੁੱਠਭੇੜ ਤੋਂ ਬਾਅਦ ਜ਼ਕਰੀਆ ਖਾਨ ਨੇ ਨਾਦਰ ਸ਼ਾਹ ਦੀ ਈਨ ਮੰਨ ਲਈ ਤਾਂ ਉਸ ਨੂੰ ਦੁਬਾਰਾ ਲਾਹੌਰ ਦਾ ਸੂਬੇਦਾਰ ਥਾਪ ਦਿੱਤਾ ਗਿਆ।

26 ਜਨਵਰੀ ਨੂੰ ਨਾਦਰ ਸ਼ਾਹ ਲਾਹੌਰ ਤੋਂ ਚੱਲਿਆ ਤੇ 15 ਫਰਵਰੀ ਨੂੰ ਉਸ ਨੇ ਕਰਨਾਲ ਜਾ ਡੇਰੇ ਲਾਏ। 24 ਫਰਵਰੀ 1739 ਨੂੰ ਸਵੇਰੇ ਕਰਨਾਲ ਦੀ ਜੰਗ ਸ਼ੁਰੂ ਹੋਈ ਤੇ ਸਿਰਫ ਤਿੰਨ ਘੰਟੇ ਦੇ ਅੰਦਰ ਹੀ ਨਾਦਰ ਸ਼ਾਹ ਨੇ ਮੁਗਲ ਫੌਜ ਤਬਾਹ ਕਰ ਦਿੱਤੀ। ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਇੱਕ ਤਰਾਂ ਨਾਲ ਬੰਦੀ ਬਣਾ ਲਿਆ ਗਿਆ। ਜੇਤੂ ਇਰਾਨੀ ਫੌਜ ਨੇ ਲੁੱਟ ਮਾਰ ਤੇ ਕਤਲੇਆਮ ਸ਼ੁਰੂ ਕਰ ਦਿੱਤਾ। ਜਿਸ ਦੌਰਾਨ 50000 ਦੇ ਕਰੀਬ ਮਰਦ, ਔਰਤਾਂ ਤੇ ਬੱਚੇ ਕਤਲ ਕਰ ਦਿੱਤੇ ਗਏ ਤੇ ਅਰਬਾਂ ਰੁਪਏ ਦੀ ਲੁੱਟ ਕੀਤੀ ਗਈ। ਨਾਦਰ ਸ਼ਾਹ ਦੇ ਹੱਥ ਤਖਤੇ ਤਾਊਸ, ਕੋਹਿਨੂਰ ਅਤੇ ਦਰਿਆਏ ਨੂਰ ਹੀਰੇ ਸਮੇਤ ਮੁਗਲਾਂ ਦੀਆਂ ਨੌਂ ਪੀੜ੍ਹੀਆਂ ਦਾ ਜੋੜਿਆ ਅਜੋਕੀ ਕੀਮਤ ਅਨੁਸਾਰ ਕਰੀਬ 125 ਅਰਬ ਰੁ. ਦਾ ਖਜ਼ਾਨਾ ਆਇਆ। ਇਸ ਲੁੱਟ ਨੇ ਇਰਾਨ ਨੂੰ ਐਨਾ ਅਮੀਰ ਕਰ ਦਿੱਤਾ ਕਿ ਨਾਦਰ ਸ਼ਾਹ ਨੇ ਪਰਜਾ ਦੇ ਹਰ ਪ੍ਰਕਾਰ ਦੇ ਟੈਕਸ ਅਗਲੇ ਤਿੰਨ ਸਾਲ ਲਈ ਮਾਫ ਕਰ ਦਿੱਤੇ।

ਨਾਦਰ ਸ਼ਾਹ ਦੇ ਇਸ ਹਮਲੇ ਬਾਰੇ ਕਿੱਸਾ ਕਾਰ ਨਜ਼ਾਬਤ ਨੇ ਬਹੁਤ ਹੀ ਵਿਸਥਾਰ ਨਾਲ ਇਹ ਵਾਰ ਲਿਖੀ ਹੈ। ਨਜ਼ਾਬਤ ਦੀ ਵਾਰ ਲਿਖਤੀ ਰੂਪ ਵਿੱਚ ਨਹੀਂ ਸੀ ਮਿਲਦੀ। ਸੰਨ 1898 ਈਸਵੀ ਵਿੱਚ ਇੱਕ ਅੰਗਰੇਜ਼ ਅਫਸਰ ਸਰ ਐਡਵਰਡ ਮੈਕਲੋਗਾਨ ਨੇ ਬਾਰ ਦੇ ਇਲਾਕੇ ਵਿੱਚ ਇੱਕ ਮਰਾਸੀ ਦੇ ਮੂੰਹੋਂ ਇਸ ਨੂੰ ਸੁਣਿਆ। ਉਸ ਨੂੰ ਇਹ ਜੋਸ਼ੀਲੀ ਵਾਰ ਐਨੀ ਚੰਗੀ ਲੱਗੀ ਕਿ ਉਸ ਨੇ ਆਪਣੇ ਮੁਨਸ਼ੀ ਪੰਡਿਤ ਹਰੀ ਕ੍ਰਿਸ਼ਣ ਨੂੰ ਇਸ ਨੂੰ ਲਿਖਣ ਲਈ ਹੁਕਮ ਦਿੱਤਾ। ਪੰਡਿਤ ਜੀ ਨੇ ਇਲਾਕੇ ਵਿੱਚ ਘੁੰਮ ਕੇ ਜਿੰਨੀ ਕੁ ਵਾਰ ਮਿਲੀ, ਉਸ ਨੂੰ ਲਿਖਤੀ ਰੂਪ ਦਿੱਤਾ। ਵਾਰ ਦੇ ਲਿਖਾਰੀ ਨੇ ਦੋ ਤੁਕਾਂ (564 ਅਤੇ 849) ਵਿੱਚ ਆਪਣਾ ਨਾਮ ਨਜ਼ਾਬਤ ਲਿਖਿਆ ਹੈ। ਇਸ ਵਾਰ ਦੇ 38 ਕਾਂਡ, 86 ਪੌੜੀਆਂ ਅਤੇ 854 ਸਤਰਾਂ ਹਨ। ਨਜ਼ਾਬਤ ਦੇ ਜਨਮ ਤੇ ਮੌਤ ਦੀਆਂ ਤਾਰੀਖ਼ਾਂ ਬਾਰੇ ਪਤਾ ਨਹੀਂ ਲੱਗਦਾ ਪਰ ਉਹ ਪਿੰਡ ਮਟੀਲਾਂ ਹਰਲਾਂ ਜਿਲ੍ਹਾ ਸ਼ਾਹਪੁਰ ਦਾ ਹਰਲ ਰਾਜਪੂਤ ਮੁਸਲਮਾਨ ਸੀ। ਉਸ ਦੇ ਸਟੀਕ ਵਰਨਣ ਤੋਂ ਇਸ ਤਰਾਂ ਲੱਗਦਾ ਹੈ ਜਿਵੇਂ ਉਹ ਕਾਬਲ ਤੋਂ ਹੀ ਨਾਦਰ ਸ਼ਾਹ ਦੀ ਫੌਜ ਦੇ ਹਮਰਾਹ ਦਿੱਲੀ ਤੱਕ ਪਹੁੰਚਿਆ ਹੋਵੇ। ਉਸ ਨੇ ਨਾਦਰ ਸ਼ਾਹ ਅਤੇ ਮੁਹੰਮਦ ਸ਼ਾਹ ਰੰਗੀਲੇ ਦੇ ਜਰਨੈਲਾਂ ਦੇ ਨਾਮ (ਨਿਜ਼ਾਮੁਲ ਮੁਲਕ, ਖਾਨ ਦੌਰਾ, ਸੱਯਦ ਭਰਾ, ਮਲਕਾ ਜ਼ਮਾਨੀ, ਨਾਸਰ ਖਾਨ, ਬਾਕੀ ਖਾਨ, ਸ਼ਾਹਬਾਜ਼ ਖਾਨ, ਕਲੰਦਰ ਬੇਗ, ਜ਼ਕਰੀਆ ਖਾਨ, ਅਜ਼ੀਜ ਖਾਨ, ਮੁਜ਼ੱਫਰ ਸ਼ਾਹ ਅਤੇ ਕਮਰੁਦੀਨ) ਤੇ ਉਨ੍ਹਾਂ ਵੱਲੋਂ ਦਿਖਾਈ ਗਈ ਬਹਾਦਰੀ ਦਾ ਬਿਲਕੁਲ ਸਟੀਕ ਵਰਨਣ ਕੀਤਾ ਹੈ। ਉਹ ਨਾਦਰ ਸ਼ਾਹ ਨੂੰ ਨਾਜ਼ਰ ਸ਼ਾਹ ਲਿਖਦਾ ਹੈ ਤੇ ਇਥੋਂ ਤੱਕ ਕਿ ਉਸ ਵੱਲੋਂ ਭਰਤੀ ਕੀਤੀ ਗਈ ਫੌਜ ਕਿਸ ਕਿਸ ਨਸਲ ਦੀ ਸੀ, ਇਸ ਬਾਰੇ ਵੀ ਸਟੀਕ ਵਰਨਣ ਕਰਦਾ ਹੈ,

ਚੜ੍ਹੇ ਇਸਫਹਾਨ ਥੀਂ ਨਾਜ਼ਰ ਸ਼ਾਹ ਭੇਰੀਂ ਘੜੁੱਕੇ,
ਚੁਣ ਚੁਣ ਕੱਢੇ ਪਹਿਲਵਾਨ ਬਹਾਦਰ ਯੱਕੇ
ਨਸਰਾਨੀ, ਮਜ਼ੂਫੀਏ, ਯਾਹੂਦ ਉਚੱਕੇ,
ਬੱਦੂ, ਗੁਰਜੀ ਉਹ ਮੁਲਹਿਦ ਪੱਕੇ
ਮਰਵਾਣੀ ਤੇ ਕਤਲਬਾਜ਼, ਮੁਗਲ ਉਜ਼ਬੱਕੇ,
ਨੱਕ ਫੀਨ੍ਹੇ ਸਿਰ ਤਾਉੜੇ, ਢਿੱਡ ਵਾਂਗ ਢਮੱਕੇ
ਉਹ ਇੱਕੋ ਨਾਰ ਵਸਾਉਂਦੇ, ਦਸ ਭਾਈ ਸੱਕੇ।
ਡੇਰੇ ਕੋਲ ਕੰਧਾਰ ਦੇ ਆ ਊਧਮ ਲੱਥੇ,
ਤਿਸ ਦਿਹਾੜੇ ਹਿੰਦ ਕੰਬਿਆ, ਖਬਰਾਂ ਪਹੁੰਚੀਆਂ ਮੱਕੇ"

ਜਦੋਂ ਨਾਦਰ ਸ਼ਾਹ ਨਾਲ ਬਿਨਾਂ ਕੋਈ ਖਾਸ ਯੁੱਧ ਕੀਤੇ ਖਾਨ ਬਹਾਦਰ ਜ਼ਕਰੀਆ ਖਾਨ ਨੇ ਈਨ ਮੰਨ ਲਈ ਤਾਂ ਨਜ਼ਾਬਤ ਉਸ ਦਾ ਮਜ਼ਾਕ ਉਡਾਉਂਦਾ ਹੋਇਆ ਲਿਖਦਾ ਹੈ ਕਿ ਖਾਨ ਬਹਾਦਰ ਨਾਦਰ ਸ਼ਾਹ ਅੱਗੇ ਇੰਜ ਲਿਫ ਗਿਆ, ਜਿਵੇਂ ਉਹ ਖੁਸਰਾ ਹੋਵੇ,

ਨਵਾਬ ਖਾਨ ਬਹਾਦਰ ਮੋਰਚੇ, ਕੱਢ ਅੱਗੋਂ ਲਾਏ
ਪਰ ਚੜ੍ਹਿਆ ਲਸ਼ਕਰ ਵੇਖ ਕੇ, ਉੱਡ ਹੈਰਤ ਜਾਏ
ਜਿਉਂ ਖੁਸਰੇ ਬੱਧੀ ਪਗੜੀ, ਕੀ ਮਰਦ ਕਹਾਏ
ਜਿਉਂ ਕਸਾਈ ਬਕਰਾ ਪਕੜਿਆ, ਨਾ ਦੁੰਮ ਹਿਲਾਏ
ਜਿਉਂ ਕੰਜਰੀ ਆਸ਼ਕ ਮਰਦ ਨੂੰ,ਕਰ ਨਾਜ਼ ਵਲਾਏ
ਉਹ ਦੇਇ ਖਜ਼ਾਨੇ ਵੱਢੀਆਂ, ਛਹਿ ਜਾਨ ਬਚਾਏ
ਖਾਨ ਬਹਾਦਰ ਛੋੜ ਬਹਾਦਰੀ, ਲੱਗ ਕਦਮੀਂ ਜਾਏ।

ਕਰਨਾਲ ਦੀ ਜੰਗ ਦਾ ਉਹ ਜਿਸ ਵੀਰ ਰਸ ਨਾਲ ਵਰਨਣ ਕਰਦਾ ਹੈ, ਉਹ ਸ਼ਾਹ ਮੁਹੰਮਦ ਦੇ ਜੰਗਨਾਮਾ ਦੀ ਟੱਕਰ ਦਾ ਹੈ। ਜਦੋਂ ਮੁਗਲ ਬਾਦਸ਼ਾਹ ਆਪਣੇ ਸੈਨਿਕਾਂ ਨੂੰ ਵੰਗਾਰਦਾ ਹੈ ਤਾਂ ਉਹ ਅੱਗੋਂ ਜਵਾਬ ਦਿੰਦੇ ਹਨ,

ਬੱਧੇ ਹੱਥ ਸਿਪਾਹੀਆਂ, ਬੰਨ੍ਹ ਅਰਜ਼ਾਂ ਕਰੀਆਂ
ਨਿਮਕ ਹਲਾਲ ਹਾਂ ਮੁੱਢ ਕਦੀਮ ਦੇ, ਖ਼ੂਬ ਤਲਬਾਂ ਤਰੀਆਂ
ਉਨ੍ਹਾਂ ਸਰਕ ਲਈਆਂ ਸਰਵਾਹੀਆਂ, ਹੱਥ ਢਾਲਾਂ ਫੜ੍ਹੀਆਂ
ਅਸੀਂ ਹਜ਼ਰਤ ਅਲੀ ਦੀ ਜੰਗ ਵਾਂਗ, ਘੱਤ ਦਿਆਂਗੇ ਗਲੀਆਂ
ਕਾਬਲ ਰੋਣ ਪਠਾਣੀਆਂ, ਭੰਨ ਚੂੜੇ ਕੜੀਆਂ।

ਨਜ਼ਾਬਤ ਮੁਗਲ ਫੌਜ ਵਿੱਚ ਸ਼ਾਮਲ ਰਾਜਪੂਤ ਰਾਜਿਆਂ ਬਾਰੇ ਜਾਣਕਾਰੀ ਦਿੰਦਾ ਹੋਇਆ ਦੱਸਦਾ ਹੈ ਕਿ ਉਹ ਅਫੀਮ ਖਾਣ ਦੇ ਬਹੁਤ ਸ਼ੌਕੀਨ ਸਨ,

ਚੜ੍ਹੇ ਔਰੰਗਾਬਾਦ ਥੀਂ, ਭੇਰੀ ਘੁਰਲਾਵਨ
ਅੱਗੇ ਅੰਬੇਰੀ (ਜੈਪੁਰ) ਤੇ ਮਾਰਵਾੜ, ਬੂੰਦੀ ਘਲਿ ਆਵਨ
ਘੋੜੇ ਉਨ੍ਹਾ ਦੇ ਦਲਾਂ ਨੂੰ, ਕਰ ਜਸ਼ਨ ਵਿਖਾਵਣ,
ਉਹ ਪਾ ਪਾ ਫੀਮਾਂ ਟਾਂਕਦੇ, ਕੈਫੀ ਝੁਟਲਾਵਣ।

ਕਰਨਾਲ ਦੀ ਜੰਗ ਦਾ ਉਸ ਵੱਲੋਂ ਕੀਤਾ ਗਿਆ ਵਰਨਣ ਲੂੰ ਕੰਡੇ ਖੜੇ ਕਰਨ ਵਾਲਾ ਹੈ,

ਦੋਹੀਂ ਦਲੀਂ ਮੁਕਾਬਲਾ, ਰਣ ਸੂਰੇ ਗੜਕਣ
ਚੜ੍ਹ ਤੋਪਾਂ ਗੱਡੇ ਢੁੱਕੀਆਂ, ਲੱਖ ਸੰਗਲ ਖੜਕਣ
ਉਹ ਦਾਰੂ ਖਾਂਦੀਆਂ ਕੋਹਲੀਆਂ, ਮਣ ਗੋਲੇ ਰੜਕਣ
ਉਹ ਦਾਗ ਪਲੀਤੇ ਛੱਡੀਆਂ, ਵਾਂਗ ਬੱਦਲ ਕੜਕਣ
ਜਿਉਂ ਦਰ ਖੁਲ੍ਹੇ ਦੋਜ਼ਖਾਂ, ਮੂੰਹ ਭਾਹੀਂ ਭੜਕਣ
ਜਿਉਂ ਝਾਬੇ ਮਾਰੇ ਪੰਖਣੂੰ, ਵਿੱਚ ਬਾਗਾਂ ਫੜਕਣ
ਜਿਉਂ ਝੱਲੀਂ ਅੱਗਾਂ ਲੱਗੀਆਂ, ਰਣ ਸੂਰੇ ਤੜਕਣ
ਉਹ ਹਸ਼ਰ ਦਿਹਾੜਾ ਵੇਖ ਕੇ, ਦਲ ਦੋਵੇਂ ਧੜਕਣ।

ਜੰਬੂਰਚਾ ਇੱਕ ਛੋਟੀ ਤੋਪ ਹੁੰਦੀ ਹੈ ਜਿਸ ਨੂੰ ਊਠਾਂ ਉੱਪਰ ਫਿੱਟ ਕੀਤਾ ਜਾਂਦਾ ਸੀ ਤਾਂ ਜੋ ਮੈਦਾਨੇ ਜੰਗ ਵਿੱਚ ਕਿਤੇ ਵੀ ਲਿਜਾਇਆ ਜਾ ਸਕੇ। ਉਨ੍ਹਾਂ ਬਾਰੇ ਨਜ਼ਾਬਤ ਲਿਖਦਾ ਹੈ,

ਹੋਇਆ ਹੁਕਮ ਜੰਬੂਰਚੀਆਂ, ਆ ਊਠ ਝੁਕਾਏ
ਬਾਹੀ ਜਿਵੇਂ ਪਹਾੜ ਦੀ, ਕਰ ਕੋਟ ਬਹਾਏ
ਉਨ੍ਹਾਂ ਕਰ ਕੇ ਧੌਣਾਂ ਲੰਮੀਆਂ, ਬੱਦਲ ਗਿਰੜਾਏ
ਦਾਗ ਪਲੀਤੇ ਛੱਡੀਆਂ, ਡੌਂ ਝੱਲੀਂ ਲਾਏ
ਪੈ ਰਹੇ ਹਜ਼ਾਰ ਮੈਦਾਨ ਵਿੱਚ, ਦੁਪਾਏ ਚੁਪਾਏ
ਹਾਥੀਂ ਢਹਿੰਦੇ ਦਲਾਂ ਵਿੱਚ, ਹੋ ਸਿਰ ਤਲਵਾਏ
ਜਿਵੇਂ ਢਹਿਣ ਮਣਾਂ ਦਰਿਆ ਦੀਆਂ, ਸਾਵਣ ਹੜ੍ਹ ਆਏ।

ਤੀਰ ਅੰਦਾਜ਼ਾਂ ਦੇ ਰਣ ਕੌਸ਼ਲ ਬਾਰੇ ਉਹ ਲਿਖਦਾ ਹੈ,

ਧਣਵਾਂ ਪਕੜ ਬਹਾਦਰਾਂ, ਹੱਥ ਖੱਬੇ ਫੜ੍ਹੀਆਂ
ਉਨ੍ਹਾਂ ਸੱਜੇ ਚਿੱਲਾ ਖਿੱਚਿਆ, ਖਿੱਚ ਕੰਨੀ ਖੜੀਆਂ
ਪਰ ਘੱਤ ਉੱਡਣ ਕਾਨੀਆਂ, ਦੁਕਾਨੀਂ ਘੜੀਆਂ
ਉਹ ਮਾਰਨ ਸੂਰੇ ਸੂਰਿਆਂ, ਵਿੱਚ ਜਰਾ ਨਾ ਅੜੀਆਂ,
ਜਿਉਂ ਮੇਖਾਂ ਬੇੜੀ ਠੁੱਕੀਆਂ, ਧਸ ਗੁੱਝਾਂ ਵੜੀਆਂ
ਸੂਰੇ ਝੱਠੇ ਨੇ ਬੀਰ ਖੇਤ, ਮੱਲ ਸੁੱਤੇ ਰੜੀਆਂ।

ਬਦੂੰਕਚੀਆਂ ਦੀ ਬਹਾਦਰੀ ਬਾਰੇ ਵਰਨਣ ਇਸ ਤਰਾਂ ਕਰਦਾ ਹੈ,

ਜਵਾਨਾਂ ਤੁਫੰਗਾਂ ਪਕੜੀਆਂ, ਕਰ ਸ਼ਿਸ਼ਤ ਸੰਭਾਲੇ
ਉਨ੍ਹਾਂ ਲੱਪੀਂ ਦਾਰੂ ਠੇਹਲਿਆ, ਅੱਗ ਲਾ ਪਿਆਲੇ
ਸੜਕ ਘੱਤੀ ਸੀ ਗੋਲੀਆਂ, ਲੋਹੂ ਪਰਨਾਲੇ
ਜਿਉਂ ਭੌਰ ਗੁੱਲਾਂ ਪਰ ਗੂੰਜਦੇ, ਹੋ ਮੁਹਰੇ ਫਾਲੇ
ਜਿਉਂ ਵੱਸੇ ਗੜਾ ਤੂਫਾਨ ਦਾ, ਹੋਣ ਬੱਦਲ ਕਾਲੇ।

**26 ਜਨਵਰੀ ਨੂੰ ਨਾਦਰ ਸ਼ਾਹ ਲਾਹੌਰ ਤੋਂ ਚੱਲਿਆ ਤੇ 15 ਫਰਵਰੀ ਨੂੰ ਉਸ ਨੇ ਕਰਨਾਲ ਜਾ ਡੇਰੇ ਲਾਏ। 24 ਫਰਵਰੀ 1739 ਨੂੰ ਸਵੇਰੇ ਕਰਨਾਲ ਦੀ ਜੰਗ ਸ਼ੁਰੂ ਹੋਈ ਤੇ ਸਿਰਫ ਤਿੰਨ ਘੰਟੇ ਦੇ ਅੰਦਰ ਹੀ ਨਾਦਰ ਸ਼ਾਹ ਨੇ ਮੁਗਲ ਫੌਜ ਤਬਾਹ ਕਰ ਦਿੱਤੀ। ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਇੱਕ ਤਰਾਂ ਨਾਲ ਬੰਦੀ ਬਣਾ ਲਿਆ ਗਿਆ।ਜੇਤੂ ਇਰਾਨੀ ਫੌਜ ਨੇ ਲੁੱਟ ਮਾਰ ਤੇ ਕਤਲੇਆਮ ਸ਼ੁਰੂ ਕਰ ਦਿੱਤਾ। ਜਿਸ ਦੌਰਾਨ 50000 ਦੇ ਕਰੀਬ ਮਰਦ, ਔਰਤਾਂ ਤੇ ਬੱਚੇ ਕਤਲ ਕਰ ਦਿੱਤੇ ਗਏ ਤੇ ਅਰਬਾਂ ਰੁਪਏ ਦੀ ਲੁੱਟ ਕੀਤੀ ਗਈ। ਨਾਦਰ ਸ਼ਾਹ ਦੇ ਹੱਥ ਤਖਤੇ ਤਾਊਸ, ਕੋਹਿਨੂਰ ਅਤੇ ਦਰਿਆਏ ਨੂਰ ਹੀਰੇ ਸਮੇਤ ਮੁਗਲਾਂ ਦੀਆਂ ਨੌਂ ਪੀੜ੍ਹੀਆਂ ਦਾ ਜੋੜਿਆ ਅਜੋਕੀ ਕੀਮਤ ਅਨੁਸਾਰ ਕਰੀਬ 125 ਅਰਬ ਰੁ. ਦਾ ਖਜ਼ਾਨਾ ਆਇਆ। ਇਸ ਲੁੱਟ ਨੇ ਇਰਾਨ ਨੂੰ ਐਨਾ ਅਮੀਰ ਕਰ ਦਿੱਤਾ ਕਿ ਨਾਦਰ ਸ਼ਾਹ ਨੇ ਪਰਜਾ ਦੇ ਹਰ ਪ੍ਰਕਾਰ ਦੇ ਟੈਕਸ ਅਗਲੇ ਤਿੰਨ ਸਾਲ ਲਈ ਮਾਫ ਕਰ ਦਿੱਤੇ।**

ਨੇਜ਼ੇਬਾਜ਼ਾਂ ਦੀ ਕਲਾ ਦਾ ਵਰਨਣ ਵੀ ਕਮਾਲ ਦਾ ਹੈ,

ਨੇਜ਼ੇ ਆਏ ਢੁੱਕ ਕੇ ਜਿਵੇਂ ਪਾਣੀ ਹੜ੍ਹ ਦੇ
ਸਿਰ ਨਿਵਾਏ ਬਰਛੀਆਂ, ਤਸਬੀਹਾਂ ਪੜ੍ਹਦੇ
ਲੈ ਜਾਂਦੇ ਬਰਛੇ ਆਸਣੋਂ, ਸੈ ਪਰਨੇ ਪੜਦੇ
ਜਿਉਂ ਕਬੂਤਰ ਫੁੜਕ ਕੇ, ਹੋ ਲੋਥਾਂ ਝੜ੍ਹਦੇ
ਜਿਉਂ ਕਾਂ ਬਸੇਰਾ ਬਾਗ ਵਿੱਚ, ਘੱਤ ਘੇਰਾ ਵੜਦੇ।

ਪਰ ਆਖਰ ਨਾਦਰ ਸ਼ਾਹ ਦੀ ਜਿੱਤ ਹੋ ਜਾਂਦੀ ਹੈ ਤੇ ਮੁਗਲ ਹਾਰ ਜਾਂਦੇ ਹਨ,

ਨਾਜ਼ਰ ਸ਼ਾਹ ਵਾਜੇ ਫਤਿਹ ਦੇ, ਸ਼ਾਦਿਆਨੇ ਵਾਹੇ
ਮਨਸੂਰ ਅਲੀ ਤੇ ਕਮਰ ਦੀਨ, ਸ਼ੱਰਰੇ ਛਡਿਆਹੇ
ਤੁਬਕਾਂ ਤੋਪਾਂ ਰਹਿਕਲੇ, ਦੱਬ ਪਾਸੇ ਲਾਏ
ਬੁਰਜ ਬਾਜ਼ੀ ਸ਼ਤਰੰਜ ਦੀ, ਮਾਰ ਰੁੱਕ ਉਡਾਏ
ਹੱਥ ਧਰੋਹੀ ਨਾਜ਼ਰ ਸ਼ਾਹ ਦੀ ਹਿੰਦ ਸਾਰੀ ਆਏ।

-0-


# ਲੇਖਕਾਂ ƒ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ

**M:** 79733-70542
**Email:** gurmatvirsa@gmail.com

## ਕਾਵਿ ਕਿਆਰੀ

# ਸਾਕਾ ਚਾਂਦਨੀ ਚੌਂਕ ਦਾ

–ਡਾ. ਅਮਨਪ੍ਰੀਤ ਸਿੰਘ

ਦਿੱਲੀ ਚਾਂਦਨੀ ਚੌਂਕ ਵਿਖੇ ਸਾਕਾ ਹੋਇਆ ਕਹਿਰ ਦਾ
ਈਨ ਨਹੀਂ ਮੰਨਦਾ ਗੁਰੂ, ਅਨੰਦਪੁਰ ਦੇ ਸ਼ਹਿਰ ਦਾ।
ਹਿੰਦੂਆਂ ਨੂੰ ਸੰਭਾਲਦਾ ਹੈ, ਤੁਰਕ ਬਣਨ ਦਿੰਦਾ ਨਹੀਂ
ਮਰਨ ਤੋਂ ਨਾ ਡਰਦਾ ਹੈ, ਭੈਅ ਵੀ ਕਿਸੇ ਨੂੰ ਦਿੰਦਾ ਨਹੀਂ।
ਗ੍ਰਿਫ਼ਤਾਰੀ ਦੇਣ ਆਪ ਗੁਰੂ ਆਗਰੇ ਚੱਲ ਕੇ ਆ ਗਿਆ
ਔਰੰਗਜ਼ੇਬ ਨੂੰ ਸਿਖ਼ਰ ਦੁਪਹਿਰੇ ਸੋਚਾਂ ਵਿੱਚ ਪਾ ਗਿਆ।
ਬਣੇ ਜੇ ਗੁਰੂ ਮੋਮਨ, ਸਾਰਾ ਮੁਲਕ ਤੁਰਕਿਸਤਾਨ ਹੋਊ
ਕਾਫ਼ਰਾਂ ਦਾ ਏਥੇ ਕੋਈ ਨਾਮੋਂ ਨਾ ਨਿਸ਼ਾਨ ਹੋਊ।
ਸੌਦਾ ਸਸਤਾ ਮਹਿੰਗਾ ਪੈ ਗਿਆ, ਔਰੰਗੇ ਨੂੰ ਜੋ ਲਲਕਾਰਦਾ
ਸੱਚਾ ਗੁਰੂ ਤੇਗ਼ ਬਹਾਦਰ ਦੇਖਿਆ, ਇੱਦਾਂ ਨਹੀਓਂ ਹਾਰਦਾ।
ਮਤੀ ਦਾਸ ਆਰਿਆਂ ਨਾਲ਼ ਅੱਖਾਂ ਸਾਹਮਣੇ ਚਿਰਾਂ ਤਾ
ਪਿਆਰਾ ਸਤੀ ਦਾਸ ਬੰਨ ਰੂੰ ਨਾਲ਼ ਜਿੰਦਾ ਜਲਵਾ ਤਾ।
ਸਿੱਖ ਸੱਚਾ ਭਾਈ ਦਿਆਲਾ ਦੇਗਾਂ ਵਿੱਚ ਸੀ ਉਬਾਲਿਆ
ਮੰਨਦਾ ਨਾ ਸਿੱਖ ਈਨ, ਬਥੇਰਾ ਜ਼ੋਰ ਉਨ੍ਹਾਂ ਲਾ ਲਿਆ।
ਜਲਾਦ ਦੀ ਤਲਵਾਰ ਨਾਲੋਂ, ਖੰਡੇਧਾਰ ਗੁਰੂ ਦੀ ਸਿੱਖੀ ਏ
ਝੁੱਕਦੀ ਨਾ ਕਦੇ ਜ਼ੁਲਮ ਅੱਗੇ, ਅਣਖ਼ ਸੱਚ ਉੱਤੇ ਟਿੱਕੀ ਏ।
ਹਿੰਦ ਖ਼ਾਤਰ ਚਾਂਦਨੀ ਚੌਂਕ ਅੱਗੇ, ਸੀਸ ਕਟਵਾ ਗਿਆ
ਇੰਜ ਗੁਰੂ ਤੇਗ਼ ਬਹਾਦਰ, ਚਾਦਰ ਹਿੰਦ ਦੀ ਕਹਾ ਗਿਆ।
ਧੜ ਨਾਲੋਂ ਅੱਡ ਸੀਸ ਡਿਗਿਆ ਪਿਆ ਸੀ ਜਾ ਜਿਮੀਂ ਉੱਤੇ
ਮੂੰਹਾਂ ਵਿੱਚ ਪਾ ਉਂਗਲਾਂ, ਲੋਕ ਤੁਰੇ ਘਰਾਂ ਨੂੰ ਜ਼ਮੀਰੋਂ ਸੁੱਤੇ।
ਜ਼ੁਲਮ ਦੀ ਹਨੇਰੀ ਰਾਤ, ਝੱਖੜ ਮਾਰੂ ਐਸਾ ਇੱਕ ਝੁਲਿਆ
ਭਾਈ ਜੈਤਾ ਸਿੱਖ ਗੁਰਾਂ ਦਾ, ਡਰ ਕਿਸੇ ਦਾ ਨਾ ਕਬੂਲਿਆ।
ਚੁੱਕ ਸੀਸ ਗੁਰੂ ਦਾ ਚੁੰਮਿਆ, ਵਾਰ ਵਾਰ ਪਿਆਰ ਬੋਲਿਆ
ਕਪੜੇ 'ਚ ਵਲੇਟ ਸਿੰਘਾ, ਅਨੰਦਪੁਰ ਵੱਲ ਭਾਰ ਹੋਲਿਆ।
ਸਾਹੋ ਸਾਹੀ ਹੋਇਆ ਜੈਤਾ, ਗੁਰੂ ਗੁਰੂ ਰਿਹਾ ਪੁਕਾਰਦਾ
ਅਨੰਦਪੁਰ ਜਾ ਗੋਬਿੰਦ ਰਾਇ ਅੱਗੇ ਸੀਸ ਸਤਿਕਾਰਦਾ।
ਪਿਤਾ ਦਸਮੇਸ਼ ਨੇ ਚਰਨੀ ਬੈਠੇ ਭਾਈ ਜੈਤੇ ਨੂੰ ਉਠਾਲਿਆ
ਗਲ ਲਾ 'ਰੰਗਰੇਟਾ ਗੁਰੂ ਕਾ ਬੇਟਾ' ਵਰ ਨਾਲ਼ ਨਿਵਾਜਿਆ।
ਲੱਖੀ ਸ਼ਾਹ ਵਣਜਾਰਾ ਸਿੱਖ ਇੱਕ ਯੋਧਾ ਸੀ ਉਹ ਦਿੱਲੀ ਦਾ
ਧੜ ਲ਼ੈ ਪਾ ਵਿੱਚ ਗੱਡਾ, ਕੋਈ ਖ਼ਬਰ ਨਾ ਜਾਣੇ ਦਿੱਲੀ ਦਾ।
ਧੜ ਦੇ ਸਸਕਾਰ ਲਈ ਘਰ ਆਪਣੇ ਅੱਗ ਲਗਾ ਲਿਆ
ਸਿੱਖਾਂ ਦੀ ਏ ਕਮਾਲ ਸਿੱਖੀ, ਰੰਗ ਗੂੜ੍ਹਾ ਸੀ ਚੜਾ ਲਿਆ।
ਹਿੰਦ ਦਾ ਕੁਝ ਬਚਿਆ ਜੇ, ਤੇਗ਼ ਬਹਾਦਰ ਦੀ ਕਰਾਮਾਤ ਏ
ਜ਼ੁਲਮ ਦੀ ਠੱਲ੍ਹ ਤੇ ਪਿਆਰ ਨਾਲ਼ ਰਹਿਣ ਦੀ ਅਰਦਾਸ ਏ।

---

# ਚੜ੍ਹ ਕੇ ਆਏ ਹੜ੍ਹਾਂ ਦਿਆ ਪਾਣੀਆ

–ਡਾ. ਸਵਰਨਜੀਤ ਕੌਰ ਗਰੇਵਾਲ

ਚੜ੍ਹ ਕੇ ਆਏ ਹੜ੍ਹਾਂ ਦਿਆ ਪਾਣੀਆ, ਵੇ ਤੂੰ ਇੱਕ ਗੱਲ ਸੁਣਦਾ ਜਾਈਂ !
ਜੰਮੇ ਪੰਜਾਬ ਦੇ ਮੁਹਿੰਮਾਂ ਨਿੱਤ ਜਿੱਤਦੇ, ਵੇ ਤੂੰ ਐਵੇਂ ਨਾ ਆਕੜ ਦਿਖਾਈਂ !
ਅਸੀਂ ਜਾਏ ਹਾਂ ਸਾਹਿਬ ਕੌਰ ਦੇ, ਵੇ ਸਾਨੂੰ ਮਾਂ ਗੁਜਰੀ ਦੀਆਂ ਲੋਰੀਆਂ !
ਪੋਤੇ ਗੁਰੂ ਤੇਗ਼ ਬਹਾਦੁਰ ਦੇ, ਵੇ ਜੀਹਨੇ ਸੀਸ ਦੇ ਬਾਜੀਆਂ ਮੋੜੀਆਂ !
ਅਸੀਂ ਡਰ ਵਾਲੇ ਦਿਨ ਨਹੀਂ ਜਨਮੇ, ਸਾਡਾ ਇਤਿਹਾਸ ਵਾਚਦਾ ਜਾਈਂ !

ਚੜ੍ਹ ਕੇ ਆਏ ਹੜ੍ਹਾਂ ਦਿਆ ਪਾਣੀਆ, ਵੇ ਤੂੰ ਇੱਕ ਗੱਲ ਸੁਣਦਾ ਜਾਈਂ !
ਜੰਮੇ ਪੰਜਾਬ ਦੇ ਮੁਹਿੰਮਾਂ ਨਿੱਤ ਜਿੱਤਦੇ, ਵੇ ਤੂੰ ਐਵੇਂ ਨਾ ਆਕੜ ਦਿਖਾਈਂ !
ਭਾਵੇਂ ਆਪੋ ਵਿਚ ਲੱਖ ਪਾਟੀਏ, ਲੋੜ ਪੈਣ 'ਤੇ ਬਣ ਜਾਈਏ ਕੰਧ ਵੇ !
ਸਿਰ ਧੜ ਦੀ ਲਾ ਕੇ ਖੜ੍ਹ ਜਾਈਏ, ਵੱਢ ਦੇਈਏ ਸਾਰੇ ਫੰਧ ਵੇ !
ਤੇਰੀ ਔਕਾਤ ਦਿਖਾਵਾਂਗੇ ਤੈਨੂੰ, ਵੇ ਭਾਵੇਂ ਤਾਣੀਆਂ ਤਣਦਾ ਜਾਈਂ !

ਚੜ੍ਹ ਕੇ ਆਏ ਹੜ੍ਹਾਂ ਦਿਆ ਪਾਣੀਆ, ਵੇ ਤੂੰ ਇੱਕ ਗੱਲ ਸੁਣਦਾ ਜਾਈਂ !
ਜੰਮੇ ਪੰਜਾਬ ਦੇ ਮੁਹਿੰਮਾਂ ਨਿੱਤ ਜਿੱਤਦੇ, ਵੇ ਤੂੰ ਐਵੇਂ ਨਾ ਆਕੜ ਦਿਖਾਈਂ !
ਸਾਨੂੰ ਕੋਈ ਹਰਾ ਨਾ ਸਕਿਆ, ਏਥੇ ਕਈ ਆਏ ਖੱਬੀ ਖਾਨ ਬੜੇ !
ਤੇਰੇ ਜ਼ੋਰ ਨੂੰ ਵੀ ਅਸੀਂ ਝੱਲ ਜਾਣਾ, ਸਾਡੇ ਹੌਸਲੇ ਹਨ ਬੁਲੰਦ ਖੜ੍ਹੇ !
''ਗਰੇਵਾਲ' ਬਲੌਰੀ ਪਾਣੀਆਂ ਵੇ, ਆਪਣੀ ਵੁੱਕਤ ਤੂੰ ਸੁਣਦਾ ਜਾਈਂ !
ਚੜ੍ਹ ਕੇ ਆਏ ਹੜ੍ਹਾਂ ਦਿਆ ਪਾਣੀਆ, ਵੇ ਤੂੰ ਇੱਕ ਗੱਲ ਸੁਣਦਾ ਜਾਈਂ !
ਜੰਮੇ ਪੰਜਾਬ ਦੇ ਮੁਹਿੰਮਾਂ ਨਿੱਤ ਜਿੱਤਦੇ, ਵੇ ਤੂੰ ਐਵੇਂ ਨਾ ਆਕੜ ਦਿਖਾਈਂ !

–0–

---

# ਨਾਨਕ ਗੱਲ ਸਮਝਾਈ

ਗੁਰਮੀਤ ਸਿੰਘ ਬਰਸਾਲ

ਜਦ ਵੀ ਨਤਮਸਤਕ ਜਾਂ ਹੁੰਦੀ ਮੱਥਾ ਟੇਕ-ਟਕਾਈ।
ਆਪਣੀ ਛੱਡਕੇ ਮੱਤ ਹੈ ਜਾਂਦੀ ਦੂਜੇ ਦੀ ਅਪਣਾਈ।
ਜਣੇ ਖਣੇ ਦੇ ਅੱਗੇ ਝੁਕ ਜੋ ਖੁਦ ਨੂੰ ਸਮਝਣ ਧਰਮੀ,
ਮੱਥਾ ਟੇਕਣ ਦੇ ਅਰਥਾਂ ਨੂੰ ਘੱਟੇ ਜਾਣ ਮਿਲਾਈ।
ਲੋਕ ਦਿਖਾਵੇ ਖਾਤਿਰ ਜਿਹੜਾ ਮੁੜਮੁੜ ਕਰੇ ਨਮਸਤੰ,
ਕੂੜੀ ਪਾਲ ਨਾ ਟੁੱਟਣੀ ਅੰਦਰੋਂ ਹਉਮੈ ਨਾਲ ਰਲਾਈ।
ਦੁਨੀਆਂ ਦੀ ਹਰ ਸ਼ੈ ਦੇ ਸਾਹਵੇਂ ਨਤਮਸਤਕ ਨਾ ਹੋਈਏ,
ਜ਼ਰੇ-ਜ਼ਰੇ ਦੇ ਅੰਦਰ ਭਾਵੇਂ ਇੱਕੋ ਜੋਤ ਸਮਾਈ।
ਨਾਨਕ ਜੋਤ ਨਮਸਤੰ ਦੱਸਿਆ ਕੇਵਲ 'ਇੱਕ' ਦੇ ਅੱਗੇ,
ਨਿਰਾਕਾਰ ਜੋ ਸ਼ਬਦ ਰੂਪ ਵਿੱਚ ਦਿਖਦਾ ਰੂਪ ਵਟਾਈ।
ਇੱਕੋ ਸ਼ਕਤੀ ਸੈਭੰ ਹੋਕੇ ਨਿਯਮ ਰੂਪ ਵਿੱਚ ਵਿਚਰੇ,
ਉਸੇ ਦੇ ਨਿਯਮਾਂ ਵਿੱਚ ਰਹਿਣਾ ਧਰਮ ਧਾਰਨਾ ਭਾਈ।
ਗੁਰੂ ਗਿਆਨ ਦੇ ਨਾਲ ਜੀਵਣਾ ਨਤਮਸਤਕ ਹੀ ਹੁੰਦਾ,
ਅਪਰਾਧੀ ਹੀ ਦੂਣਾ ਨਿੰਵਦਾ ਗੁਰੂਆਂ ਗੱਲ ਮੁਕਾਈ।
ਅਕਾਲ ਪੁਰਖ ਦੇ ਲਈ ਨਮਸਤੰ ਉਸਦੀ ਹੁਕਮ ਤਾਮੀਲੀ,
ਪ੍ਰਕਿਰਤੀ ਦੇ ਨਿਯਮਾਂ ਦੇ ਸੰਗ ਨਿਯਮਤ ਰਹਿਤ ਸੁਝਾਈ।
ਜਿਹੜਾ ਇੱਕ ਦੇ ਅੱਗੇ ਝੁਕਦਾ ਇੱਕ ਦੇ ਆਖੇ ਲਗਦਾ,
ਉਹੀਓ ਇੱਕ ਵਿੱਚ ਇੱਕ ਮਿਕ ਹੁੰਦਾ ਨਾਨਕ ਗੱਲ ਸਮਝਾਈ। –0–

# ਪਾਣੀ ਦਾ ਪਲੀਤ ਹੋਣਾ: ਦਰਿਆਈ ਪਾਣੀਆਂ ਵਿਚ ਮਲ, ਸਨਅਤ ਤੇ ਡੇਅਰੀਆਂ ਦੀ ਰਹਿੰਦ-ਖੂੰਹਦ ਦਾ ਮਿਲਣਾ



ਪੰਜਾਬ ਦੀ ਤਕਰੀਬਨ ਅੱਧੀ ਵੱਸੋਂ ਸ਼ਹਿਰਾਂ ਵਿਚ ਰਹਿਣ ਲੱਗੀ ਹੈ। ਪੰਜਾਹਵਿਆਂ ਵਿਚ ਇਹ 30% ਸੀ। ਸ਼ਹਿਰਾਂ ਤੇ ਜਲਮਾਰਗ 'ਤੇ ਪੈਂਦੇ ਪਿੰਡਾਂ ਵਿੱਚੋਂ ਦੀ ਆਉਣ ਵਾਲਾ ਮਲ (ਸੀਵਰੇਜ) ਸੂਬੇ ਅੰਦਰ ਪਾਣੀ ਦੀ ਪਲੀਤੀ ਦੇ ਮੁੱਖ ਕਾਰਣਾਂ ਵਿੱਚੋਂ ਇਕ ਹੈ। ਵਧਦੀ ਵੱਸੋਂ ਦੇ ਬੋਝ ਨਾਲ਼ ਸਿੱਝਣ ਲਈ ਪੰਜਾਬ ਦਾ ਮਲ ਸੋਧ ਢਾਂਚਾ ਨਾਕਾਫ਼ੀ ਹੈ। ਬਿਨਾ ਸਾਫ਼ ਕੀਤਾ ਜਾਂ ਅੱਧ-ਪਚੱਧ ਸਾਫ਼ ਕੀਤਾ ਮਲੀਨ ਪਾਣੀ (ਜਿਸ ਨੂੰ ਕਾਲ਼ਾ ਪਾਣੀ ਵੀ ਕਿਹਾ ਜਾਂਦਾ ਹੈ) ਚੋਆਂ ਨਦੀਆਂ ਨਾਲ਼ਿਆਂ ਵਰਗੇ ਜਲਮਾਰਗਾਂ ਰਾਹੀਂ ਦਰਿਆਵਾਂ ਵਿਚ ਦਾਖ਼ਿਲ ਹੋ ਜਾਂਦਾ ਹੈ।

ਪੰਜਾਬ ਦੇ 163 ਸ਼ਹਿਰਾਂ ਵਿੱਚੋਂ 35 ਸ਼ਹਿਰਾਂ ਵਿਚ ਸੀਵਰੇਜ ਟ੍ਰੀਟਮੈਂਟ ਪਲਾਂਟ ਹੈ ਹੀ ਨਹੀਂ। ਬਾਕੀ ਬਚਦੇ ਸ਼ਹਿਰਾਂ ਵਿਚ ਵੀ ਇਹ ਅੱਧੇ-ਪਚੱਧੇ ਹੀ ਚੱਲਦੇ ਹਨ। 2200 ਮਿਲੀਅਨ ਲੀਟਰਾਂ ਤੋਂ ਵੀ ਜ਼ਿਆਦਾ ਗੰਦਾ ਪਾਣੀ ਰੋਜ਼ਾਨਾ ਦਰਿਆਵਾਂ ਵਿਚ ਸੁੱਟਿਆ ਜਾ ਰਿਹਾ ਹੈ। ਇਸੇ ਤਰ੍ਹਾਂ ਜੰਮੂ ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਵੀ ਅਪਣਾ ਕਾਲ਼ਾ ਪਾਣੀ ਸਤਲੁਜ, ਬਿਆਸ ਤੇ ਰਾਵੀ ਦਰਿਆਵਾਂ ਵਿਚ ਸੁੱਟ ਦਿੰਦੇ ਹਨ। ਇਨ੍ਹਾਂ ਦਰਿਆਵਾਂ ਦਾ ਪਾਣੀ ਪੀਣ, ਡੇਅਰੀਆਂ ਦੀ ਜ਼ਰੂਰਤ ਤੇ ਖੇਤੀਬਾੜੀ ਦੇ ਕੰਮ ਆਉਂਦਾ ਹੈ। ਇਹ ਪ੍ਰਦੂਸ਼ਿਤ ਪਾਣੀ, ਪਾਣੀ ਵਾਲ਼ੇ ਜੀਵਾਂ ਅਤੇ ਫ਼ਸਲਾਂ ਰਾਹੀਂ ਭੋਜਨ ਲੜੀ ਵਿਚ ਸ਼ਾਮਿਲ ਹੋ ਰਿਹਾ ਹੈ। ਸਿੱਟੇ ਵਜੋਂ ਹਰ ਸਾਲ ਅਨੇਕਾਂ ਹੀ ਸਿਹਤ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਤੇ ਸੈਂਕੜੇ ਮੌਤਾਂ ਵੀ ਹੁੰਦੀਆਂ ਹਨ। ਇਹਦੇ ਕਾਰਣ ਜੰਗਲੀ ਜੀਵਨ ਵੀ ਅਲੋਪ ਹੋ ਰਿਹਾ ਹੈ।

ਮਿਸਾਲ ਵਜੋਂ ਲੁਧਿਆਣਾ ਸਭ ਤੋਂ ਵੱਧ ਕਾਲ਼ਾ ਪਾਣੀ ਪੈਦਾ ਕਰਨ ਵਾਲ਼ਾ ਸ਼ਹਿਰ ਹੈ। ਇਹ ਕਾਲ਼ਾ ਪਾਣੀ ਬੁੱਢੇ ਨਾਲ਼ੇ ਰਾਹੀਂ ਹਰੀਕੇ ਵਿਚ ਸਤਲੁਜ ਨਾਲ਼ ਮਿਲ਼ ਜਾਂਦਾ ਹੈ। ਇਸ ਤਰ੍ਹਾਂ ਹੀ ਚਿੱਟੀ ਵੇਈਂ, ਕਾਲੀ ਵੇਈਂ, ਕਾਲ਼ਾ ਸੰਘਿਆਂ ਡਰੇਨ, ਤੁੰਗ ਢਾਬ ਡਰੇਨ, ਲਸਾੜਾ ਡਰੇਨ, ਚੰਦ ਭਾਨ ਡਰੇਨ, ਅਸਪਾਲ ਡਰੇਨ, ਲੰਗੇਆਣਾ ਡਰੇਨ ਆਦਿ ਪਿੰਡਾਂ-ਸ਼ਹਿਰਾਂ ਦੇ ਸੀਵਰੇਜ ਦੇ ਪਾਣੀ ਨਾਲ਼ ਭਰ ਕੇ ਵਗਦੀਆਂ ਹੋਈਆਂ ਦਰਿਆਵਾਂ ਤਕ ਪਹੁੰਚ ਰਹੀਆਂ ਹਨ।

ਕਈ ਵਾਰ ਘਰੇਲੂ ਨਿਕਾਸ ਵਾਲੇ ਪਾਣੀ ਨੂੰ ਟੋਆ ਪੁੱਟ ਕੇ ਸਿੱਧਾ ਹੀ ਧਰਤੀ ਵਿਚ ਦੱਬ ਦਿੱਤਾ ਜਾਂਦਾ ਹੈ। ਉਸਾਰੀ ਤੇ ਜੀਵਨ ਸ਼ੈਲੀ ਦੇ ਰਹਿੰਦ-ਖੂੰਹਦ ਜਿਵੇਂ ਪੇਂਟ, ਬਾਗ਼ਬਾਨੀ ਦੇ ਰਸਾਇਣ, ਕਾਰ ਧੋਣ ਵਾਲੇ ਸਾਬਣ, ਗੱਡੀਆਂ/ਮਸ਼ੀਨਾਂ ਦਾ ਪੁਰਾਣਾ ਤੇਲ, ਦਵਾਈਆਂ, ਵਾਲ ਕਾਲੇ ਕਰਨ ਵਾਲੇ ਰਸਾਇਣ ਵਗੈਰਾ ਸਾਰੇ ਹੀ ਬੜੀ ਬੇਰਹਿਮੀ ਨਾਲ ਪਾਣੀ ਨੂੰ ਪਲੀਤ ਕਰਦੇ ਹਨ।

ਸਨਅਤਾਂ ਪਾਣੀ ਦੀ ਪਲੀਤਗੀ ਦਾ ਸਭ ਤੋਂ ਵੱਡਾ ਕਾਰਨ ਹਨ। ਲੁਧਿਆਣਿਓਂ ਆਉਣ ਵਾਲ਼ੇ ਕਾਲ਼ੇ ਪਾਣੀ ਦਾ ਘੱਟੋ ਘੱਟ 20% ਸਨਅਤਾਂ ਤੋਂ ਆਉਂਦਾ ਹੈ। ਪੰਜਾਬ ਵਿਚ ਉਦਯੋਗ ਸ਼ੁੱਧੀਕਰਨ ਯਾਨੀ ਏਫ਼ਲੂਏਂਟ ਟ੍ਰੀਟਮੈਂਟ ਪਲਾਂਟਾਂ ਦੀ ਬੜੀ ਘਾਟ ਹੈ। ਸਿੱਟੇ ਵਜੋਂ ਖ਼ਤਰਨਾਕ ਉਦਯੋਗ ਜਿਹੜੇ ਜਲਸਰੋਤਾਂ ਦੇ ਨੇੜੇ-ਤੇੜੇ ਨਹੀਂ ਵੀ ਹਨ, ਉਹ ਜਾਣਦੇ ਸਮਝਦੇ ਵੀ ਡੂੰਘੇ ਬੋਰ ਕਰ ਕੇ ਇਸ ਜ਼ਹਿਰੀਲੇ ਮਾਦੇ ਨੂੰ ਸਿੱਧਿਆਂ ਹੀ ਧਰਤੀ ਵਿਚ ਸੁੱਟ ਦਿੰਦੇ ਹਨ। ਇਹਦੇ ਨਾਲ਼ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਜਾਂਦਾ ਹੈ। ਟਿਊਬਵੈਲਾਂ 'ਤੇ ਨਿਰਭਰ ਰਹਿਣ ਵਾਲ਼ੇ ਨਾਲ਼ ਦੇ ਪਿੰਡਾਂ ਦੇ ਲੋਕ ਇਸੇ ਕਰਕੇ ਇਹ ਜ਼ਹਿਰੀਲਾ ਪਾਣੀ ਵਰਤ ਰਹੇ ਹਨ।

ਸ਼ਹਿਰੀ ਮੰਗ ਦੀ ਪੂਰਤੀ ਲਈ ਉੱਭਰ ਰਿਹਾ ਡੇਅਰੀ ਉਦਯੋਗ ਵੀ ਜਲਮਾਰਗਾਂ 'ਤੇ ਸਥਿਤ ਹੈ। ਜਿਵੇਂ ਲੁਧਿਆਣਾ ਇਕੱਲਾ ਹੀ 200 ਡੇਅਰੀ ਫ਼ਾਰਮਾਂ ਨੂੰ ਸੰਭਾਲ਼ ਰਿਹਾ ਹੈ, ਜਿਹੜੇ ਬੁੱਢੇ ਨਾਲ਼ੇ ਦੇ ਕਿਨਾਰਿਆਂ 'ਤੇ ਸਥਿਤ ਹਨ। ਇਹ ਫ਼ਾਰਮ ਅਪਣੇ ਪਸ਼ੂਆਂ ਦਾ ਗੋਹਾ-ਕੂੜਾ ਸਾਰਾ ਨਦੀ ਵਿਚ ਪਾ ਦਿੰਦੇ ਹਨ। ਇਹ ਵਹਾਅ ਵਿਚ ਰੁਕਾਵਟ ਬਣ ਕੇ ਪਾਣੀ ਨੂੰ ਗੰਦਾ ਕਰਦਾ ਹੈ। ਇਸ ਤੋਂ ਭਾਂਤ-ਭਾਂਤ ਦੇ ਕਿਰਮ ਪੈਦਾ ਹੁੰਦੇ ਹਨ, ਜਿਹੜੇ ਸਿਹਤ ਲਈ ਬਹੁਤ ਹਾਨੀਕਾਰਕ ਹਨ।

**ਹੱਲ**

- ਸਰਕਾਰ ਨੂੰ ਸਖ਼ਤ ਕਦਮ ਚੁੱਕ ਕੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹਦੀਆਂ ਨੀਤੀਆਂ ਤੇ ਕਾਨੂੰਨਾਂ ਦੀ ਪਾਲਣਾ ਕੀਤੀ ਜਾਵੇ। ਪਰ ਸਰਕਾਰ ਨੂੰ ਵੀ ਜਵਾਬਦੇਹ ਤਾਂ ਲੋਕਾਂ ਨੇ ਹੀ ਬਣਾਉਣਾ ਹੈ।
- ਤੁਹਾਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਤੁਹਾਨੂੰ ਮਿਲਨ ਵਾਲ਼ੇ ਪਾਣੀ ਦਾ ਸਰੋਤ ਕੀ ਹੈ ਤੇ ਤੁਹਾਡਾ ਮਲ ਕਿੱਥੇ ਜਾਂਦਾ ਹੈ। ਤੁਹਾਨੂੰ ਇਸ ਗੱਲ ਦੀ ਸੋਝੀ ਹੋਣੀ ਚਾਹੀਦੀ ਹੈ ਕਿ ਜਲ-ਵਿਭਾਗ ਤੁਹਾਨੂੰ ਸ਼ੁੱਧ ਪੀਣ ਵਾਲ਼ਾ ਪਾਣੀ ਮੁਹੱਈਆ ਕਰਾਉਣ ਤੇ ਸੁਚੱਜੇ ਮਲ-ਪ੍ਰਵਾਹ ਲਈ ਜ਼ਿੰਮੇਵਾਰ ਹੈ।
- ਜਲ ਸਪਲਾਈ ਤੇ ਸਵੱਛਤਾ ਮਹਿਕਮੇ ਨੇ ਹਰੇਕ ਜ਼ਿਲਾ ਹੈੱਡਕੁਆਟਰ 'ਤੇ ਪਾਣੀ ਦੀ ਪਰਖ ਕਰਨ ਵਾਲ਼ੀਆਂ ਪ੍ਰਯੋਗਸ਼ਾਲਾਵਾਂ ਕਾਇਮ ਕੀਤੀਆਂ ਹੋਈਆਂ ਹਨ। ਸੋ, ਕਦੀ-ਕਦਾਈਂ ਪਾਣੀ ਦੀ ਪਰਖ ਵੀ ਕਰਾਉਂਦੇ ਰਹੋ। ਉਨ੍ਹਾਂ ਪਿੰਡਾਂ ਵਿਚ ਜਿੱਥੇ ਪਾਣੀ ਦਾ ਮਿਆਰ ਠੀਕ ਨਹੀਂ ਹੈ, ਸਰਕਾਰ ਤੋਂ ਪਾਣੀ ਦੀ ਪੁਣਛਾਣ ਕਰ ਕੇ ਸਫ਼ਾਈ ਕਰਨ ਵਾਲ਼ੇ ਪਲਾਂਟ (ਕਾਰਖ਼ਾਨੇ) ਲਵਾਉਣੇ ਚਾਹੀਦੇ ਹਨ।
- ਜੇ ਤੁਹਾਨੂੰ ਪਤਾ ਲੱਗੇ ਜਾਂ ਤੁਸੀਂ ਦੇਖੋ ਕਿ ਕੋਈ ਕਾਰਖ਼ਾਨਾ ਪਾਣੀ ਦੇ ਸੋਮਿਆਂ ਨੂੰ ਬਿਨਾ ਸਾਫ਼ ਕੀਤੇ ਮਲੀਨ ਤਰਲ ਵਹਾ ਕੇ ਗੰਦਾ ਕਰ ਰਿਹਾ ਹੈ, ਤਾਂ ਇਹਦੀ ਲਿਖਤੀ ਸ਼ਿਕਾਇਤ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਕੋਲ਼ ਕਰੋ।
- ਜੇ ਤੁਹਾਡਾ ਅਪਣਾ ਪਰਿਵਾਰ ਪਾਣੀ ਗੰਦਾ ਕਰਨ ਵਾਲ਼ੇ ਕਾਰਖ਼ਾਨਿਆਂ ਦੇ ਮਾਲਿਕਾਂ ਵਿਚ ਸ਼ਾਮਿਲ ਹੈ, ਤਾਂ ਆਪਣੇ ਜ਼ਿੰਮੇਵਾਰ ਵੱਡਿਆਂ ਨੂੰ ਸਮਝਾਓ ਕਿ ਉਹ ਤੁਹਾਡੀ ਆਉਣ ਵਾਲ਼ੀ ਜ਼ਿੰਦਗੀ ਲਈ ਕੰਡੇ ਨਾ ਬੀਜਣ।

**'ਨਵਾਂ ਨਰੋਆ ਪੰਜਾਬ' ਪੁਸਤਕ ਵਿਚੋਂ**

# मानवता और जात-पात

**गुरमति विरसा ब्यूरो**

जात का भेद–भाव हिन्दुस्तान में ही नहीं बल्कि दुनिया के कई और भी देशों और धर्मों में पाया जाता है। परन्तु जितनी दयानीय हवा इसने हिन्दुस्तान की, की है, उतनी किसी भी अन्य देश की नहीं है। हिन्दू धर्म और हिन्दुस्तान सारे का सारा इसकी खतरनाक चपेट में आया हुआ है, सदियों से कठिन सांस भर रहा है। परमात्मा ने सब को एक जैसा शरीर, रंग, रूप और बनावट देकर शिंगारा और धरती पर सब के लिए एक जैसा पूरा प्रबंध जीवन गुजारने के लिए कर दिया। याद रहे जीवन के लिए जो भी वस्तु कीमती और अनमोल है वह हमें प्रकृति से मिल रही है। हवा सबसे कीमती है। सबके लिए एक जैसी चल रही है। सूरज की गर्मी अनमोल है, सबको एक जैसी मिल रही है। पानी जीवन है, सबके लिए मुफ़त है। सोचिऐ यदि हमें मनु जी (हिन्दू धर्म के एक मुख्य सिद्धांत निर्माता) की जात पात की बांट के हिसाब से मिलता होता तो जीवन का क्या हाल होता, मनु जी ने मनुष्य को चार वर्णों– ब्राहमण, क्षत्रिय, वैश्य, शुद्र आदि में बांटा हुआ था। प्रकृति मनु की तरह स्वार्थी नहीं, जो दूसरों के जन्म सिद्ध अधिकारों को छीनकर कुछ एक खास लोगों के हाथों में दे दे। मनु सृष्टि और वेदों के अनुसार कोई शुद्र न तो विद्या प्राप्त कर सकता था और न ही स्वे रक्षा के लिए तलवार उठा सकता था और न ही व्यापार करके खा सकता था। उसके भाग्य में सिर्फ जज़मान परिवारों की तरफ से अलग बर्तनों में डाली गई जूठ मूठ या उनके उतारे कपड़े ही आते थे और ऊपर से जुल्म यह कि इस बचे–खुचे को पहन कर भी जज़मानों को आशीषें देता था। शुद्रों के कूऐं अलग होते थे। वह अति मज़बूरियों में भी ऊपर की तीनों वर्णों के कुओं से पानी नहीं भर सकते थे। इनके बने तालाबों और कुओं से स्नान नहीं कर सकते थे। यदि कोई शुद्र गलती से विद्या प्राप्त कर जाये तो उसके कानों में शीशा पिघला कर डाल दिया जाता था। धर्म मन्दिरों के नज़दीक से भी उन्हें नहीं गुज़रने दिया जाता था।


इस भेदभाव को चाहे आज़ादी के बाद कानूनी तौर पर खत्म करने का यत्न किया गया, परन्तु वो भी इस तरह के परपंची ढंग से किया गया कि यह अपने आप को हमेशा शुद्र मानते रहे। जो काम पहले शुद्र जैसे घृणित नाम से किया जाता था, आज वही काम हरिजन और पिछड़ी श्रेणियों जैसे सतकारित नामों से किया जाता है। रिज़र्वेशन के नाम पर इन्हें सदा उच्च कोटि की विद्याा व समझ से दूर रखा जा रहा है। रिज़र्वेशन से थोड़ा पढ़ कर भी, थोड़े अंक लेकर भी यदि नौकरी पक्की है तो किसी को भी पढ़ने के लिए अपनी अक्ल इस्तेमाल करने की क्या जरूरत है? हमारे समाज का यह हिस्सा समझ ही नहीं रहा कि यह तो उन्हें हमेशा नीचा दिखाने की चाल है न वह अपने आप को ऊँची जाति में लिखवायें और न ही उन्हें पढ़ाई में सख्त मेहनत करने की जरूरत हो। हंसते हंसते वह स्वयं खुद को शुद्र लिखवाने के लिए राज़ी (खुश) रहे और हमेशा अक्ल के घाटे की तरफ जायें।

ऐसी बिगड़ी दशा वाले समाज की हालत सुधारने के लिए चाहें कई भक्तों और फकीरों ने अपने अपने तौर पर कोशिशें भी की पर सारे यतन सिर्फ उपदेशों तक और अलग अलग व्यक्तियों की तरफ से होने के कारण सफल नहीं हो सके (पूरे नहीं हो सके) जैसे भगत कबीर अपनी आवाज़ से– "अवलि अलह नूरू उपाइआ कुदरति के सभ बंदेत्र एक नूर ते सभु जगु



**गुरू साहिबान से सारी मानवता के लिए चलाये गये इस अंदोलन का शिखर दसम पातशाह ने खालसा सिरजना के समय दर्शाया जब पांच प्यारों में से चार नीच जातियों में से थे, पर वह अपनी करनी और ऊँचे आत्मिक जीवन के कारण सिख पंथ की सबसे ऊँची शख्सीयतें बने। यह वह गुरू प्यारे थे जिनसे दशम पिता ने आप भी अमृत की दात मांग कर ली। सारी मानवता के इतिहास में ऐसा बराबरी का अंदोलन चला भी पहली बार और ऐसा प्यारा इसे अमली जामा भी पहली बार ही पहनाया गया। गुरू साहिबान ने जहां नीचे को ऊँचा उठाया वही झूठा जात अहंकार छोड कर बराबर आ बैठने वालों को भी बराबर का ही सत्कार दिया। असलीयत में गुरू साहिबान द्वारा दर्शाया रास्ता सारी मानवता के लिए प्रकाश स्तम्भ का काम करता है, यदि मानवता अपनी आखों से झूठी कट्टरता की पट्टी उतार दे, उस दिन से फिर 'मानुख की जात सभै ऐकै पहिचानबो' का निशाना पूरा होगा। जरूरत सिर्फ बिबेक बुद्धि से सच को पहचानने की है।**

उपजिआ कउन भले को मंदे॥" (पन्ना 1349) का ढिंढ़ौरा देकर सोए समाज को झिंझोड़ने का यत्न करते हैं पर खुद शुद्र श्रेणी में होने के कारण यह आवाज़ दूर तक नहीं जाती।



जत्थेबन्दक तौर पर इस उद्यम का सबसे अलग रूप गुरू नानक पातशाह द्वारा दर्शाये मार्ग से मिलता है। इस मार्ग की शुरूआत तो 'सभे साझीवाल सदाइनि' से होती है।

हिन्दूओं की ही एक ऊँची जाति में से उठ कर जब गुरू नानक ऊँची ज़ात के झूठे मान को चोट पहुंचाते हुये इसको फक्कड बताते हैं तो समाज झटके से जागता है।

फकड़ जाती फकड़ु नाउ॥ सभना जीआ इका छाउ॥

आपहु जे को भला कहाए॥ नानक, ता परु जापै, जा पति लेखै पाए॥ (पन्ना 83)

**हिन्दी उच्चारणः** फकड़ जाती फकड़ नाउ॥ सभना जीया इका छाउ॥

आपेह जे को भला कहाये॥ नानक ता पर जापे जा पत लेखे पाए॥

भाव कि ऊँची जाति के बड़प्पन का अहंकार बिलकुल व्यर्थ है। परमात्मा ने सब को एक आकार और एक जैसी आत्मा बख्शी है। ऊँची जात या कुल या बढ़िया नाम भाव दुनियावी मान इज्ज़त के आसरे यदि कोई खुद को अच्छा कहलवाना चाहे तो वह सचमुच अच्छा नहीं बन जाता। कोई भी मनुष्य तभी अच्छा समझा जाना चाहिए जब वह स्वे परख द्वारा अपने अंदर छुपे अवगुणों को निकाल कर अपने आत्मिक जीवन को ऊँचा कर लेता है और सब में उसे परमात्मा की एक जैसी जोत नज़र आने लग जाती है। वह खुद परमात्म रूप हो जाता है।

गुरू नानक साहिब आगे फुरमाते हैं कि दुनिया में जीव व्यापारी परमात्मा के नाम का व्यापार करने आता है। ऊँचे आत्मिक जीवन अमल में, इसके इसी व्यापार का लेखा होता है, न कि जात का नाम या दुनियावी बड़प्पन या दुनिया में कमाए पैसे का। आप फुरमाते है–

जाती दै किआ हथि, सचु परखीऐ॥

महुरा होवै हथि, मरीऐ चखीऐ॥ (पन्ना 142)

हिन्दी उच्चारणः जाती दे कया हथ सच परखीऐ॥

महुरा होवे हथ मरीए चखीए॥

गुरू नानक साहिब प्राकृतिक तरीके से महुरा की मिसाल देकर समझाते हुए फुरमाते है कि यदि किसी के पास महुरा भाव ज़हर हो तो वह खा ले तो मरेगा ही। प्राकृती का नियम सदा अटल है। कभी भी न बदला है और न ही बदलेगा। ज़हर ऊँची जात में जन्म लेने वाले का लिहाज़ नहीं करता। दूसरी तरफ यदि कोई ऊँची जात में से जन्म लेने का अहंकार करता है तो यह अहंकार भी ज़हर के समान ही है और उसके आत्मिक गुणों को धीरे धीरे मारता, उसे आत्मिक जीवन को मौत की तरफ भी धकेलता है। मिलता इस अहंकार के कारण कुछ भी नहीं मिलता। परमात्मा के दर पर उसके हुक्म में चलने वाला ही ऊँचा है। उसी की ही इज्ज़त है। गुरू साहिब इस शब्द द्वारा कुल मानवता को 'हुक्म रजाई चलणा' का ढिंढोरा देते हुये जीवन संवार कर असल इज्ज़त कमाने के लिए प्रेरते हैं। जिसे सुन कर कई जागे हुए और जाति अहंकार छोड़कर गुरू जी के रास्ते पर चले। गुरू नानक साहिब जीवन अमल में भी मरदाने जैसे दुनियावी तौर पर नीच जाति वाले मुसलमान मरासी को सारी उम्र बराबर बिठा कर भाई का दर्जा देते हुये सत्कार देते हैं और गुणों की सांझ से ऊँच–नीच की परख करने का बिबेक बखशते हैं।

लंगर की परम्परा से पहले इस अमल का जत्थेबन्दक रूप चाहे शुरू तो गुरू नानक साहिब से ही करतारपुर में हो चुकी थी। फिर गुरू अंगद साहिब के समय माता खीवी जैसी नेक मां ने सबको एक जैसा स्वादिष्ट और बराबरी का खिलाने की परंपरा को जारी रखा, पर इस अमल का निराला रूप गुरू अमरदास जी के समय 'पहिले पंगत पाछै संगत' द्वारा लोकाई के सामने आ गया जब आप जी बादशाह अकबर को भी सांझे लंगर में छके बिना मिलने से इन्कार कर देते हैं और कुल मानवता को एक नज़र से देखने की परम्परा डालते हुए फुरमाते हैं और सावधान करते हैं कि

जाति का गरबु न करीअहु कोई॥

ब्रहमु बिंदे सो ब्राहमणु होई॥ (पन्ना 1127)

**हिन्दी उच्चारणः** जात का गरब न करीओ कोई॥

ब्रहम बिंदे सो ब्राहमण होई॥

भाव कोई भी गलती से ऊँची जात का अहंकार करने न बैठ जाना। ऊँची जात वाला वही है जो स्वे मंथन द्वारा अपने अंदर बसे परमात्मा को पहचान कर बाकी सब को परमात्मा की तरह ही सदा कुछ देने की भावना से देखे। जैसे कुम्हार एक ही मिट्टी से कई तरह के बर्तन बना लेता है उसी तरह परमात्मा जैसे एक ही असले से हम सब पैदा हुए हैं। जो मनुष्य इस तत्व की बात को समझ शेष पन्ना 37 पर

# Guru Har Rai Sahib ji

**-Gurmat Virsa Bureau**

Guru Har Rai Sahib Ji was born at Kiratpur Sahib on 31.01.1630. He was the son of Baba Gurditta JI and grandson of Guru Hargobdind Sahib JI. Mata Nihal Kaur Ji was his mother. Baba Gurditta Ji (his father) was the eldest son of Guru Hargobind Sahib Ji. The city of Kiratpur Sahib was founded by Baba Gurditta Ji and Baba Sri Chand Ji laid the foundation of this city in May 1624. At this place of Kiratpur sahib there dwelled Baba Budhan Shah ji, a Sikh of Guru Nanak Sahib Ji. Guru Har Rai Sahib ji was married to Bibi Krishan Kaur Ji (Sulakhani Ji) in 1640. She gave birth to two sons - Baba Ram Rai and (Guru) Harkrishan Sahib Ji. On 19th March, 1644 Guru Hargobind Sahib Ji while leaving for his heavenly abode enthroned Guru Har Rai Sahib Ji as 7th Guru of Sikhs.

There was a big famine in Punjab in 1646. This famine lasted for about three years when people felt acute scarcity of food and water. To meet their necessities people were looting each other. Guru Har Rai Sahib Ji utilised the offerings of Dasvandh of Sikhs at this time for the welfare of people like Guru Arjan Sahib and Guru Hargobind Sahib Ji did during their times. Like Guru Arjan Sahib Ji and Guru Hargobind Sahib Ji, he started constructing wells to provide employment to the people and teach them about dignity of labour. The Sikhs from other states also donated whole heartedly to meet this calamity of famine. Dara Shikoh (Son of Emperor Shahajahan and elder brother of Emperor Aurangzeb), the governor of Punjab was impressed the most with this social welfare project of Guru Sahib. He started respecting the philosophy of Sikhism and visited Guru Sahib from time to time. He even offered a Jagir for Langar once but Guru Sahib declined the offer politely pleading that Sikhs offer their Dasvandh out of their honest earnings for social work like langar.

When emperor Shahajahan banned the construction of new Hindu temples and repair / renovation of old temples, the Hindus got scared of this order. Sikhism doesn't believe in idol worship like Hindus, hence this order of ban was not imposed on Sikh Shrines. To boost the moral of scared Hindus Guru Sahib conducted a preaching tour in the region including Majha, Malwa and Doaba in the Punjab.

Sri Guru Arjan Sahib had established a clinic in Tarn Taran where patients were treated for their disease. This clinic, apart from the treatment of patients, provided shelter too for the helpless people. This clinic continued to run during the period of Guru Hargobind Sahib also. Guru Har Rai Sahib further extended it and made rare herbs / medicines available in this clinic during this period. Each patient was served free medicine and food there. Once, Dara Shikoh, the prince, fell seriously ill. Royal Hakim (doctor of that period) recommended certain rare HERBS to be mixed in the medicine like – LONG (ਲੌਂਗ) OF CERTAIN WEIGHT, HARAD and GAJMOTI for the treatment of Dara Shikoh. All these rare herbs could not be arranged from any other source other than the clinic of Guru Sahib. After administering these herbs Dara Shikoh got cured, who in turn visited Kiratpur Sahib for thanking Guru Sahib and presented his offerings.

Following the instructions of Guru Hargobind Sahib Ji, Guru Har Rai Sahib raised a cavalry of 2200 soldiers. When open war broke out among the sons of Shahajahan for occupying the Delhi Throne. Dara Shikoh was defeated at the hands of his brother Aurangzeb and he ran towards Lahore. Aurangzeb sent his army to chase and arrest him. Dara Shikoh requested Guru Har Rai Sahib for help. Ultimately Guru Sahib had to come in the field with his 2200 soldiers for helping Dara Shikoh. He captured the bank of river Beas and took over all the boats in his control. Thus, Guru Sahib hindered the army of Aurangzeb for one day to cross the river and by that time Dara Shikoh could reach Lahore safely. After this Guru Sahib left for Kashmir on his preaching tour. Later Aurangzeb came to know about the help Guru Sahib extended to Dara Shikoh. When Aurangzeb won over his brothers and killed them all, he occupied the Delhi throne and established himself as 6th Emperor of Mughal dynasty, soon he sent a message for Guru Sahib to visit him at Delhi. Guru Sahib sent his elder son Baba Ram Rai to Delhi royal court along with other prominent Sikhs – Bhai Daria (brother of grandfather of Bhai Mani Singh), Bhai Darghah Mal, uncle of Bhai Mati Das), and Bhai Gurdas Ji (son of Bhai Behlo) and other Sikhs. Before their leaving for Delhi, Guru Sahib preached them to remain in the Will and Wish of Waheguru for every act and consider Guru always with them. Baba Ram Rai was a very intelligent person. Emperor Aurangzeb was impressed with his wisdom and ability. Aurangzeb enquired him why Guru Sahib Ji helped Dara Shikoh? Baba Ram Rai replied that Guru Sahib helped him considering him needy and distressed and not for any enmity with the Royal throne. Aurangzeb further asked

several other questions about Sikhism, which Baba Ram Rai replied considering him Guru Nanak Sahib with him. Baba Ram Rai replied all the questions of Aurangzeb to the entire satisfaction of the emperor. Emperor Aurangzeb was a fanatic Sunni Muslim and planned to convert Baba Ram Rai to Islam. On persuasion of Quazis, Aurangzeb enquired from Baba Ram Rai that in your holy book, it is written as:

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ ।**
**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥.**

(Page 466)

The emperor asked what does it mean? Was it not an insult to his religion? With this sudden question, Baba Ram Rai's confidence got deviated and in order to maintain his rapport with the emperor, falsely he told that it is not written there "MITTI MUSALMAAN KI RATHER IT IS WRITTEN. MITTI BE-IMAAN. KI" **"ਮਿਟੀ ਬੇਈਮਾਨ ਕੀ"**. On hearing this the emperor was satisfied.

Deviation from the principle of Sikh Philosophy was a moral crime which was not expected from Baba Ram Rai. Hence Guru Har Rai Sahib Ji conveyed him not to come back to him as he had insulted the Gurbani of Guru Nanak Sahib Ji. To some extent the trick of the emperor of Aurangzeb worked and in order to widen the gap between Guru Sahib and his son Baba Ram Rai, he allotted a Jagir (big land) in Doon Region (near Dehradun). But the emperor could not succeed in creating differences among the Sikh masses and the devotion of Sikhs for their Guru.

For preaching Sikhism extensively, Guru Sahib established three centres, headed by Bhai Suthray Shah, Bhagat Bhawan and Bhai Feru Ji. Baba Gurditta Ji, the father of Guru Har Rai Sahib Ji had already established several preaching centres in the area.

Guru Har Rai Sahib Ji enthroned his younger son Guru Har Krishan Sahib as his successor ( $8^{th}$ Guru of Sikhs) and left for his heavenly abode on $20^{th}$ October, 1661 AD.

-0-

**पन्ना 35 का शेष**

लेता है वही असल में ऊँची जाति का है।

मां के पेट में किसी को यह समझ नहीं होती कि वह किस जाति का है पर परमात्मा सब को एक जैसी रखवाली, एक जैसी खुराक, एक जैसा खून और एक जैसा जन्म और जीवन बख्शता है।

गुरू साहिबान से सारी मानवता के लिए चलाये गये इस अंदोलन का शिखर दसम पातशाह ने खालसा सिरजना के समय दर्शाया जब पांच प्यारों में से चार नीच जातियों में से थे, पर वह अपनी करनी और ऊँचे आत्मिक जीवन के कारण सिख पंथ की सबसे ऊँची शख्सीयतें बने। यह वह गुरू प्यारे थे जिनसे दशम पिता ने आप भी अमृत की दात मांग कर ली। सारी मानवता के इतिहास में ऐसा बराबरी का अंदोलन चला भी पहली बार और ऐसा प्यारा इसे अमली जामा भी पहली बार ही पहनाया गया। गुरू साहिबान ने जहां नीचे को ऊँचा उठाया वही झूठा जात अहंकार छोड कर बराबर आ बैठने वालों को भी बराबर का ही सत्कार दिया। असलीयत में गुरू साहिबान द्वारा दर्शाया रास्ता सारी मानवता के लिए प्रकाश स्तम्भ का काम करता है, यदि मानवता अपनी आखों से झूठी कट्टरता की पट्टी उतार दे, उस दिन से फिर 'मानुख की जात सभै ऐकै पहिचानबो' का निशाना पूरा होगा। जरूरत सिर्फ बिबेक बुद्धि से सच को पहचानने की है।

सिखों की आज की दयानीय हालत जिनको गुरू साहिबान ने 239 सालों का समय लगा कर संवारा और श्रृंगारा और जात के भेद से छुड़वाया था, आज फिर इसी चक्कर में फंस रही है। आज से लगभग एक सौ पच्चीस साल पहले जब सिंघ सभा लहर आरम्भ हुई थी, उस लहर के बानी ज्ञानी दित्त सिंघ जी की यह शिक्षा आज भी हमें जगाने का तरला ले रही है। काश! हम जागें और जात–पात रहित, समाज सिरजें (बनायें) उनके बच्चन इस प्रकार हैः–

कौन सिख हुन्दे हो भाई? मैं अरोड़ा एह है नाई।
तेरी सिंघा की है जात? नामां, बंसीं, छींबा भ्रात।
तेरा दूध कौन है प्यारे? हम सिंघ हैं जट्ट करारे।
तेरा जन्म किन्नहां दे घर दा? मैं हा महरा पानी भरदा।
तैं न दसिआ अपना हाल? आहुल वाले असीं कलाल।
तूँ भी अपना गोत बखान? कारीगर हां असीं तरखान।
तुस्सां किन्नहां घर वासा लीया? ब्राहमण जन्म रब ने दीआ।
की कुझ करदे तेरे घर दे? हैन खत्री हट्टी करदे।
तैं कहु चुप भली क्यों कीती? जात साहिणी आपां लीती।
तूँ भी कहो अपना अलसेटा? मैं रंघरेटा गुरू का बेटा।
तैं क्यों जुदी लगाई ताड़ी? रविदास भगत दी हां मैं वाड़ी।
तैं न दस्सिया गोत प्यारे? माई पोतरे हां सुनियारे।
कहि दे झबदे तू भी कुझ? नाऊं रहितीये साडा बुझ।
तेरी की है जात सियाणे? बचित्र सिंघीये सिंघ लुबाणे।
तुस्सीं बैठ किऊ रहे इक्कले? हम सिखां है बावे भल्ले।
तूं क्या बैठा पाइ झंबेला? बेदी बावा समझ सुहेला।

–0–

ਸਿਹਤ ਸੰਭਾਲ

# ਖਾਣ ਪੀਣ ਦੇ ਵਿਗਾੜ ਨਾਲ ਵਧ ਰਹੀਆਂ ਬਿਮਾਰੀਆਂ

**ਅਨਿਲ ਧੀਰ (ਡਾ.)**

ਖਾਣ-ਪੀਣ ਦੇ ਵਿਗਾੜ ਬਾਰੇ ਜਾਗਰੂਕਤਾ ਹਫ਼ਤਾ (ਈਟਿੰਗ ਡਿਸਆਰਡਰ ਅਵੇਅਰਨੈੱਸ ਵੀਕ- 24 ਫਰਵਰੀ ਤੋਂ 2 ਮਾਰਚ) ਹਫਤਾ-2025 ਦਾ ਥੀਮ ਹੈ- ਕੀ ਕੋਈ ਵੀ ਖਾਣ-ਪੀਣ ਦੇ ਵਿਗਾੜ ਨਾਲ ਪ੍ਰਭਾਵਿਤ ਹੋ ਸਕਦਾ ਹੈ? ਖਾਣ-ਪੀਣ ਦੇ ਵਿਗਾੜ ਵਾਲੇ ਲੋਕ ਆਮ ਨਾਲੋਂ 5 ਗੁਣਾ ਵੱਧ ਅਲਕੋਹਲ ਅਤੇ ਨਾਜਾਇਜ਼ ਦਵਾਈਆਂ ਦਾ ਇਸਤੇਮਾਲ ਕਰ ਰਹੇ ਹਨ। ਡਾਇਬਟੀਜ਼ ਦੇ ਰੋਗੀ ਜੋ ਖਾਣ-ਪੀਣ ਵਿਗਾੜ ਦੇ ਸ਼ਿਕਾਰ ਹਨ, ਨੂੰ ਸ਼ੂਗਰ ਕੰਟਰੋਲ ਕਰਦਿਆਂ ਸ਼ੂਗਰ ਦੀਆਂ ਪੇਚੀਦਗੀਆਂ, ਭਾਵ, ਦਿਲ ਦੇ ਰੋਗ, ਸਟ੍ਰੋਕ, ਨਿਊਰੋਪੈਥੀ, ਅੱਖਾਂ ਦੀ ਘਟ ਰਹੀ ਰੋਸ਼ਨੀ ਅਤੇ ਗੁਰਦੇ ਦੀ ਬਿਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸੰਸਾਰ ਭਰ ਵਿੱਚ ਖਾਣ-ਪੀਣ ਦੇ ਵਿਗਾੜ ਬਾਰੇ ਜਾਗਰੂਕਤਾ ਹਫ਼ਤੇ ਦੌਰਾਨ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਨੂੰ ਖਾਣ-ਪੀਣ ਦੇ ਵਿਹਾਰ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਮਾੜਾ ਖਾਣ-ਪੀਣ ਸਰੀਰ ਅਤੇ ਮਨ ਨੂੰ ਬਿਮਾਰ ਕਰ ਰਿਹਾ ਹੈ। ਐਨੋਰੈਕਸੀਆ ਨਰਵੋਸਾ (ਓਨੋਰੲਣਓਿ ਨੲਰਵੋਸੁਓ), ਬੁਲੀਮੀਆ ਨਰਵੋਸਾ (ਬੁਲਮਿਓਿ ਨੲਰਵੋਸੁਓ) ਅਤੇ ਬਿੰਜ ਈਟਿੰਗ (ਬਨਿਗੲ ਓਟਨਿਗ) ਵਗੈਰਾ ਦਾ ਆਮ ਅਸਰ ਦੇਖਿਆ ਜਾਂਦਾ ਹੈ। ਸੰਸਾਰ ਭਰ ਵਿੱਚ ਭੋਜਨ ਦਾ ਹਰ ਆਦਮੀ ਨਾਲ ਵੱਖਰਾ ਰਿਸ਼ਤਾ ਹੁੰਦਾ ਹੈ। ਜ਼ਿੰਦਗੀ ਵਿੱਚ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦਾ ਕਾਰਨ ਗ਼ਲਤ ਖਾਣਾ ਪੀਣਾ, ਨਕਾਰਾਤਮਕ ਸੋਚ, ਸਦਮਾ, ਗ਼ੈਰ-ਸਿਹਤਮੰਦ ਰਿਸ਼ਤਾ ਅਤੇ ਜੈਨੇਟਿਕਸ ਵਗੈਰਾ ਦਾ ਅਸਰ ਦੇਖਿਆ ਜਾ ਰਿਹਾ ਹੈ। ਅਮਰੀਕਾ ਵਿੱਚ ਤਕਰੀਬਨ 3 ਕਰੋੜ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਔਰਤਾਂ 'ਚ ਘੱਟ ਉਮਰ ਦੀ ਔਰਤਾਂ ਵਿੱਚ ਅਤੇ 10 ਮਿਲੀਅਨ ਆਦਮੀ, ਇਹ ਬਿਗਾੜ ਦੇ ਅਸਰ ਹੇਠ ਹਨ। ਸੰਸਾਰ ਭਰ ਵਿੱਚ ਤਕਰੀਬਨ 7.20 ਕਰੋੜ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਛੋਟੀ ਉਮਰ ਵਿੱਚ ਜ਼ਿਆਦਾ ਅਸਰ ਦੇਖਿਆ ਜਾ ਰਿਹਾ ਹੈ। ਖ਼ਤਰਨਾਕ ਮਾਨਸਿਕ ਬਿਮਾਰੀ ਐਨੋਰੈਕਸੀਆ ਨਰਵੋਸਾ ਕਾਰਨ ਆਤਮ-ਹੱਤਿਆਵਾਂ ਦਾ ਅੰਕੜਾ ਵਧਿਆ ਹੈ।

ਖਾਣ-ਪੀਣ ਦੇ ਵਿਗਾੜ ਦੌਰਾਨ ਕਈ ਤਰ੍ਹਾਂ ਦੇ ਲੱਛਣ ਪ੍ਰਗਟ ਹੁੰਦੇ ਹਨ। ਇਨ੍ਹਾਂ ਵਿੱਚ ਮਾਹਵਾਰੀ ਦਾ ਬੰਦ ਹੋ ਜਾਣਾ, ਡੀਹਾਈਡ੍ਰੇਸ਼ਨ ਕਾਰਨ ਚੱਕਰ ਆਉਣਾ ਜਾਂ ਬੇਹੋਸ਼ ਹੋਣਾ, ਭੁਰਭੁਰੇ ਨਹੁੰ, ਅਸਹਿਣਸ਼ੀਲਤਾ, ਮਾਸਪੇਸ਼ੀਆਂ ਦੀ ਕਮਜ਼ੋਰੀ, ਦਿਲ ਦੀ ਜਲਨ, ਭੋਜਨ ਤੋਂ ਬਾਅਦ ਕਬਜ਼, ਪੇਟ ਅੰਦਰ ਹਵਾ ਪੈਦਾ ਹੋਣਾ, ਗੁਰਦਿਆਂ ਦੇ ਰੋਗ, ਹੱਡੀਆਂ ਦੀ ਘਣਤਾ (ਓਸਟੀਓਪੇਨੀਆ ਤੇ ਓਸਟੀਓਪੋਰੋਸਿਸ), ਉਦਾਸੀ, ਚਿੜਚਿੜਾਪਨ, ਥਕਾਵਟ, ਇਕਾਗਰਤਾ ਭੰਗ ਹੋਣਾ ਆਦਿ ਸ਼ਾਮਿਲ ਹਨ।

ਐਨੋਰੈਕਸੀਆ ਨਰਵੋਸਾ ਲੋੜ ਤੋਂ ਵੱਧ ਕਸਰਤ ਦੁਆਰਾ ਵਜ਼ਨ ਘਟਾਉਣ ਜਾਂ ਦੇਖਭਾਲ ਹੈ। ਬੁਲੀਮੀਆ ਨਰਵੋਸਾ ਵਿੱਚ ਜ਼ਿਆਦਾ ਖਾਣ-ਪੀਣ ਤੋਂ ਬਾਅਦ ਵਜ਼ਨ ਵਧਣ ਤੋਂ ਬਚਣ ਲਈ ਕਸਰਤ ਕਰਨਾ, ਖਾਲੀ ਪੇਟ ਰਹਿਣਾ ਹੈ। ਬਿੰਜ ਈਟਿੰਗ ਡਿਸਆਰਡਰ ਦੌਰਾਨ ਆਦਮੀ ਭੁੱਖ ਤੋਂ



ਵੱਧ ਖਾਣ-ਪੀਣ ਬਾਰੇ ਖੁਦ ਨੂੰ ਕੰਟਰੋਲ ਤੋਂ ਬਾਹਰ ਮਹਿਸੂਸ ਕਰਦਾ ਹੈ। ਐਨੋਰੈਕਸੀਆ ਨਰਵੋਸਾ ਵਾਲੇ ਕੁਝ ਲੋਕ ਰੁਕ-ਰੁਕ ਕੇ ਖਾਂਦੇ ਹਨ।

ਪਿਕਾ (pica) ਖਾਣ-ਪੀਣ ਦਾ ਅਜਿਹਾ ਵਿਗਾੜ ਹੈ ਜਿਸ ਵਿੱਚ ਪੀੜਤ ਵਾਰ-ਵਾਰ ਅਜਿਹਾ ਭੋਜਨ ਲੈਂਦਾ ਹੈ ਜਿਸ ਵਿੱਚ ਕੋਈ ਪੋਸ਼ਕ ਤੱਤ ਨਹੀਂ ਹੁੰਦੇ। ਅਜਿਹਾ ਵਿਹਾਰ ਕਈ ਮਹੀਨੇ ਤੱਕ ਰਹਿ ਸਕਦਾ ਹੈ। ਆਮ ਤੌਰ 'ਤੇ ਲਏ ਗਏ ਪਦਾਰਥ ਉਮਰ ਅਤੇ ਉਪਲਬਧਤਾ ਨਾਲ ਬਦਲਦੇ ਰਹਿੰਦੇ ਹਨ ਅਤੇ ਇਸ ਵਿੱਚ ਕਾਗਜ਼, ਪੇਂਟ ਚਿਪਸ, ਸਾਬਣ, ਕੱਪੜਾ, ਵਾਲ, ਚਾਕ, ਕੰਕਰ, ਕੋਲਾ, ਮਿੱਟੀ ਆਦਿ ਹੋ ਸਕਦੇ ਹਨ। ਪਿਕਾ ਵਿਗਾੜ ਛੋਟੀ ਉਮਰ ਵਿੱਚ ਹੋ ਸਕਦਾ ਹੈ। ਉਗਾਲੀ (rumination disorder) ਵਿੱਚ ਖਾਣਾ ਖਾਣ ਤੋਂ ਬਾਅਦ ਭੋਜਨ ਬਾਹਰ ਕੱਢਣਾ ਤੇ ਇਸ ਨੂੰ ਦੁਬਾਰਾ ਚਬਾਉਣਾ ਅਤੇ ਥੁੱਕਣ ਦੀ ਕਿਰਿਆ ਦੇਖੀ ਜਾਂਦੀ ਹੈ। ਅਜਿਹਾ ਬਚਪਨ ਜਾਂ ਕਿਸ਼ੋਰ ਅਵਸਥਾ ਵਿੱਚ ਹੋ ਸਕਦਾ ਹੈ। ਇੱਕ ਮਹੀਨੇ ਦੌਰਾਨ ਵਾਰ-ਵਾਰ ਹੋ ਸਕਦਾ ਹੈ।

**ਇਨ੍ਹਾਂ ਵਿਗਾੜਾਂ ਤੋਂ ਬਚਾਓ ਲਈ ਖਾਸ ਦੇਖਭਾਲ ਦੀ ਲੋੜ ਹੁੰਦੀ ਹੈ:**

-ਸਰੀਰ ਅਤੇ ਦਿਮਾਗ 'ਤੇ ਖਾਣ-ਪੀਣ ਦੀਆਂ ਬਿਮਾਰੀਆਂ ਦੇ ਅਸਰ ਕਾਰਨ ਮਨੋਵਿਗਿਆਨਕ ਅਤੇ ਪੋਸ਼ਣ ਸਬੰਧੀ ਸਲਾਹ ਅਤੇ ਨਿਗਰਾਨੀ ਦੀ ਲੋੜ ਹੁੰਦੀ ਹੈ। ਮਾਹਿਰ ਦੇ ਮਾਨਸਿਕ ਇਲਾਜ ਦੇ ਨਾਲ-ਨਾਲ ਪੋਸ਼ਣ ਸਬੰਧੀ ਸੈਸ਼ਨ ਅਤੇ ਕਦੇ-ਕਦੇ ਸਾਈਕੋ-ਫਾਰਮਕੋਲੋਜੀ ਦੀ ਵੀ ਲੋੜ ਪੈ ਜਾਂਦੀ ਹੈ।

-ਐਨੋਰੈਕਸੀਆ ਨਰਵੋਸਾ ਪੀੜਤਾਂ ਦੇ ਖਾਣ-ਪੀਣ ਅਤੇ ਵਜ਼ਨ ਕੰਟਰੋਲ ਕਰਨ ਦੇ ਵਿਹਾਰ ਨੂੰ ਆਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

-ਮਾਂ ਬਾਪ ਦੀ ਜ਼ਿੰਮੇਵਾਰੀ ਬਚਪਨ ਵਿੱਚ ਵੱਡੇ ਹੋ ਰਹੇ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਬਾਰੇ ਜਾਗਰੂਕ ਕਰਨ ਦੀ ਹੈ। ਬੱਚੇ ਦੀ ਸਿਹਤ ਮੁਤਾਬਿਕ ਮਾਹਿਰ ਨਾਲ ਸਲਾਹ-ਮਸ਼ਵਰਾ ਕਰਦੇ ਰਹਿਣਾ ਚਾਹੀਦਾ ਹੈ।

-ਕੌਮਾਂਤਰੀ ਪੱਧਰ 'ਤੇ ਗੰਭੀਰ ਐਨੋਰੈਕਸੀਆ ਦੇ ਪੀੜਤਾਂ ਦਾ ਵਜ਼ਨ ਬਹਾਲ ਕਰਨ ਅਤੇ ਖਾਣ-ਪੀਣ ਦਾ ਵਿਹਾਰ ਆਮ ਬਣਾਉਣ ਵਿੱਚ ਵਿਸ਼ੇਸ਼ ਪ੍ਰੋਗਰਾਮ ਹਨ।

-ਬਚਪਨ ਤੋਂ ਹੀ ਸੰਤੁਲਿਤ ਪੌਸ਼ਟਿਕ ਖੁਰਾਕ ਵੱਲ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਪ੍ਰਭਾਵਿਤ ਆਦਮੀ ਦੀ ਉਮਰ ਦੇ ਬਾਵਜੂਦ ਰੋਗੀ ਦੀ ਉਤੇਜਨਾ ਨਾਲ ਪਰਿਵਾਰ ਲਈ ਮੁਸ਼ਕਿਲਾਂ ਵਧ ਵੀ ਜਾਂਦੀਆਂ ਹਨ।

-ਬੁਲੀਮੀਆ ਨਰਵੋਸਾ ਵਾਲੇ ਫੀੜਤ ਆਮ ਤੌਰ 'ਤੇ ਬਦਲਵੀਂ ਡਾਈਟਿੰਗ ਕਰਦੇ ਹਨ ਜਾਂ ਸਿਰਫ ਘੱਟ ਕੈਲੋਰੀ ਵਾਲਾ ਸੁਰੱਖਿਅਤ ਭੋਜਨ ਲੈਂਦੇ ਹਨ ਅਤੇ ਵਰਜਿਤ ਉੱਚ ਕੈਲੋਰੀ ਵਾਲੀ ਖੁਰਾਕ 'ਤੇ ਬਹੁਤ ਜ਼ਿਆਦਾ ਭੋਜਨ ਕਰਦੇ ਹਨ। ਕਈ ਵਾਰ ਗੰਭੀਰ ਹਾਲਤ ਵਿੱਚ ਈਸੋਫੇਗਲ ਹੰਝੂ, ਗੈਸਟ੍ਰਿਕ ਫਟਣਾ ਅਤੇ ਖਤਰਨਾਕ ਕਾਰਡੀਅਕ ਐਰੀਥਮੀਆ ਦਾ ਖ਼ਦਸ਼ਾ ਹੋ ਸਕਦਾ ਹੈ। ਇਸ ਸੂਰਤ ਵਿਚ ਮਾਹਿਰ ਵੱਲੋਂ ਮੁਆਇਨਾ (ਡਾਇਗਨੋਜ਼) ਅਤੇ ਇਲਾਜ ਜ਼ਰੂਰੀ ਹੋ ਜਾਂਦਾ ਹੈ।

ਖਾਣ-ਪੀਣ ਨਾਲ ਜੁੜੇ ਰੋਗਾਂ ਦੀ ਹਾਲਤ ਵਿੱਚ ਬਿਨਾਂ ਦੇਰੀ ਮਾਹਿਰ ਦੀ ਸਲਾਹ ਲੈਣੀ ਚਾਹੀਦੀ ਹੈ। ਇਲਾਜ ਦੌਰਾਨ ਲਾਪ੍ਰਵਾਹੀ ਖ਼ਤਰਨਾਕ ਸਾਬਿਤ ਹੋ ਸਕਦੀ ਹੈ। ਬਿਮਾਰੀ ਦੀ ਹਾਲਤ ਵਿੱਚ ਸਾਈਕੋ-ਥੈਰੇਪੀ, ਐਂਟੀ-ਡਿਪ੍ਰੈਸੈਂਟਸ ਅਤੇ ਰਜਿਸਟਰਡ ਪੋਸ਼ਣ ਮਾਹਿਰ ਇਮਦਾਦ ਕਰ ਸਕਦਾ ਹੈ।

-0-

# ਸਰਬਪੱਖੀ ਕੀਟ ਪ੍ਰਣਾਲੀ ਵਿਚ ਮਿੱਤਰ ਕੀੜਿਆਂ ਦੀ ਭੂਮਿਕਾ

-ਸੁਮਨ ਕੁਮਾਰੀ / ਪ੍ਰਭਜੋਤ ਕੌਰ / ਹਰਿੰਦਰ ਸਿੰਘ

ਪੰਜਾਬ ਵਿੱਚ ਝੋਨਾ, ਕਮਾਦ ਅਤੇ ਮੱਕੀ ਦੇ ਮੁੱਖ ਦੁਸ਼ਮਣ ਕੀੜਿਆਂ (ਗੜੂੰਏਂ) ਨੂੰ ਨਸ਼ਟ ਕਰਨ ਲਈ ਦੋ ਮਿੱਤਰ ਕੀੜਿਆਂ ਟਰਾਈਕੋਗਰਾਮਾ ਕਿਲੋਨਸ ਅਤੇ ਟਰਾਈਕੋਗਰਾਮਾ ਜੈਪੋਨਿਕਮ ਦੀ ਸਿਫਾਰਿਸ਼ ਕੀਤੀ ਗਈ ਹੈ। ਇਹ ਮਿੱਤਰ ਕੀੜੇ ਪ੍ਰਯੋਗਸ਼ਾਲਾ ਵਿੱਚ ਤਿਆਰ ਕੀਤੇ ਗਏ ਟਰਾਈਕੋ-ਕਾਰਡ ਰਾਹੀਂ ਕਿਸਾਨਾਂ ਦੇ ਖੇਤਾਂ ਵਿੱਚ ਛੱਡੇ ਜਾਂਦੇ ਹਨ। ਇਹ ਮਿੱਤਰ ਕੀੜੇ ਦੁਸ਼ਮਣ ਕੀੜੇ ਦੇ ਅੰਡੇ ਅੰਦਰ ਆਪਣੇ ਅੰਡੇ ਦੇ ਕੇ ਆਪਣਾ ਜੀਵਨ ਚੱਕਰ ਪੂਰਾ ਕਰਦੇ ਹਨ। ਇਨ੍ਹਾਂ ਦੇ ਬੱਚੇ ਦੁਸ਼ਮਣ ਕੀੜੇ ਦੇ ਅੰਡੇ ਦੇ ਅੰਦਰ ਪਲਦੇ ਹਨ ਅਤੇ ਅੰਤ ਵਿੱਚ ਉਸ ਨੂੰ ਖ਼ਤਮ ਕਰ ਦਿੰਦੇ ਹਨ।

**ਸਾਉਣੀ ਦੀਆਂ ਮੁੱਖ ਫ਼ਸਲਾਂ ਦੇ ਹਾਨੀਕਾਰਕ ਕੀੜੇ ਅਤੇ ਉਨ੍ਹਾਂ ਦੇ ਹਮਲੇ ਦੀਆਂ ਨਿਸ਼ਾਨੀਆਂ**

**ਝੋਨਾ: ਪੀਲੇ ਤਣੇ ਦੇ ਗੜੂੰਏਂ:** ਇਹ ਜੁਲਾਈ ਤੋਂ ਅਕਤੂਬਰ ਤੱਕ ਫ਼ਸਲ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਦੀਆਂ ਸੁੰਡੀਆਂ ਤਣੇ ਦੇ ਜੋੜ ਵਿੱਚ ਵੜ ਜਾਂਦੀਆਂ ਹਨ ਅਤੇ ਗੋਭ ਨੂੰ ਅੰਦਰੋਂ-ਅੰਦਰ ਖਾਈ ਜਾਂਦੀਆਂ ਹਨ, ਜਿਸ ਨਾਲ ਗੋਭ ਸੁੱਕ ਜਾਂਦੀ ਹੈ। ਹਮਲੇ ਵਾਲੇ ਇਹ ਬੂਟੇ ਆਸਾਨੀ ਨਾਲ ਖਿੱਚੇ ਜਾ ਸਕਦੇ ਹਨ। ਜੇਕਰ ਹਮਲਾ ਮੁੰਜਰਾਂ ਨਿਕਲਣ ਤੋਂ ਬਾਅਦ ਹੋਵੇ ਤਾਂ ਇਹ ਸੁੱਕ ਜਾਂਦੀਆਂ ਹਨ ਅਤੇ ਇਸ ਵਿੱਚ ਦਾਣੇ ਨਹੀਂ ਬਣਦੇ। ਇਹ ਮੁੰਜਰਾਂ ਸਫ਼ੈਦ ਰੰਗ ਦੀਆਂ ਦਿਸਦੀਆਂ ਹਨ ਅਤੇ ਖੇਤ ਵਿੱਚ ਦੂਰੋਂ ਹੀ ਪਛਾਣੀਆਂ ਜਾ ਸਕਦੀਆਂ ਹਨ।

**ਪੱਤਾ ਲਪੇਟ ਸੁੰਡੀ :** ਇਸ ਕੀੜੇ ਦਾ ਬਹੁਤਾ ਨੁਕਸਾਨ ਅਗਸਤ ਤੋਂ ਅਕਤੂਬਰ ਦੇ ਦੌਰਾਨ ਹੁੰਦਾ ਹੈ। ਛੋਟੀਆਂ ਸੁੰਡੀਆਂ ਪੱਤਿਆਂ ਨੂੰ ਬਿਨਾਂ ਲਪੇਟੇ ਅਤੇ ਵੱਡੀਆਂ ਸੁੰਡੀਆਂ ਪੱਤਿਆਂ ਨੂੰ ਲਪੇਟ ਕੇ ਅੰਦਰੋਂ-ਅੰਦਰ ਹਰਾ ਮਾਦਾ ਖਾਂਦੀਆਂ ਹਨ ਜਿਸ ਕਰਕੇ ਪੱਤਿਆਂ 'ਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ।

**ਕਮਾਦ ਦੇ ਗੜੂੰਏਂ**

**ਅਗੇਤੀ ਫੋਟ ਦਾ ਗੜੂੰਆਂ :** ਇਹ ਕੀੜਾ ਅਪਰੈਲ ਤੋਂ ਜੂਨ ਤੱਕ ਨੁਕਸਾਨ ਕਰਦਾ ਹੈ। ਗੰਨੇ ਦੀ ਮੁੱਢਲੀ ਹਾਲਤ ਵਿੱਚ ਇਹ ਕੀੜੇ ਪੱਤੇ ਦੇ ਥੱਲੇ ਸਮੂਹਾਂ ਵਿੱਚ ਅੰਡੇ ਦਿੰਦੇ ਹਨ। ਸੁੰਡੀ ਮਿੱਟੀ ਦੀ ਸਤਿਹ ਦੇ ਨਜ਼ਦੀਕ ਮੋਰੀ ਕਰਕੇ ਤਣੇ ਵਿੱਚ ਦਾਖਲ ਹੋ ਜਾਂਦੀ ਹੈ, ਨਤੀਜੇ ਵਜੋਂ ਗੋਭ ਸੁੱਕ ਜਾਂਦੀ ਹੈ ਅਤੇ ਆਸਾਨੀ ਨਾਲ ਟੁੱਟ ਜਾਂਦੀ ਹੈ ਅਤੇ ਇਸ ਵਿੱਚੋਂ ਬਦਬੂਦਾਰ ਗੰਧ ਪੈਦਾ ਹੁੰਦੀ ਹੈ।

**ਆਗ ਦਾ ਗੜੂੰਆਂ :** ਇਹ ਕੀੜਾ ਮਾਰਚ ਤੋਂ ਅਕਤੂਬਰ ਤੱਕ ਹਮਲਾ ਕਰਦਾ ਹੈ, ਪਰ ਜੁਲਾਈ-ਅਗਸਤ ਦੌਰਾਨ ਬਹੁਤ ਹਾਨੀਕਾਰਕ ਹੁੰਦਾ ਹੈ। ਇਸ ਦੇ ਹਮਲੇ ਕਰਕੇ ਗੰਨੇ ਦੇ ਸਿਰੇ 'ਤੇ ਗੋਭ ਵਾਲਾ ਪੱਤਾ ਸੁੱਕ ਜਾਂਦਾ ਹੈ ਅਤੇ ਕਾਲੇ ਰੰਗ ਦਾ ਹੋ ਜਾਂਦਾ ਹੈ। ਇਸ ਦੇ ਹਮਲੇ ਦੀਆਂ ਹੋਰ ਨਿਸ਼ਾਨੀਆਂ ਹਨ ਕਿ ਇਹ ਆਗ ਵਿੱਚ ਮੋਰੀਆਂ ਕਰ ਦਿੰਦਾ ਹੈ, ਪੱਤੇ ਦੀ ਰੀੜ੍ਹ ਤੇ ਉੱਪਰਲੇ ਸਿਰੇ ਵੱਲ ਚਿੱਟੀਆਂ ਜਾਂ ਲਾਲ ਧਾਰੀਆਂ ਪੈ ਜਾਂਦੀਆਂ ਹਨ ਅਤੇ ਗੰਨਾ ਛਾਂਗਾ ਹੋ ਜਾਂਦਾ ਹੈ।

**ਤਣੇ ਦਾ ਗੜੂੰਆਂ :** ਇਸ ਕੀੜੇ ਦੀਆਂ ਸੁੰਡੀਆਂ ਸਰਦੀਆਂ ਵਿੱਚ ਨਵੇਂ ਪੜਸੂਇਆਂ ਜਾਂ ਮੁੱਢਾਂ ਵਿੱਚ ਰਹਿੰਦੀਆਂ ਹਨ। ਇਸ ਕੀੜੇ ਦਾ ਹਮਲਾ ਅਪਰੈਲ, ਮਈ ਅਤੇ ਜੂਨ ਵਿੱਚ ਕੁਝ ਘੱਟ ਹੁੰਦਾ ਹੈ, ਪਰ ਜੁਲਾਈ ਵਿੱਚ ਵਧ ਜਾਂਦਾ ਹੈ। ਅਕਤੂਬਰ ਅਤੇ ਨਵੰਬਰ ਵਿੱਚ ਇਹ ਸਭ ਤੋਂ ਵੱਧ ਸਰਗਰਮ ਹੁੰਦਾ ਹੈ। ਇਸ ਕੀੜੇ ਦੇ ਹਮਲੇ ਦੀਆਂ ਬਾਹਰੋਂ ਕੋਈ ਨਿਸ਼ਾਨੀਆਂ ਨਹੀਂ ਪਤਾ ਲੱਗਦੀਆਂ। ਇਸ ਕੀੜੇ ਦੀਆਂ ਤਣੇ ਵਿੱਚ ਵੜਨ ਅਤੇ ਨਿਕਲਣ ਵਾਲੀਆਂ ਮੋਰੀਆਂ ਕੇਵਲ ਗੰਨਾ ਛਿਲ ਕੇ ਹੀ ਵੇਖੀਆਂ ਜਾ ਸਕਦੀਆਂ ਹਨ। ਇੱਕ ਸੁੰਡੀ ਕਈ ਵਾਰ ਤਿੰਨ ਗੰਢਾਂ ਤੱਕ ਨੁਕਸਾਨ ਕਰ ਦਿੰਦੀ ਹੈ ਅਤੇ ਗੰਨੇ ਉੱਪਰ ਕਈ ਥਾਵਾਂ 'ਤੇ ਹਮਲਾ ਕਰਦੀ ਹੈ। ਜ਼ਿਆਦਾ ਹਮਲੇ ਵਿੱਚ ਗੰਨੇ ਦੇ ਝਾੜ ਅਤੇ ਮਿਠਾਸ 'ਤੇ ਮਾੜਾ ਅਸਰ ਪੈਂਦਾ ਹੈ।

**ਮੱਕੀ ਦਾ ਗੜੂੰਆਂ :** ਇਹ ਮੱਕੀ ਦਾ ਮੁੱਖ ਕੀੜਾ ਹੈ ਅਤੇ ਜੂਨ ਤੋਂ ਸਤੰਬਰ ਤੱਕ ਫ਼ਸਲ ਦਾ ਨੁਕਸਾਨ ਕਰਦਾ ਹੈ। ਇਸ ਕੀੜੇ ਦੀਆਂ ਸੁੰਡੀਆਂ ਪਹਿਲਾਂ ਬੂਟੇ ਦੇ ਪੱਤਿਆਂ ਉੱਪਰ ਝਰੀਟਾਂ ਪਾ ਦਿੰਦੀਆਂ ਹਨ ਅਤੇ ਗੋਭ ਰਾਹੀਂ ਤਣੇ ਵਿੱਚ ਮੋਰੀਆਂ ਕਰ ਦਿੰਦੀਆਂ ਹਨ। ਗੋਭ ਦਾ ਵਿਚਕਾਰਲਾ ਪੱਤਾ ਛਲਣੀ-ਛਲਣੀ ਹੋ ਜਾਂਦਾ ਹੈ। ਛੋਟੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ।

**ਸਾਉਣੀ ਦੀਆਂ ਫ਼ਸਲਾਂ ਵਿੱਚ ਵਰਤੇ ਜਾਣ ਵਾਲੇ ਮਿੱਤਰ ਕੀੜਿਆਂ ਦੀ ਸੂਚੀ ਅਤੇ ਵਰਤੋਂ ਦਾ ਸਹੀ ਸਮਾਂ:**

ਜੈਵਿਕ ਝੋਨੇ ਵਿੱਚ ਪੱਤਾ ਲਪੇਟ ਸੁੰਡੀ ਜਿੱਥੇ ਨੁਕਸਾਨ ਵਾਲਾ ਕੀੜਾ ਹੈ ਤਾਂ ਟਰਾਈਕੋਗਰਾਮਾ ਕਿਲੋਨਸ ਮਿੱਤਰ ਕੀੜਾ ਹੈ। ਪੱਤਾ ਲਪੇਟ ਸੁੰਡੀ ਤੋਂ ਛੁਟਕਾਰਾ ਪਾਉਣ ਲਈ ਪ੍ਰਤੀ ਏਕੜ 2 ਟਰਾਈਕੋਕਾਰਡ (40,000 ਅੰਡੇ) ਪ੍ਰਤੀ ਏਕੜ ਪਾਓ। ਇਨ੍ਹਾਂ ਨੂੰ ਖੇਤ ਵਿੱਚ ਛੱਡਣ ਦਾ ਸਮਾਂ ਝੋਨਾ ਲਾਉਣ ਤੋਂ 30 ਦਿਨਾਂ ਬਾਅਦ 7 ਦਿਨਾਂ ਦੇ ਵਕਫ਼ੇ 'ਤੇ 5 ਤੋਂ 6 ਵਾਰ ਖੇਤ ਵਿੱਚ ਛੱਡੋ। ਇਸ ਦੇ ਨਾਲ ਹੀ ਪੀਲੇ ਤਣੇ ਦਾ ਗੜੂੰਆਂ ਵੀ ਜੈਵਿਕ ਝੋਨੇ ਦਾ ਦੁਸ਼ਮਣ ਕੀੜਾ ਹੈ ਜਦੋਂਕਿ ਟਰਾਈਕੋਗਰਾਮਾ ਜੈਪੋਨਕਿਮ ਮਿੱਤਰ ਕੀੜਾ ਹੈ। ਇਸ ਤੋਂ ਛੁਟਕਾਰੇ ਲਈ ਵੀ ਪ੍ਰਤੀ ਏਕੜ 2 ਟਰਾਈਕੋਕਾਰਡ (40,000 ਅੰਡੇ) ਪ੍ਰਤੀ ਏਕੜ ਪਾਓ। ਇਨ੍ਹਾਂ ਨੂੰ ਖੇਤ ਵਿੱਚ ਛੱਡਣ ਦਾ ਸਮਾਂ ਝੋਨਾ ਲਾਉਣ ਤੋਂ 30 ਦਿਨਾਂ ਬਾਅਦ 7 ਦਿਨਾਂ ਦੇ ਵਕਫ਼ੇ 'ਤੇ 5 ਤੋਂ 6 ਵਾਰ ਖੇਤ ਵਿੱਚ ਛੱਡਣ ਦਾ ਹੈ।

ਕਮਾਦ ਦਾ ਦੁਸ਼ਮਣ ਕੀੜਾ ਅਗੇਤੀ ਫੋਟ ਦਾ ਗੜੂੰਆਂ ਹੈ। ਜਦੋਂਕਿ ਮਿੱਤਰ ਕੀੜਾ ਟਰਾਈਕੋਗਰਾਮਾ ਕਿਲੋਨਸ ਹੈ। ਆਗ ਦਾ ਗੜੂੰਆਂ ਦੁਸ਼ਮਣ ਕੀੜਾ ਅਤੇ ਟਰਾਈਕੋਗਰਾਮਾ ਜੈਪੋਨਕਿਮ ਮਿੱਤਰ ਕੀੜਾ ਹੈ। ਤਣੇ ਦਾ ਗੜੂੰਆਂ ਦੁਸ਼ਮਣ ਅਤੇ ਟਰਾਈਕੋਗਰਾਮਾ ਕਿਲੋਨਸ ਮਿੱਤਰ ਕੀੜਾ ਹੈ। ਪਹਿਲੇ ਦੋ ਦੁਸ਼ਮਣ ਕੀੜਿਆਂ ਤੋਂ ਛੁਟਕਾਰੇ ਲਈ ਪ੍ਰਤੀ ਏਕੜ 1 ਟਰਾਈਕੋਕਾਰਡ (20,000 ਅੰਡੇ) ਅੱਧ ਅਪਰੈਲ ਤੋਂ ਜੂਨ ਅਖੀਰ ਤੱਕ 10 ਦਿਨਾਂ ਦੇ ਫ਼ਰਕ ਨਾਲ 8 ਵਾਰੀ ਖੇਤ ਵਿੱਚ ਛੱਡੋ। ਤਣੇ ਦੇ ਗੜੂੰਏਂ ਤੋਂ ਛੁਟਕਾਰੇ ਲਈ ਪ੍ਰਤੀ ਏਕੜ 1 ਟਰਾਈਕੋਕਾਰਡ (20,000 ਅੰਡੇ) ਜੁਲਾਈ ਤੋਂ ਲੈ ਕੇ ਅਕਤੂਬਰ ਤੱਕ 10 ਦਿਨਾਂ ਦੇ ਫ਼ਰਕ ਨਾਲ 10-12 ਵਾਰ ਖੇਤ ਵਿੱਚ ਛੱਡੋ।

ਮੱਕੀ ਦੀ ਫਸਲ ਲਈ ਮੱਕੀ ਦਾ ਗੜੂੰਆਂ ਦੁਸ਼ਮਣ ਕੀੜਾ ਅਤੇ ਟਰਾਈਕੋਗਰਾਮਾ ਕਿਲੋਨਸ ਮਿੱਤਰ ਕੀੜਾ ਹੈ। ਇਸ ਦੀ ਰੋਕਥਾਮ ਲਈ ਦੋ ਵਾਰੀ 10 ਅਤੇ 17 ਦਿਨਾਂ ਦੀ ਫ਼ਸਲ 'ਤੇ ਪ੍ਰਤੀ ਇਕੜ ਦੇ ਹਿਸਾਬ ਨਾਲ 2 ਟਰਾਈਕੋਕਾਰਡ (40,000 ਅੰਡੇ) ਖੇਤ ਵਿੱਚ ਛੱਡੋ।

ਟਰਾਈਕੋਕਾਰਡਸ ਖੇਤ ਵਿੱਚ ਲਗਾਉਣ ਦੀ ਵਿਧੀ:

**ਜੈਵਿਕ ਝੋਨਾ:** ਝੋਨੇ ਵਿੱਚ ਪੱਤਾ ਲਪੇਟ ਸੁੰਡੀ ਅਤੇ ਪੀਲੇ ਤਣੇ ਦੇ ਗੜੂੰਏਂ ਦੀ ਟਰਾਈਕੋਗਰਾਮਾ ਕਿਲੋਨਸ ਅਤੇ ਟਰਾਈਕੋਗਰਾਮਾ ਜੈਪੋਨਿਕਮ ਦੇ ਦੋ-ਦੋ ਟਰਾਈਕੋ-ਕਾਰਡਾਂ ਨੂੰ 5×1.5 ਸੈਂਟੀਮੀਟਰ ਛੋਟੇ ਆਕਾਰ ਦੇ 40 ਬਰਾਬਰ ਹਿੱਸਿਆਂ ਵਿੱਚ ਕੱਟੋ; ਹਰ ਹਿੱਸੇ ਉੱਪਰ ਲਗਭਗ 1000 ਪਰਜੀਵੀ ਕਿਰਿਆ ਕੀਤੇ ਹੋਏ ਅੰਡੇ ਲੱਗੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਇੱਕ ਏਕੜ ਖੇਤ ਵਿੱਚ ਬਰਾਬਰ ਦੂਰੀ 'ਤੇ 40 ਥਾਵਾਂ ਵਿੱਚ ਪੱਤਿਆਂ ਦੇ ਹੇਠਲੇ ਪਾਸੇ ਪਿੰਨਾਂ ਨਾਲ ਨੱਥੀ ਕਰੋ।

**ਕਮਾਦ:** ਖੇਤ ਵਿਚ ਮਿੱਤਰ ਕੀੜੇ ਛੱਡਣ ਲਈ ਇੱਕ ਟਰਾਈਕੋ-ਕਾਰਡ (10×15 ਸੈਂਟੀਮੀਟਰ), ਜਿਸ ਉੱਪਰ 20,000 ਪਰਜੀਵੀ ਕਿਰਿਆ ਕੀਤੇ

ਬਾਕੀ ਸਫ਼ਾ 42 'ਤੇ

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



## ਲਾੜੀ ਦੀ ਲੋੜ

**ਫਾਰਮ ਨੰ. 303**
ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

**ਫਾਰਮ ਨੰ. 395:** ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 2025, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

-0-

## ਲਾੜੇ ਦੀ ਲੋੜ

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

-0-

# ਅਗਸਤ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ



ਜਾਂਦੀ ਹੈ। ਇੱਕ ਸਕੂਲ ਵਿੱਚ ਸੋਮਵਾਰ ਤੋਂ ਸ਼ਨੀਵਾਰ ਤੱਕ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਵੱਖ-ਵੱਖ ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਭਾਈ ਨਿਰਮਲ ਸਿੰਘ ਵਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ।

**2. ਪਰਿੰਗੜੀ (95923-67125, 98718-09216)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

**ਮਾਲਵਾ:-**

**3. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਸ.ਸ.ਸ.ਸ. ਦਾਖਾ, ਸ. ਹਾਈ ਸਕੂਲ ਗੁੱਜਰਵਾਲ, ਸ.ਸ.ਸ.ਸ. ਕਿਲ੍ਹਾ ਰਾਏਪੁਰ, ਸ.ਸ.ਸ.ਸ. ਡੇਹਲੋਂ, ਦਸ਼ਮੇਸ਼ ਖਾਲਸਾ ਸ.ਸ.ਸ. ਹੇਰਾਂ, ਸ.ਸ.ਸ.ਸ. ਸਰਾਭਾ, ਸ.ਸ.ਸ.ਸ. ਨਾਰੰਗਵਾਲ, ਖਾਲਸਾ ਸਕੂਲ ਅਹਿਮਦਗੜ੍ਹ (ਲੜਕੀਆਂ), ਜੀ.ਐਚ.ਜੀ ਪੱਖੋਵਾਲ ਵਿਖੇ ਗੁਰਮਤਿ ਕਲਾਸਾਂ ਲਗਾਈਆਂ ਗਈਆਂ। 4 ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਕਥਾ-ਵਿਚਾਰਾਂ ਕੀਤੀਆਂ ਗਈਆਂ। ਪਿੰਡ ਮੁਲਾਂਪੁਰ ਵਿਖੇ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ। 15 ਬੱਚੇ ਸਹਿਜ ਪਾਠ ਕਰ ਰਹੇ ਹਨ। ਪਿੰਡ ਦਾਖਾ ਵਿਖੇ 2 ਬੱਚਿਆਂ ਨੇ ਸਹਿਜ ਪਾਠਾਂ ਦੀ ਸਮਾਪਤੀ ਕੀਤੀ ਹੈ।

**4. ਬੁਗਰਾ (70097-82466)-** ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ 25 ਅਗਸਤ ਤੋਂ ਬੱਚਿਆਂ ਦਾ ਦਸਤਾਰ ਅਤੇ ਦੁਮਾਲਾ ਸਿਖਲਾਈ ਕੈਂਪ ਆਰੰਭ ਕੀਤਾ ਗਿਆ। 4 ਵਜੇ ਤੋਂ 6 ਵਜੇ ਤੱਕ ਹਰ ਰੋਜ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ 31 ਅਗਸਤ ਤੱਕ ਲਗਾਈ ਗਈ ਹੈ। 31 ਅਗਸਤ ਨੂੰ ਸ਼ਾਮ ਨੂੰ ਪਿੰਡ ਵਿੱਚ ਦਸਤਾਰ ਮਾਰਚ ਕੀਤਾ ਗਿਆ। 1 ਸਤੰਬਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਇਆ ਗਿਆ ਅਤੇ ਦਸਤਾਰ ਤੇ ਦੁਮਾਲਾ ਮੁਕਾਬਲੇ ਕਰਵਾਏ ਗਏ। ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**5. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਪਿੰਡ ਸਿਧਵਾਂ ਕਲਾਂ ਵਿਖੇ ਹੋਏ ਗੁਰਮਤਿ ਸਮਾਗਮਾਂ ਦੌਰਾਨ ਨੌਜਵਾਨ ਵੀਰਾਂ ਨਾਲ ਗੁਰਮਤਿ ਵਿਚਾਰ ਸਾਂਝੇ ਕੀਤੇ ਗਏ, ਕਿਤਾਬਾਂ ਦੀ ਸਟਾਲ ਲਗਾਈ, ਕਾਲਜ ਵਲੋਂ ਲਿਟਰੇਚਰ ਵੰਡਿਆ ਗਿਆ। ਲਾਇਬ੍ਰੇਰੀ ਕਾਲਖ ਵਿਖੇ ਸਵਾਲ-ਜਵਾਬ ਮੁਕਾਬਲੇ ਕਰਵਾਏ ਗਏ, ਸਾਰੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ ਗਈ। ਰਾਜਗੜ੍ਹ ਸਕੂਲ ਵਿਖੇ ਬੱਚਿਆਂ ਦੇ ਸੈਮੀਨਾਰ ਦੌਰਾਨ ਉਨ੍ਹਾਂ ਦੇ ਮਾਪਿਆਂ ਨਾਲ ਵਿਚਾਰ ਸਾਂਝੇ ਕੀਤੇ ਗਏ। ਕੇਂਦਰ ਲਤਾਲਾ ਦੇ ਬੱਚਿਆਂ ਨੂੰ ਗੁਰਮਤਿ ਗਿਆਨ ਭਾਗ-1 ਵੰਡਿਆ ਗਿਆ।

**6. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨੈਤਪੁਰ ਵਿਖੇ ਹਰ ਰੋਜ ਬੱਚਿਆਂ ਨੂੰ ਗੁਰ ਇਤਿਹਾਸ ਪੜਾਇਆ ਜਾਂਦਾ ਹੈ। ਹਫਤੇ ਵਿੱਚ 3 ਦਿਨ ਗੁਰਬਾਣੀ ਸੰਥਿਆ ਕਲਾਸ ਲਗਾਈ ਜਾਂਦੀ ਹੈ। ਬੱਚਿਆਂ ਵਲੋਂ ਸ਼ਾਮ ਦੇ ਦੀਵਾਨਾਂ ਦੀ ਸੇਵਾ ਨਿਭਾਈ ਜਾਂਦੀ ਹੈ। 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ।

**7. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਸਕੂਲਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਡਿਊਟੀ ਕੇਂਦਰ ਦੇ ਬੱਚਿਆਂ ਵਲੋਂ ਕੀਤੀ ਜਾਂਦੀ ਹੈ। ਹਰ ਰੋਜ ਦਸਤਾਰ ਸਿਖਲਾਈ ਤੇ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ, 2 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 1 ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**8. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਜਪੁ ਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ। ਗੁਰਮਤਿ ਦੀ ਵਿਦਿਆ ਦੇ ਨਾਲ ਨਾਲ ਸਕੂਲ ਵਿਚ ਬੱਚਿਆਂ ਨੂੰ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਗੁਰਮਤਿ ਮੁਕਾਬਲਿਆਂ ਲਈ ਤਿਆਰ ਕੀਤਾ ਜਾਂਦਾ ਹੈ। ਸਕੂਲ ਵਿੱਚ ਬੱਚਿਆਂ ਨੂੰ ਸ੍ਰੀ ਸਹਿਜ ਪਾਠ ਵੀ ਕਰਵਾਏ ਜਾਂਦੇ ਹਨ। ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਦੇ ਸੰਬੰਧ ਵਿੱਚ 129 ਸਹਿਜ ਪਾਠ ਆਰੰਭ ਕੀਤੇ ਗਏ ਹਨ। ਬੱਚਿਆਂ ਨੂੰ ਗੁਰਮਤਿ ਤੋਂ ਇਲਾਵਾ ਖੇਡਾਂ ਨਾਲ ਵੀ ਜੋੜਿਆ ਜਾਂਦਾ ਹੈ। ਜੋਤੀ ਜੋਤ ਗੁਰੂ ਰਾਮਦਾਸ ਜੀ, ਪਹਿਲਾ ਪ੍ਰਕਾਸ਼ ਪੁਰਬ ਗੁਰੂ ਗ੍ਰੰਥ ਸਾਹਿਬ ਜੀ, ਗੁਰਤਾਗੱਦੀ ਸ੍ਰੀ ਗੁਰੂ ਅਮਰਦਾਸ ਜੀ ਦੇ ਧਾਰਮਿਕ ਦਿਹਾੜੇ ਨਾਲ ਸਬੰਧਤ ਸਵੇਰ ਦੀ ਸਭਾ ਵਿੱਚ ਲੈਕਚਰ ਕੀਤੇ ਗਏ। 15 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ, 15 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**9. ਖਨਾਲ ਖੁਰਦ (62390-80242)-** ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਖਨਾਲ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਨਿਤਨੇਮ ਅਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। ਸਵੇਰੇ 11 ਤੋਂ 12.30 ਵਜੇ ਤੱਕ ਮਾਤਾਵਾਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਸ਼ਾਮ ਨੂੰ 4 ਤੋਂ 5 ਵਜੇ ਤੱਕ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 8 ਤੋਂ 9 ਵਜੇ ਤੱਕ ਵੱਡੇ ਵੀਰਾਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਬੱਚੇ ਸਹਿਜ ਪਾਠ ਕਰ ਰਹੇ ਹਨ, 3 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ**

**10. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ

ਬੱਚਿਆਂ ਨੂੰ ਗੁਰਮਤਿ ਅਤੇ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਹਰ ਐਤਵਾਰ ਨੂੰ ਗੁਰਦੁਆਰਾ ਕਲਗੀਧਰ ਸਾਹਿਬ ਪਿੰਡ ਅੱਪਰਾ ਵਿਖੇ ਲੜੀਵਾਰ ਕਥਾ ਵੀਚਾਰ ਕੀਤੀ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ ਅਤੇ 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**11. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮੀ (ਸਕੂਲ) ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿਖਿਆ ਦੇ ਰਹੇ ਹਨ। ਕੇਂਦਰ ਵਿਖੇ ਹਰ ਰੋਜ ਨਿਤਨੇਮ ਦੀਆਂ ਬਾਣੀਆਂ ਦੇ ਪਾਠ ਕੀਤੇ ਜਾਂਦੇ ਹਨ ਅਤੇ ਨਾਲ ਹੀ ਹਰ ਰੋਜ ਗੁਰਮਤਿ ਵੀਚਾਰਾਂ ਦੀ ਸਾਂਝ ਵੀ ਕੀਤੀ ਜਾਂਦੀ ਹੈ। 2 ਗੁਰਦੁਆਰਿਆਂ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਕਲਾਸ ਦੇ ਨਾਲ ਨਾਲ ਗਤਕੇ ਦੀ ਅਤੇ ਤਬਲੇ ਦੀ ਕਲਾਸ ਵੀ ਲਗਾਈ ਜਾਂਦੀ ਹੈ। ਕੀਰਤਨ ਸਿੱਖਣ ਵਾਲੇ ਬੱਚੇ ਹਰ ਸੰਗਰਾਂਦ ਨੂੰ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਦੀ ਹਾਜਰੀ ਭਰਦੇ ਹਨ। ਕੇਂਦਰ ਵਿਖੇ ਵੀਰਵਾਰ ਵਾਲੇ ਦਿਨ ਬੀਬੀਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਸਹਸਕ੍ਰਿਤੀ ਸਲੋਕਾਂ ਦੀ ਸੰਥਿਆ ਤੇ ਵਿਆਖਿਆ ਵੀ ਕਰਵਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠਾਂ ਦੀ ਸਮਾਪਤੀ ਕੀਤੀ ਅਤੇ 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**12. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਜੈ ਭਾਰਤ ਸਕੂਲ ਸਮੁੰਦੜਾ ਅਤੇ ਬਾਬਾ ਵਜੀਰ ਸਿੰਘ ਸਕੂਲ ਨਵਾਂ ਸ਼ਹਿਰ ਵਿਖੇ ਹਫਤਾਵਾਰੀ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਪਿੰਡ ਮਜਾਰੀ, ਦੇਨੋਵਾਲ ਅਤੇ ਪਨਾਮ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਰੋਜ ਕੇਂਦਰ ਵਿਖੇ ਗੁਰਬਾਣੀ ਸੰਥਿਆ ਅਤੇ ਗੱਤਕਾ ਕਲਾਸ ਲਗਾਈ ਜਾਂਦੀ ਹੈ। ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**13. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ-ਸ਼ਾਮ ਨਿਤਨੇਮ ਅਤੇ ਹੁਕਮਨਾਮੇ ਦੀ ਕਥਾ ਕੀਤੀ ਜਾਂਦੀ ਹੈ। ਹਰ ਰੋਜ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਸੰਗਤ ਵਲੋਂ ਹਰ ਵੀਰਵਾਰ ਨੂੰ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

**14. ਕਾਲੇਵਾਲ ਲੱਲੀਆਂ (95177-54531)-** ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਵਲੋਂ ਰੋਜਾਨਾ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ ਨਿਤਨੇਮ ਦੀ ਲੜੀਵਾਰ ਕਥਾ ਵੀਚਾਰ ਹੁੰਦੀ ਹੈ। ਗੁਰਦੁਆਰਾ ਸਾਹਿਬ ਵਿਖੇ ਰਾਤ ਦੇ ਸਮੇਂ ਪਿੰਡ ਦੇ ਵੀਰਾਂ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ।

**15. ਇੰਦਣਾ ਕਲਾਸਕੇ (79731-15345)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ ਵੀਚਾਰ ਦੀ ਸੇਵਾ ਨਿਭਾਈ ਜਾਂਦੀ ਹੈ। ਵੀਰਵਾਰ ਨੂੰ ਮਾਤਾਵਾਂ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਐਤਵਾਰ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**16. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀ ਗੁਰਮਤਿ ਕਲਾਸ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**17. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ, 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**18. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**19. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**20. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। -0-

**ਸਫਾ 39 ਦਾ ਬਾਕੀ**

ਹੋਏ ਕੌਰਸਾਇਰਾ ਦੇ ਅੰਡੇ ਲੱਗੇ ਹੁੰਦੇ ਹਨ, ਨੂੰ 5×0.75 ਸੈਂਟੀਮੀਟਰ ਦੇ ਆਕਾਰ ਦੇ 40 ਛੋਟੇ ਬਰਾਬਰ ਹਿੱਸਿਆਂ ਵਿੱਚ ਕੱਟੋ। ਹਰ ਛੋਟੇ ਹਿੱਸੇ ਉੱਪਰ ਤਕਰੀਬਨ 500 ਅੰਡੇ ਲੱਗੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਕਮਾਦ ਦੇ ਪੱਤਿਆਂ 'ਤੇ ਹੇਠਲੇ ਪਾਸੇ ਇੱਕ ਏਕੜ ਵਿੱਚ ਬਰਾਬਰ ਦੂਰੀ 'ਤੇ 40 ਥਾਵਾਂ 'ਤੇ ਸ਼ਾਮ ਵੇਲੇ ਪਿੰਨਾਂ ਨਾਲ ਨੱਥੀ ਕਰੋ।

**ਮੱਕੀ:** ਮੱਕੀ ਵਿੱਚ ਗੰਭੂਏ ਦੀ ਰੋਕਥਾਮ ਲਈ ਟਰਾਈਕੋਕਾਰਡ ਦੋ ਵਾਰ ਵਰਤੋ। ਪਹਿਲੀ ਵਾਰ ਜਦੋਂ ਫ਼ਸਲ 10 ਦਿਨ ਦੀ ਹੋਵੇ ਤੇ ਦੂਜੀ ਵਾਰ ਜਦੋਂ 17 ਦਿਨ ਦੀ ਹੋਵੇ। ਦੋ ਟਰਾਈਕੋਕਾਰਡਾਂ ਨੂੰ 5×1.5 ਸੈਂਟੀਮੀਟਰ ਆਕਾਰ ਦੇ 40 ਹਿੱਸਿਆਂ ਵਿੱਚ ਬਰਾਬਰ ਕੱਟ ਲਵੋ, ਹਰ ਛੋਟੇ ਹਿੱਸੇ ਉੱਪਰ ਤਕਰੀਬਨ 1000 ਪਰਜੀਵੀ ਕਿਰਿਆ ਕੀਤੇ ਹੋਏ ਅੰਡੇ ਲੱਗੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਗੋਭ ਦੇ ਪੱਤਿਆਂ ਦੇ ਹੇਠਲੇ ਪਾਸੇ ਸ਼ਾਮ ਦੇ ਸਮੇਂ ਖੇਤ ਵਿੱਚ ਇਕਸਾਰ ਦੂਰੀ 'ਤੇ ਪਿੰਨ ਨਾਲ ਨੱਥੀ ਕਰੋ।

ਜ਼ਰੂਰੀ ਸਾਵਧਾਨੀਆਂ

- ਟਰਾਈਕੋ-ਕਾਰਡ ਸ਼ਾਮ ਦੇ ਸਮੇਂ ਖੇਤਾਂ ਵਿੱਚ ਨੱਥੀ ਕਰਨੇ ਚਾਹੀਦੇ ਹਨ।
- ਮੀਂਹ ਵਾਲੇ ਦਿਨ ਟਰਾਈਕੋ-ਕਾਰਡ ਨਾ ਲਗਾਓ।
- ਜਿਹੜੇ ਖੇਤਾਂ ਵਿੱਚ ਟਰਾਈਕੋਗਰਾਮਾ ਛੱਡਿਆ ਹੋਵੇ, ਉਨ੍ਹਾਂ ਵਿੱਚ ਕੀਟਨਾਸ਼ਕਾਂ ਦਾ ਛਿੜਕਾਅ ਨਾ ਕਰੋ।

ਕਿਸਾਨ ਇਹ ਕਾਰਡ ਪੀ.ਏ.ਯੂ. ਲੁਧਿਆਣਾ ਦੇ ਕੀਟ ਵਿਭਾਗ ਦੀ ਜੈਵਿਕ ਰੋਕਥਾਮ ਪ੍ਰਯੋਗਸ਼ਾਲਾ ਤੋਂ ਲੈ ਸਕਦੇ ਹਨ ਜਾਂ ਫਿਰ ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਸੰਪਰਕ ਕਰਕੇ ਵੀ ਪ੍ਰਾਪਤ ਕਰ ਸਕਦੇ ਹਨ।

*ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ
*ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ

# ਪੰਜਾਬ ਅਤੇ ਭਾਰਤ ਦੇ ਹੋਰ ਪਿੰਡ/ਸ਼ਹਿਰਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਵੱਡੀ ਗਿਣਤੀ ਵਿਚ ਕੈਂਪ ਲਗਾਏ ਗਏ ਜਿਸ ਵਿਚ ਸੈਂਕੜੇ ਬੱਚਿਆਂ ਨੇ ਭਾਗ ਲਿਆ।



ਕੇਂਦਰ ਮਾਲੂਵਾਲ ਦੇ ਪਿੰਡ ਸੁਰਸਿੰਘ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਮਾਲੂਵਾਲ ਦੇ ਪਿੰਡ ਛਿਛਰੇਵਾਲ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਇੰਦਣਾ ਕਲਾਸਕੇ ਦੇ ਗੁਰੂ ਹਰਿ ਰਾਏ ਖਾਲਸਾ ਸਕੂਲ ਦੁਸਾਂਝ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਕਾਲੇਵਾਲ ਲੱਲੀਆਂ ਵਿਖੇ ਲੱਗ ਰਹੀ ਵੀਰਾਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਦੇ ਗੁਰਦੁਆਰਾ ਬਾਬੇ ਸ਼ਹੀਦਾਂ ਚੱਕ ਖੁਰਦ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਵਿਖੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਬੀਬੀਆਂ ਦੀ ਲੱਗ ਰਹੀ ਗੁਰਮਤਿ ਕਲਾਸ।



ਕੇਂਦਰ ਪਰਿੰਗੜੀ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।




ਪਿਛਲੇ ਦਿਨੀ ਸ. ਮੰਗਤ ਸਿੰਘ 'ਰਾਹੀ' ਜੀ ਦੀ ਨਵੀਂ ਪੁਸਤਕ 'ਗੁਰਬਾਣੀ ਅਨੁਸਾਰ ਮਨੁੱਖੀ ਮਨ' ਦੀ ਘੁੰਡ ਚੁਕਾਈ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਕੀਤੀ ਗਈ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

ਪੰਜਾਬ ਪਿਛਲੇ 3 ਮਹੀਨੇ ਤੋਂ ਗੰਭੀਰ ਹੜ੍ਹਾਂ ਦੀ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ। ਪਿਛਲੇ ਸਾਲਾਂ ਦੌਰਾਨ ਆਏ ਹੜ੍ਹਾਂ ਦੌਰਾਨ ਵੀ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਸਮਰੱਥਾ ਮੁਤਾਬਕ ਲੋਕਾਂ ਦੀ ਸੇਵਾ ਕੀਤੀ ਗਈ। ਇਸ ਵਾਰ ਵੀ ਕਾਲਜ ਵਲੋਂ ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਕਾਲਜ ਦੀ ਟੀਮ ਨੇ ਪਿੰਡ ਕਿਲਚੇ (ਫਿਰੋਜ਼ਪੁਰ) ਵਿਖੇ 15 ਸਤੰਬਰ 2025 ਨੂੰ ਮੈਡੀਕਲ ਕੈਂਪ ਲਗਾਇਆ ਜਿਸ ਵਿੱਚ ਪਿੰਡ ਵਾਸੀਆਂ ਨੂੰ ਮੁਫਤ ਦਵਾਈਆਂ ਦਿਤੀਆਂ ਗਈਆਂ ਅਤੇ ਉਨ੍ਹਾਂ ਦੇ ਜ਼ਖਮਾਂ ਦਾ ਇਲਾਜ ਕੀਤਾ ਗਿਆ। ਇਸ ਦੇ ਨਾਲ ਹੀ ਰਾਹਤ ਕੈਂਪ ਦੇ ਲਈ ਹੋਰ ਰਾਸ਼ਨ ਵੀ ਲਿਆਂਦਾ ਗਿਆ, ਜਿਸ ਨਾਲ ਲੰਗਰ ਦੀ ਸੇਵਾ ਪਹਿਲੇ ਨਾਲੋਂ ਵੀ ਹੋਰ ਵੱਧ ਕੇ ਕੀਤੀ ਜਾਵੇਗੀ। ਇਸ ਤੋਂ ਇਲਾਵਾ ਫਸਲਾਂ ਬਰਬਾਦ ਹੋ ਚੁੱਕੀਆਂ ਹਨ। ਕਈਆਂ ਦਾ ਜਾਨੀ ਮਾਲੀ ਨੁਕਸਾਨ ਵੱਡੀ ਪੱਧਰ ’ਤੇ ਹੋਇਆ ਹੈ। ਪਸ਼ੂ ਧਨ ਵੀ ਹੜ੍ਹਾਂ ਵਿਚ ਹੜ੍ਹ ਚੁੱਕਾ ਹੈ। ਸਾਨੂੰ ਇਸ ਪਾਸੇ ਵੀ ਜ਼ਰੂਰ ਸੋਚਣਾ ਚਾਹੀਦਾ ਹੈ।











